Digitized by Arya Samaj Foundation Chennai and eGangotri



ਤਮੀਰੀਯਾਜ਼ੇਵ

ਸਾਂਝਾ ਖੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ओ३म्

पुस्तक संख्या...... ५३५/२

पञ्जिका संख्या...... ३०८१५

पुस्तक पर सर्व प्रकार की निशानियां लगाना वर्जित है। कोई सज्जन पन्द्रह दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਨਸਤੈਂਤਿਨ ਵਿਨੋਕੁਰੋਵ
ਸੰਪਾਦਿਕ, ਖੇਤੀ-ਬਾੜੀ ਵਿਭਾਗ
"ਲਿਟਰੇਤੁਰਨਾਯਾ ਗਜ਼ੇਟਾ"

Kishan... 30-6-58
53 ਪ
30-6-58

੬੪ ਹਜ਼ਾਰਾਂ ਵਿਚੋਂ ਇਕ

ਤਮੀਰੀਯਾਜ਼ੇਵ

ਸਾਂਝਾ ਖੇਤ

ਇਕ ਰੀਪੋਰਟਰ ਦੀ ਨੋਟ-ਬੁਕ)

CHECKED 1973
Initial
ਸਟਾਕ ... -੪-੧੯੮੪

: ਪ੍ਰਕਾਸ਼ਕ :

ਨੁਮਾਇੰਦਾ ਤਾਸ ਮੁਕੀਮ ਹਿੰਦ

ਨਵੀਂ ਦਿੱਲੀ : ੧੯੫੪

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਮਤ ੪ ਆਨੇ

ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਚੀ

੧. ਭੂਮਕਾ

੨. ਵੋਲਗਾ ਦੇ ਕੰਢਿਆਂ ਤੇ ੯

੩. ਬੀਤੇ ਨੂੰ ਫੇਰਾ ੧੩

੪. ਇਕ ਨਵੇਂ ਜੀਵਨ ਦਾ ਜਨਮ ੧੭

੫. ਸਾਂਝਾ ਕਿਸਾਨ ਸਾਂਝੇ ਖੇਤ ਦਾ ਮਾਲਕ ਹੈ ੨੨

੬. ਸੁਰਜੀਤ ਧਰਤੀ ੩੨

੭. ਮਿਹਨਤ ਦੀ ਮਾਅਕੂਲ ਜਥੇਬੰਦੀ ੪੩

੮. ਪਸ਼ੂ-ਪਾਲਣਾ ੪੮

੯. ਸਹਾਇਕ ਅਦਾਰੇ ੬੩

੧੦. ਮਸ਼ੀਨ ਤੇ ਟਰੈਕਟਰ ਸਟੇਸ਼ਨ ਦੀ ਸੇਵਾ ੬੬

੧੧. ਇਕ ਲਖ ਪਤੀ ੭੩

੧੨. "ਅਸੀਂ ਕੰਮ ਕਰਦੇ ਗਾਉਂਦੇ ਹਾਂ" ੭੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੩. ਦਸਾਂ ਬਚਿਆਂ ਵਾਲਾ ਤੂਮਾਨੋਵ ਟੱਬਰ ੮੩
੧੪. ਸਾਂਝੇ ਖੇਤ ਦੇ ਜੀਵਨ ਦੀਆਂ
ਅਨੋਖੀਆਂ ਝਾਕੀਆਂ ੯੮
੧੫. ਕਲੱਬ ੧੦੫
੧੬. ਪਿੰਡ ਦੇ ਅਥਲੀਟ ੧੧੯
੧੬. ਭਵਿਖ ਵਿਚ ਇਕ ਝਾਤ ੧੨੪

ਟਾਈਟਲ ਦੀ ਤਸਵੀਰ:—ਖੁਦ-ਕਾਰ ਕੰਬਾਇਨ ਮਸ਼ੀਨ ਅਨਾਜ ਦੀ ਵਾਢੀ ਤੇ ਸਬੰਧਤ ਧੰਦੇ ਸਿਰੇ ਚੜ੍ਹਾ ਰਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਲਿਖਾਰੀ, ਜਿਹੜਾ ਇਕ ਸੋਵੀਅਤ ਸਾਂਝੇ ਖੇਤ ਬਾਰੇ ਲਿਖਣਾ ਜ਼ਿਮੇਂ ਲੈਂਦਾ ਹੈ, ਉਹਨੂੰ ਇਕ ਵੱਡੇ ਔਖੇ ਮਸਲੇ—ਚੋਣ ਦੇ ਮਸਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਕਿਹੜਾ ਸਾਂਝਾ ਖੇਤ ਚੁਣੇ ? ਸੋਵੀਅਤ ਯੂਨੀਅਨ ਵਿਚ ੯੪,੦੦੦ ਸਾਂਝੇ ਖੇਤ ਹਨ । ਦੇਸ ਦਾ ਦੌਰਾ ਕਰਦਿਆਂ ਮੈਂ ਵਖ ਵਖ ਇਲਾਕਿਆਂ ਤੇ ਭੂਗੋਲਕ ਹਾਲਤਾਂ ਵਿਚ ਕਿੰਨੇ ਹੀ ਸਾਂਝੇ ਖੇਤਾਂ ਦਾ ਜੀਵਨ ਤੇ ਕੰਮ ਵੇਖਿਆ । ਸੋਵੀਅਤ ਸਾਂਝੇ ਖੇਤਾਂ ਦੀਆਂ ਜਿੱਤਾਂ ਤੇ ਉਹਨਾਂ ਵਲੋਂ ਵਰਤੇ ਜਾ ਰਹੇ ਕੰਮ ਦੇ ਢੰਗ ਬੜੇ ਦਿਲਚਸਪ ਹਨ, ਇਹਨਾਂ ਦੇ ਉਚੇਚੇ ਦਿਲਚਸਪ ਹੋਣ ਦਾ ਕਾਰਨ ਇਹ ਹੈ ਕਿ ਉਹ ਆਪ ਨਵੀਨ ਸਮਾਜ ਦੇ ਵਿਕਾਸ ਵਿਚ ਇਕ ਅਨੋਖੀ ਦੇਣ ਦੀ ਹਸੀਅਤ ਰਖਦੇ ਹਨ । ਸਾਂਝੇ ਖੇਤ ਦੀਆਂ ਜਿੱਤਾਂ ਉਹਨਾਂ ਸਾਰੇ ਵਿਚਾਰਾਂ ਤੋਂ ਅਗੇ ਲੰਘ ਜਾਂਦੀਆਂ ਹਨ, ਜਿਹੜੇ ਸੋਵੀਅਤਾਂ ਦੀ ਧਰਤੀ ਤੋਂ ਨਾ-ਵਾਕਫ਼ ਲੋਕਾਂ ਦੇ ਸੋਸ਼ਲਿਜ਼ਮ ਹੇਠ ਖੇਤ ਮਜ਼ਦੂਰੀ ਦੀਆਂ ਸੰਭਾਵਨਾਵਾਂ ਬਾਰੇ ਹੁੰਦੇ ਹਨ ।

ਮੈਂ ਚੇਤੇ ਕਰਨਾ ਚਾਹੁੰਦਾ ਹਾਂ ਕਿ ਸੰਨ ੧੯੨੬—੨੭ ਤੋਂ ਸੰਨ ੧੯੫੨—੫੩ ਤਕ, ਉਸ ਇਕ ਸਦੀ ਦੀ ਚੌਥਾਈ ਵਿਚ, ਜਿਨ੍ਹੇ ਦੂਜੀ ਸੰਸਾਰ ਜੰਗ ਤੇ ਉਹਦੀਆਂ ਤਬਾਹੀਆਂ ਵੇਖੀਆਂ, ਸੋਵੀਅਤ ਯੂਨੀਅਨ ਨੇ ਖੇਤੀ ਬਾੜੀ ਦੀ ਪੈਦਾਵਾਰੀ ਸ਼ਕਤੀ ਵਧਾਣ ਦੇ ਖੇਤਰ ਵਿਚ ਬਹੁਤ ਤਰੱਕੀ ਕੀਤੀ ਹੈ । ਵਿਕਰੀ ਲਈ ਖੇਤੀ ਬਾੜੀ ਦੀ ਉਪਜ ਇਸ ਪ੍ਰਕਾਰ ਵਧ ਚੁਕੀ ਹੈ : ਅਨਾਜ—੩੦੦ ਫ਼ੀ ਸਦੀ, ਮਾਸ—(ਜਿਊਂਦਿਆਂ ਵਜ਼ਨ) ੧੦੦ ਫ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਦੀ, ਦੁਧ—੨੦੦ ਫ਼ੀ ਸਦੀ । ਸਾਂਝੇ ਖੇਤਾਂ ਨੇ ਕਪਾਹ, ਸ਼ਕਰ ਕੰਦੀ, ਤੇ ਹੋਰ ਅਹਿਮ ਸਨਅਤੀ ਫਸਲਾਂ ਦੀ ਪੈਦਾਵਾਰ ਵਧਾਣ ਵਿਚ ਵੀ ਜਿਹੜੀਆਂ ਜਿੱਤਾਂ ਪ੍ਰਪਾਤ ਕੀਤੀਆਂ ਹਨ, ਉਹ ਇਹਨਾਂ ਤੋਂ ਵੀ ਮਹਾਨ ਹਨ ।

ਇਹਦੇ ਬਾਵਜੂਦ ਵੀ, ਸੋਵੀਅਤ ਯੂਨੀਅਨ ਵਿਚ ਸਮਝਿਆ ਜਾਂਦਾ ਹੈ ਕਿ ਸਾਂਝੇ ਖੇਤ ਅਜੇ ਤਕ ਸਾਂਝੇ-ਖੇਤ ਨਜ਼ਾਮ ਦੇ ਆਪਣੇ ਖਾਸੇ ਵਿਚਲੀਆਂ ਮਹਾਨ ਸੰਭਾਵਨਾਵਾਂ ਤੋਂ ਪੂਰਾ ਲਾਭ ਨਹੀਂ ਉਠਾ ਰਹੇ । ਸੰਨ ੧੯੫੩ ਦੀ ਪਤ-ਝੜ ਤੇ ੧੯੫੪ ਦੀ ਬਸੰਤ ਰੁਤੇ, ਖੇਤੀ ਬਾੜੀ ਦੀ ਹੋਰ ਤਰੱਕੀ ਲਈ ਨਵੇਂ ਕਦਮ ਚੁਕੇ ਗਏ ਹਨ । ਵਿਸ਼ੇਸ਼ ਤੌਰ ਤੇ ਖੇਤ ਮਜ਼ਦੂਰੀ ਨੂੰ ਮਸ਼ੀਨੀ ਬਣਾਨ ਦੇ ਕੰਮ ਨੂੰ ਹੋਰ ਅਗੇ ਲਜਾਣ ਤੇ ਦੋ ਵਰ੍ਹਿਆਂ ਦੇ ਦੌਰਾਨ ਵਿਚ ਦੇਸ ਦੇ ਪੂਰਬ ਵਿਚ ੭ ਕਰੋੜ ੫੦ ਹਜ਼ਾਰ ਏਕੜ ਕੰਵਾਰੀ ਜ਼ਮੀਨ ਨੂੰ ਵਾਹੀ ਯੋਗ ਬਣਾਨ ਲਈ ਕਾਰਵਾਈ ਕੀਤੀ ਗਈ ਹੈ । ਇਸ ਸਭ ਕਾਸੇ ਦਾ ਮਨੋਰਥ ਥੋੜੀ ਜਹੀ ਮਿਆਦ ਵਿਚ ਜ਼ਰਾਇਤੀ ਪੈਦਾਵਾਰ ਦੀ ਬਹੁਲਤਾ ਕਰ ਦੇਣਾ ਤੇ ਸਾਂਝੇ-ਖੇਤਾਂ ਦੀ ਕਿਰਸਾਣੀ ਲਈ ਹੋਰ ਉਚੇਰਾ ਜੀਵਨ-ਮਿਆਰ ਹਾਸਲ ਕਰਨਾ ਹੈ ।

ਅੰਦਾਜ਼ਾ ਲਾਇਆ ਗਿਆ ਹੈ ਕਿ ਜੇ ਸੋਵੀਅਤ ਯੂਨੀਅਨ ਦੇ ਸਾਰੇ ਸਾਂਝੇ ਖੇਤ, ਪੈਦਾਵਾਰ, ਫਸਲਾਂ ਦੀ ਉਪਜ ਤੇ ਪਸ਼ੂਆਂ ਦੀ ਪੈਦਾਵਾਰੀ ਸ਼ਕਤੀ ਨੂੰ ਉੱਨਤ ਸਾਂਝੇ ਖੇਤਾਂ ਦੀ ਹੁਣੇ ਹੀ ਹਾਸਲ ਕਰ ਲਈ ਹੋਈ ਪੱਧਰ ਤੇ ਲੈ ਆਉਣ, ਤਾਂ ਖੁਰਾਕ ਦੀ ਬਹੁਲਤਾ ਹੋ ਜਾਏਗੀ ਤੇ ਦੇਸ ਇਸ ਹਾਲਤ ਵਿਚ ਹੋ ਜਾਏਗਾ ਕਿ ਉਹ ਵਸੋਂ ਨੂੰ ਹਰ ਉਹ ਚੀਜ਼ ਦੇ ਸਕੇ, ਜਿਹੜੀ ਖੁਰਾਕ ਦੇ ਵਗਿਆਨਕ ਮਿਆਰਾਂ ਅਨੁਸਾਰ ਲੰਮੀ ਜ਼ਿੰਦਗੀ ਲਈ ਤੇ ਮਨੁਖੀ ਸਰੀਰਕ-ਬਣਤਰ ਦੇ ਇਕ-ਸੁਰ ਵਿਕਾਸ ਲਈ ਜ਼ਰੂਰੀ ਹੈ ।

ਮੈਨੂੰ ਇੰਜ ਲਗਿਆ ਕਿ ਪਾਠਕ ਨੂੰ ਇਕ ਪਛੜੇ ਹੋਏ ਜਾਂ ਔਸਤ ਸਾਂਝੇ ਖੇਤ ਨਾਲੋਂ ਇਕ ਉੱਨਤ ਸਾਂਝੇ ਖੇਤ ਵਿਚ ਵਧੇਰੀ ਦਿਲਚਸਪੀ ਹੋਵੇਗੀ । ਪਰ ਏਥੇ ਵੀ ਮੈਨੂੰ ਇਕ ਹੋਰ ਮਸਲਾ ਆਣ ਪਿਆ । ਮੈਨੂੰ ਅਫ਼ਸੋਸ ਹੋਇਆ ਸੀ, ਜਦੋਂ ਮੈਂ ਸੋਵੀਅਤ ਯੂਨੀਅਨ ਦੇ ਰਵਾਇਤੀ ਅਨ-ਭੜੋਲਿਆਂ, ਕਿਊਬਾਨ ਤੇ ਯੁਕਰੇਨ ਦੇ ਕਾਲੀ ਮਿੱਟੀ ਵਾਲੇ ਇਲਾਕਿਆਂ, ਸਤੈਵਰੋਪੋਲ ਖਿੱਤੇ, ਮਧ-ਵੋਲਗਾ ਤੇ ਸਾਇਬੇਰੀਆ ਦੇ ਕਿੰਨੇ ਹੀ ਸ਼ਾਨਦਾਰ ਸਾਂਝੇ ਖੇਤਾਂ ਨੂੰ ਆਪਣੀ ਸੂਚੀ ਵਿਚੋਂ ਕਟ ਦਿਤਾ । ਮੇਰੀ ਨਜ਼ਰ ਤਮੀਰੀਯਾਜ਼ਵ ਸਾਂਝੇ ਖੇਤ ਤੇ ਪਈ, ਜਿਹੜਾ ਗੋਰਕੀ ਖੰਡ ਵਿਚ ਪਿਛਲੇ ਵੀਹਾਂ ਵਰ੍ਹਿਆਂ ਤੋਂ ਚਲ ਰਿਹਾ ਸੀ, ਇਕ ਅਜਿਹੇ ਇਲਾਕੇ ਵਿਚ, ਜਿਥੇ "ਹਾਨੀਕਾਰਕ" ਕੁਦਰਤੀ ਹਾਲਤਾਂ ਸਨ । ਸਿਰਫ਼ ਖੇਤੀ ਨੂੰ ਸਾਂਝੀਆਂ ਲੀਹਾਂ ਤੇ ਪਾਣ ਨਾਲ ਹੀ ਇਹ ਇਕ "ਖਾਊ" ਇਲਾਕੇ ਤੋਂ ਇਕ ਉਗਾਊ ਇਲਾਕਾ ਬਣਾਇਆ ਜਾ ਸਕਿਆ, ਜਿਹੜਾ ਅਨਾਜ ਤੇ ਹੋਰਨਾਂ ਅਹਿਮ ਜ਼ਰਾਇਤੀ ਫਸਲਾਂ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਕਾਬਲ ਹੋ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕਿਤਾਬ ਵਿਚ ਮੈਂ ਤੁਹਾਨੂੰ ਉਹਨਾਂ ਕਿਸਾਨਾਂ ਦਾ ਹਾਲ ਦਸਣਾ ਚਾਹੁਦਾ ਹਾਂ, ਜਿਹੜੇ ਇਕ ਅਜਿਹੇ ਇਲਾਕੇ ਵਿਚ ਸਾਂਝੀ ਵਾਹੀ ਕਰ ਰਹੇ ਹਨ, ਜਿਥੇ ਜ਼ਮੀਨ ਮਾੜੀ ਹੈ ਤੇ ਇਹਨੂੰ ਦਿਆਲੂ ਬਣਾਨ ਲਈ ਕਾਫ਼ੀ ਮਿਹਨਤ ਦੀ ਲੋੜ ਹੈ।

ਮੈਂ ਤਮੀਰੀਯਾਜ਼ੇਵ ਸਾਂਝੇ ਖੇਤ ਦੀ ਮਿਸਾਲ ਨੂੰ ਇਸ ਲਈ ਵਰਤਣਾ ਚਾਹੁੰਦਾ ਹਾਂ ਤਾਂ ਜੋ ਪਾਠਕ ਅੰਦਾਜ਼ਾ ਲਾ ਸਕਣ ਕਿ ਸੋਵੀਅਤ ਸਾਂਝੇ ਕਿਸਾਨਾਂ ਦੇ ਜੀਵਨ ਤੇ ਕੰਮ ਦੇ ਸਭ ਤੋਂ ਜ਼ਰੂਰੀ ਵਿਸ਼ੇਸ਼ ਲੱਛਣ ਕੀ ਹਨ, ਤੇ ਉਹ ਸੋਸ਼ਲਿਸਟ ਸਟੇਟ ਤੇ ਨਵੀਨ ਸਾਇੰਸ ਤੇ ਐਂਜਿਨੀਅਰੀ ਦੀ ਸਹਾਇਤਾ ਸਦਕਾ ਕਿਹੜੀਆਂ ਲਾਭਵੰਦ ਜਿੱਤਾਂ ਹਾਸਲ ਕਰ ਚੁਕੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੋਲਗਾ ਦੇ ਕੰਢਿਆਂ ਤੇ

ਮੈਂ ਗੋਰਕੀ ਤੋਂ ਇਕ ਜਹਾਜ਼ ਵਿਚ ਚੜ੍ਹਿਆ ਤੇ ਜਹਾਜ਼ ਤੇ ਡੂੰਘੇ ਵੋਲਗਾ ਵਿਚ ੩੧ ਮੀਲ ਰਹਿਕੇ ਗੋਰੋਦਤਸ ਦੇ ਜ਼ਿਲੇ ਕੇਂਦਰ ਪੁਜਿਆ। ਏਥੋਂ ਮੈਂ ਕਾਰ ਵਿਚ ਤਮੀਰੀਯਾਜ਼ੇਵ ਸਾਂਝੇ ਖੇਤ ਗਿਆ। ਅਸੀਂ ਪਹਾੜੀਆਂ ਤੇ ਘਾਟੀਆਂ ਨਾਲ ਅਟੇ ਇਕ ਟੁਟੇ ਇਲਾਕੇ ਵਿਚੋਂ ਲੰਘੇ। ਸੜਕ ਕਦੀ ਉਤਾਂਹ ਚੜ੍ਹ ਜਾਂਦੀ ਤੇ ਫਿਰ ਵੋਲਗਾ ਦੀ ਵਿਸ਼ਾਲ ਵਾਦੀ ਵਿਚ ਹੇਠ ਉਤਰ ਆਉਂਦੀ। ਖੇਤਾਂ ਦੁਆਲੇ ਬਰਚ ਤੇ ਸਨੋਬਰ ਰੁਖ ਤੇ ਜੰਗਲੀ ਝਾੜੀਆਂ ਸਨ। ਚੁਫੇਰੇ ਮੀਲਾਂ ਤਕ ਦਲਦਲੀ ਕੋਲੇ ਦਾ ਪਾਸਾਰ ਸੀ ਤੇ ਸੰਘਣੀਆਂ ਖ਼ੁਸ਼ਬੂਦਾਰ ਘਾਹਾਂ ਵਾਲੀਆਂ ਚਰਾਂਦਾਂ ਵਿਛੀਆਂ ਹੋਈਆਂ ਸਨ।

ਆਲੇ ਦੁਆਲੇ ਵੇਖਦਿਆਂ ਮੈਂ ਇਨਕਲਾਬੋਂ-ਪਹਿਲੇ ਰੂਸੀ ਲਿਖਾਰੀ ਮੈਲਨੀਕੋਵ–ਪੇਕਰਸਕੀ ਨੂੰ ਚੇਤੇ ਕੀਤਾ, ਜਿਸ ਨੇ ਇਹ ਇਲਾਕਾ ਘੋਖਿਆ ਸੀ। ਉਹਨੇ ਸ਼ਿਕਾਇਤ ਕੀਤੀ ਸੀ: "ਜ਼ਮੀਨ ਠੰਡੀ, ਰੇਤਲੀ ਤੇ ਮਾੜੀ ਹੈ; ਇਹ ਵਾਹੀ ਦੇ ਯੋਗ ਨਹੀਂ।" ਇਲਾਕੇ ਨੂੰ ਕਣਕ ਤੇ ਫਲਦਾਰ ਚਮਨਾਂ ਦੀ ਕਾਸ਼ਤ ਦੇ ਕਾਬਲ ਨਹੀਂ ਸਮਝਿਆ ਜਾਂਦਾ ਸੀ। ਘਟ ਮਲ੍ਹੜ ਤੇ ਗਲੇਸ਼ਰੀ ਵੇਲੇ ਦੇ ਰਹਿੰਦ ਖੂੰਹਦ—ਪਥਰਾਂ ਤੇ ਚਟਾਨਾਂ ਨਾਲ ਅਟੀ ਹੋਈ ਸੁਆਹ-ਭਰੀ ਜ਼ਮੀਨ ਸੀ। ਇਸ ਜ਼ਮੀਨ ਵਿਚੋਂ ਚੰਗੀ ਫਸਲ ਉਗਾਣ ਲਈ ਸਖ਼ਤ ਮਿਹਨਤ ਦੀ ਲੋੜ ਹੈ, ਭਾਵੇਂ ਆਬੋਹਵਾ ਕਈ ਤਰ੍ਹਾਂ ਸੁਖਾਵੀਂ ਹੈ। ਦੇਸ਼ ਦੇ ਇਨ੍ਹਾਂ ਹਿਸਿਆਂ ਵਿਚ ਸੋਕਾ ਨਹੀਂ ਪੈਂਦਾ। ਕਣਕ, ਰਈ, ਸਣ, ਆਲੂ, ਸਬਜ਼ੀਆਂ ਤੇ ਹੋਰ ਫ਼ਸਲਾਂ ਉਗਾਣ ਲਈ ਕਾਫ਼ੀ ਵੱਤਰ ਹੁੰਦਾ ਹੈ। ਗਰਮੀਆਂ ਵਿਚ ਗਰਮੀ ਬਹੁਤੀ ਨਹੀਂ ਪੈਂਦੀ। ਸਭ ਤੋਂ ਗਰਮ ਮਹੀਨੇ, ਜੁਲਾਈ ਵਿਚ, ਪਾਰਾ ੨੦° ਸੈਂਟੀਗਰੇਡ ਤੋਂ ਘਟ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਤ ਉਠਦਾ ਹੈ ਤੇ ਭਾਵੇਂ ਸਰਦੀਆਂ ਠੰਡ ਵ ਲੀਆਂ ਹੁੰਦੀਆਂ ਹਨ, ਬਰਫ਼ ਬਾਰੀ ਚੋਖੀ ਹੁੰਦੀ ਹੈ।

ਪੁਰਾਣੇ ਸਾਹਿੱਤ ਦੀਆਂ ਯਾਦਾਂ ਦੇ ਉਪਜਾਏ ਅਹਿਸਾਸ ਸੁਚੱਜ ਨਾਲ ਵਾਹੇ ਖੇਤ, ਨਿਮੀ ਪੌਣ ਵਿਚ ਸਾਗਰ ਵਾਂਗ ਲਹਿਰਾਂਦੀ ਭਾਰੇ ਸਿਟਿਆਂ ਵਾਲੀ ਕਣਕ ਵੇਖ ਅਲੋਪ ਹੋ ਗਏ, ਚਰਾਂਦਾਂ ਵਿਚੋਂ ਆ ਰਹੀ ਸਜਰੇ ਘਾਹ ਦੀ ਮਹਿਕ ਨਸ਼ਿਆ ਦੇਂਦੀ ਸੀ। ਸਜਰੀਆਂ ਸਬਜ਼ੀਆਂ ਨਾਲ ਲੱਦੇ ਟਰੱਕ ਤੇ ਬੇਰੀ ਫਲਾਂ ਨਾਲ ਭਰੀਆਂ ਟੋਕਰੀਆਂ ਸਾਨੂੰ ਰਾਹ ਵਿਚ ਮਿਲੀਆਂ।

ਗੋਰੋਦਤਸ ਤੋਂ ੫ ਮੀਲ ਅਗੇ ਸੜਕ ਇਕ ਸਿਧੀ ਪਹਾੜੀ ਤੇ ਚੜ੍ਹ ਗਈ। ਖਬੇ ਪਾਸੇ ਵੋਲਗਾ ਦੀਆਂ ਹੜ੍ਹਿਆਲੀਆਂ ਜ਼ਮੀਨਾਂ ਦਾ ਦ੍ਰਿਸ਼ ਸੀ, ਸਜੇ ਪਾਸੇ ਖੇਤ ਵਿਛੇ ਹੋਏ ਸਨ, ਤੇ ਸਾਡੇ ਸਾਹਮਣੇ ਤਮੀਰੀਯਾਜ਼ੇਵ ਸਾਂਝੇ ਖੇਤ ਦਾ ਕੇਂਦਰੀ ਹਿੱਸਾ, ਯਾਸਨਾਯਾ ਪੋਲਯਾਨਾ ਸੀ। ਮੇਰਾ ਧਿਆਨ ਇੱਟਾਂ ਦੀਆਂ ਬਣੀਆਂ ਉੱਚੀਆਂ ਇਮਾਰਤਾਂ ਵਲ ਖਿਚਿਆ ਗਿਆ। ਉਹ ਕਿੰਨੀਆਂ ਸਾਰੀਆਂ ਹੀ ਸਨ। ਹਵਾ ਨਾਲ ਚਲਣ ਵਾਲੇ ਪੰਪ ਵਾਲਾ ਇਕ ਵਡਾ ਪਾਣੀ-ਮੁਨਾਰਾ ਦੂਰ ਅਗੇ ਪਲਮ ਆਇਆ ਸੀ। ਇਹਦੇ ਅਗੇ ਅਗਨ-ਮੁਨਾਰਾ ਸੀ, ਜਿਦ੍ਹੇ ਉਤੇ ਵੇਖ ਭਾਲ ਦੀ ਚੌਕੀ ਸੀ, ਤੇ ਇਸ ਤੋਂ ਪਰ੍ਹਾਂ ਬਿਜਲੀ ਘਰ ਸੀ।

ਅਸੀਂ ਇਕ ਨੀਲੇ ਗੇਟ ਵਿਚੋਂ ਲੰਘ ਯਾਸਨਾਯਾ ਪੋਲਯਾਨਾ ਵਿਚ ਆਣ ਵੜੇ, ਗੇਟ ਉਤੇ "ਜੀ ਆਇਆਂ ਨੂੰ" ਤੇ "ਕੇ. ਏ. ਤਮੀਰੀ-ਯਾਜ਼ੇਵ ਸਾਂਝਾ ਖੇਤ" ਲਿਖੇ ਹੋਏ ਸਨ। ਸਾਂਝੇ ਖੇਤ ਦਾ ਦਫ਼ਤਰ ਬੇ-ਓੜਕ ਸਰਸਬਜ਼ਗੀ ਨਾਲ ਘਿਰਿਆ ਹੋਇਆ ਸੀ। ਫਾਟਕ ਤੇ ਇਕ ਸ਼ੀਸ਼ੇ ਦੇ ਕੇਸ ਵਿਚ ਰੂਸੀ ਸਾਇੰਸਦਾਨ ਕਲੀਮੈਂਟ ਆਰਕਾਦਯੇ-ਵਿਚ ਤਮੀਰੀਯਾਜ਼ੇਵ ਦੀ ਤਸਵੀਰ ਲਗੀ ਹੋਈ ਸੀ। ਦਫ਼ਤਰ ਤੋਂ ਥੋੜੀ ਜਹੀ ਵਿਥ ਤ ਇਕ ਹੋਟਲ ਸੀ ਤੇ ਕੋਈ ਪੰਜਾਹ ਫੁਟ ਅਗੇ ਕਲੱਬ ਸੀ। ਹਾਈ ਸਕੂਲ, ਦਵਾ ਖ਼ਾਨਾ ਤੇ ਜ਼ਚਾ ਖ਼ਾਨਾ ਵੀ ਨੇੜੇ ਸਨ। ਕੇਂਦਰੀ ਚੌਂਕ ਤੋਂ ਨਿਕਲ ਰਹੀਆਂ ਸੜਕਾਂ ਸਿਧੀਆਂ ਤੇ ਸਾਫ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਂਝੇ ਖੇਤ ਦਾ ਦਫ਼ਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਥਰੀਆਂ ਸਨ। ਘਰਾਂ ਅਗੇ ਬਾਗ ਸਨ ਤੇ ਹਰ ਘਰ ਵਿਚ ਬਿਜਲੀ ਤੇ ਰੇਡੀਉ ਲਗੇ ਹੋਏ ਸਨ। ਪਸ਼ੂ-ਪਾਲਣਾ ਦੀਆਂ ਥਾਂਵਾਂ, ਆਟੇ ਦੀ ਮਿਲ, ਮਸ਼ੀਨ ਦੀ ਮੁਰੰਮਤ ਦੀਆਂ ਸ਼ਾਪਾਂ, ਅਨ-ਭੜੋਲੇ ਤੇ ਦਾਣੇ ਸੁਕਾਣ ਦੀਆਂ ਥਾਵਾਂ ਬਾਹਰਵਾਰ ਸਨ ਤੇ ਪਹਾੜੀ ਦੇ ਦਖਨੀ ਢਲਾਣ ਤੇ ਗਰਮ ਖਾਨਿਆਂ ਅਤੇ ਫਰੇਮਾਂ ਤੋਂ ਪਰ੍ਹਾਂ ਸਾਂਝੇ ਖੇਤ ਦਾ ਵਡਾ ਫਲਦਾਰ ਚਮਨ ਸੀ।

ਯਾਸਨਾਯਾ ਪੋਲਯਾਨਾ ਦਾ ਇਹ ਸਿਧਾ ਜਿਹਾ ਮੁਹਾਂਦਰਾ ਹੈ, ਜਿਦ੍ਹੀ ਬੁਨਿਆਦ ਪਿਛੇ ਤੀਹਾਂ ਵਿਚ ਰਖੀ ਗਈ ਸੀ। ਇਹਦੇ ਦੁਆਲੇ ੩੪ ਨਿਕੇ ਨਿਕੇ ਪਿੰਡਾਂ ਦਾ ਝੁਰਮਟ ਹੈ, ਜਿਨ੍ਹਾਂ ਵਿਚ ਦਸ ਦਸ ਪੰਦਰਾਂ ਪੰਦਰਾਂ ਘਰ ਹਨ। ਉਹ ਮੁਖ ਪਿੰਡ ਤੋਂ ਡੇਢ ਕੁ ਮੀਲ ਦੇ ਫਾਸਲੇ ਤੇ ਹਨ। ਇਹਨਾਂ ਪਿੰਡਾਂ ਵਿਚ ਵੀ ਬਿਜਲੀ ਤੇ ਰੇਡੀਉ ਹਨ। ਇਹਨਾਂ ਨੂੰ ਲਗਾਤਾਰ ਉੱਨਤ ਕੀਤਾ ਜਾ ਰਿਹਾ ਹੈ। ਪੁਰਾਣੇ ਪਿੰਡ ਦੀਆਂ ਇਕੋ ਇਕ ਯਾਦਗਾਰਾਂ—ਮਿਆਦ-ਲੰਘੀਆਂ ਖਸਤਾ ਇਮਾਰਤਾਂ ਘਟ ਹੀ ਨਜ਼ਰ ਪੈਂਦੀਆਂ ਹਨ।

ਮੈਂ ਪੁਰਾਣੇ ਜੀਵਨ ਤੇ ਇਹਨਾਂ ਹਿਸਿਆਂ ਦੇ ਇਤਿਹਾਸ ਬਾਰੇ ਗੋਰੋਦਤਸ ਦੇ ਨਿਕੇ ਜਿਹੇ ਅਜਾਇਬ ਘਰ ਵਿਚੋਂ ਚੰਗਾ ਚੋਖਾ ਜਾਣ ਲਿਆ, ਜਿਥੇ ਮੈਂ ਤਮੋਰੀਯਾਜ਼ੇਵ ਸਾਂਝੇ ਖੇਤ ਨੂੰ ਆਉਂਦਿਆਂ ਥੋੜਾ ਚਿਰ ਠਹਿਰਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੀਤੇ ਨੂੰ ਫੇਰਾ

ਅਜਾਇਬ ਘਰ ਵਿਚੋਂ ਮੈਨੂੰ ਉਹ ਮਸਾਲਾ ਮਿਲਿਆ, ਜਿਹੜਾ ਪੁਰਾਣੇ ਦਿਨਾਂ ਵਿਚ ਸਥਾਨਕ ਕਿਸਾਨਾਂ ਦੇ ਜੀਵਨ ਉਤੇ ਰੋਸ਼ਨੀ ਪਾਂਦਾ ਸੀ। ਬੁਢਿਆਂ ਦੀਆਂ ਕਹਾਣੀਆਂ ਤੇ ਸਥਾਨਕ ਮਰਦਮ ਸ਼ੁਮਾਰੀ ਦੇ ਸਮੇਂ-ਛਿਜੇ ਰੀਕਾਰਡਾਂ ਤੇ ਇਨਕਲਾਬੋਂ ਪਹਿਲਾਂ ਦੇ ਅੰਕੜਿਆਂ ਨੇ ਮੇਰੀਆਂ ਅੱਖਾਂ ਸਾਹਮਣੇ ਪੁਰਾਣੇ ਰੂਸੀ ਪਿੰਡ ਦੀ ਝਾਕੀ ਲੈ ਆਂਦੀ—ਇਕ ਵੀਰਾਨ, ਉਜੜੇ ਤੇ ਭੁਖ-ਲਿਤਾੜੇ ਪਿੰਡ ਦੀ ਝਾਕੀ। ਮੈਂ ਇਸ ਅਸਲ ਦੀ ਤਸਵੀਰ, ਇਕ ਸਥਾਨਕ ਜਵਾਨ ਕਲਾਕਾਰ ਆਂਦਰੀ ਕੋਜ਼ੀਨੋਵ ਦੇ ਇਕ ਚਿਤਰ ਵਿਚੋਂ ਵੇਖੀ। ਨੁਮਾਇਸ਼ ਲਈ ਰਖੇ ਹੋਏ ਇਸ ਚਿਤਰ ਵਿਚ ਉਦਾਸ, ਉਲਰੇ ਅਸਮਾਨ ਹੇਠ ਪਰਾਲੀ ਨਾਲ ਛਤੀਆਂ ਡਿਗੀਆਂ ਢਠੀਆਂ ਕੁੱਲੀਆਂ ਵਿਖਾਈਆਂ ਹੋਈਆਂ ਹਨ। ਉਹਨਾਂ ਦੀਆਂ ਨਿਕੀਆਂ ਨਿਕੀਆਂ ਬਾਰੀਆਂ ਹਨ, ਕਾਈ-ਕਜੀਆਂ ਵਾੜਾਂ ਹਨ। ਇਕ ਕਲਮੁਕੱਲਾ ਜੰਗਲੀ ਰੁਖ ਹਵਾ ਵਿਚ ਝੂਲ ਰਿਹਾ ਹੈ। ਇਕ ਕਿਸਾਨ ਜ਼ਮੀਨ ਦੇ ਇਕ ਨਿਕੇ ਜਹੇ ਟੋਟੇ ਉਤੇ ਕੰਮ ਕਰ ਰਿਹਾ ਹੈ। ਚਿੰਤਾ-ਮਾਰੇ ਚਿਹਰੇ ਤੇ ਅੰਦਰ-ਵੜੀਆਂ ਅਖਾਂ ਹਨ। ਉਹ ਆਪਣੀਆਂ ਗੰਢਾਂ ਵਾਲੀਆਂ ਤਕੜੀਆਂ ਉਂਗਲਾਂ ਟੋਕਰੀ ਵਿਚ ਪਾਂਦਾ ਹੈ, ਮੁਠ ਕੁ ਬੀਜ ਕਢਦਾ ਹੈ ਤੇ ਖੇਤ ਵਿਚ ਛੱਟਾ ਦੇ ਦੇਂਦਾ ਹੈ।

ਇਹ ਉਦਾਸ ਚਿਤਰ ਵੇਖ ਦਿਲ ਬਹਿ ਜਾਂਦਾ ਹੈ। ਚਿਤਰ ਵਾਲਾ ਕਿਸਾਨ ਗਰੀਬੜੇ ਪਿੰਡ ਵਾਸੀਆਂ ਦਾ ਮਿਸਾਲੀ ਨੁਮਾਇੰਦਾ ਹੈ, ਜਿਹੜੇ, ਜਿਵੇਂ ਕਿ ਅਜ ਦੇ ਸਾਂਝੇ ਕਿਸਾਨ ਇਨਕਲਾਬੋਂ ਪਹਿਲੇ ਦਿਨਾਂ ਨੂੰ ਆਖਦੇ ਹਨ, ਉਹਨਾਂ "ਚੰਦਰੇ ਵੇਲਿਆਂ" ਵਿਚ ਬੰਜਰ ਧਰਤੀ ਵਾਹਿਆ ਕਰਦੇ ਸਨ।

ਅੱਤ ਦੀ ਗਰੀਬੀ ਤੇ ਥੁੜ, ਜ਼ਮੀਨ ਦੀ ਭਖ, ਅਸਹਿ ਟੈਕਸ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਕ-ਤੋੜਵੀਂ ਮੁਸ਼ੱਕਤ—ਇਹ ਸੀ ਤਕਦੀਰ ਉਹਨਾਂ ਕਿਸਾਨਾਂ ਦੀ, ਜਿਹੜੇ ਉਹਨੀਂ ਦਿਨੀਂ ਗੋਰੋਦਤਸ ਵਿਚ ਰਿਹਾ ਕਰਦੇ ਸਨ। ਇਕ ਲਕੜੀ ਦਾ ਹਲ ਤੇ ਸੁਹਾਗਾ ਤੇ ਪਤਰਾਂ ਦੀ ਬਣੀ ਬੀਜ ਦੀ ਟੋਕਰੀ, ਝੁੱਗੇ ਵਿਚੋਂ ਇਹ ਸਨ ਸਾਰੇ ਉਹ ਸੰਦ, ਜਿਹੜੇ ਬੀਤੇ ਵਿਚ ਕਿਸਾਨ ਵਰਤਦੇ ਹੁੰਦੇ ਸਨ। ਜਵਾਨ ਸਾਂਝੇ ਕਿਸਾਨ ਨੁਮਾਇਸ਼ ਵਿਚ ਇਹ ਸਾਰੀਆਂ ਚੀਜ਼ਾਂ ਅਚੰਭੇ ਨਾਲ ਵੇਖਦੇ ਹਨ। ਉਹਨਾਂ ਨੂੰ ਇਹ ਚਿਤਾਰਨਾ ਵੀ ਔਖਾ ਲਗਦਾ ਹੈ ਕਿ ਇਹਨਾਂ ਪੁਰਾਣੇ ਸੰਦਾਂ ਨਾਲ ਜ਼ਮੀਨ ਦੀ ਵਾਹੀ ਹੋ ਸਕਦੀ ਸੀ।

ਜ਼ਮੀਨ........ਰੂਸੀ ਕਿਸਾਨ ਦਾ ਇਹ ਸੁਪਨਾ ਸੀ, ਜੁਗਾਂ ਜੁਗਾਂਤਰਾਂ ਤੋਂ ਉਹਦੀ ਰੀਝ ਸੀ। ਅੰਕੜੇ ਵਿਖਾਂਦੇ ਹਨ ਕਿ ੭੫ ਫ਼ੀ ਸਦੀ ਤੋਂ ਵਧੇਰੇ ਕਿਸਾਨ ਘਰਾਂ ਕੋਲ ਜਾਂ ਬਹੁਤ ਥੋੜੀ ਜ਼ਮੀਨ ਸੀ ਤੇ ਜਾਂ ਹੈ ਹੀ ਨਹੀਂ ਸੀ। ਪੌਣੇ ਚਾਰ ਏਕੜਾਂ ਦਾ ਹਿੱਸਾ ਉਹਨਾਂ ਦਿਨਾਂ ਵਿਚ ਆਦਰਸ਼ਕ ਹਿੱਸਾ ਸਮਝਿਆ ਜਾਂਦਾ ਸੀ। ਪਰ ਇਸ ਹਿੱਸੇ ਦੇ ਸੁਭਾਗੇ ਮਾਲਕ ਕੋਲ ਵੀ ਇਹਨੂੰ ਵਾਹਣ ਦੇ ਵਸੀਲੇ ਨਹੀਂ ਹੁੰਦੇ ਸਨ........"ਜੇ ਕਿਤੇ ਮੇਰੇ ਕੋਲ ਇਕ ਘੋੜਾ ਹੁੰਦਾ," ਕਿਸਾਨ ਨੂੰ ਹਿਰਖ ਰਹਿੰਦੀ। ਲੋੜਾਂ ਉਹਨੂੰ ਅਮੀਰ ਗਵਾਂਢੀ, ਧਨੀ ਕਿਸਾਨ ਦੇ ਬੂਹੇ ਤੇ ਹਿਕ ਲਿਜਾਂਦੀਆਂ। "ਕ੍ਰਿਪਾ ਕਰਕੇ ਮੇਰੀ ਸਹਾਇਤਾ ਕਰੋ," ਉਹ ਮਿੰਨਤ ਕਰਦਾ, "ਮੈਨੂੰ ਇਕ ਦੋ ਦਿਨਾਂ ਲਈ ਘੋੜਾ ਦੇ ਦਿਓ।" ਧਨੀ ਕਿਸਾਨ ਫੂਕ ਲੈਣ ਲਗ ਪੈਂਦਾ, ਬੜੀ ਸੌਦਾ ਬਾਜ਼ੀ ਹੁੰਦੀ ਤੇ ਛੇਕੜ ਕਿਸਾਨ ਨੂੰ ਤੀਣੀ ਕੀਮਤ ਦੇਣੀ ਪੈਂਦੀ।

ਕੰਮ ਕਰਦਿਆਂ ਕਿਸਾਨ ਦੇ ਮੁੜ੍ਹਕੇ ਚ ਜਾਂਦੇ। ਨਿਸਫਲ, ਗਰੀਬੀ ਤੋਂ ਛੋਟ ਦਾ ਰਾਹ ਲਭਦਾ। ਉਹਨੇ ਟੈਕਸ ਤੇ ਕਰਜ਼ੇ ਦੇਣੇ ਹੁੰਦੇ, ਉਹਨੂੰ ਬੀਜ ਰਖਣੇ ਪੈਂਦੇ—ਤੇ ਇਹ ਸਾਰਾ ਕੁਝ ਉਹਦੀ ਸਾਰੀ ਦੀ ਸਾਰੀ ਫਸਲ ਨਿਘਾਰ ਜਾਂਦੇ। ਉਹ ਮਸਾਂ ਮਸਾਂ ਹੀ ਲੂਣ ਤੇਲ ਤੇ ਤੀਲਾਂ ਦੀਆਂ ਡਬੀਆਂ ਖਰੀਦ ਸਕਦਾ। ਕਪੜਿਆਂ ਤੇ ਜੁੱਤੀਆਂ ਦਾ ਤ ਸੁਆਲ ਹੀ ਨਹੀਂ ਸੀ ਉਠਦਾ: ਉਹ ਘਰ ਹੀ ਬਣਾਨੇ ਪੈਂਦੇ।

ਜ਼ਮੀਨ ਗੋਰੋਦਤਸ ਦੇ ਇਲਾਕੇ ਵਿਚ ਕਿਸਾਨ ਨੂੰ ਲੋੜ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਫ਼ੀ ਖ਼ੁਰਾਕ ਨਾ ਦੇ ਸਕਦੀ । ਪੁਰਾਣੇ ਰੀਕਾਰਡਾਂ ਵਿਚੋਂ ਪਤਾ ਲਗਦਾ ਹੈ ਕਿ ਇਨਕਲਾਬੋਂ ਪਹਿਲੇ ਦਸਾਂ ਵਰ੍ਹਿਆਂ ਵਿਚ ਫਸਲਾਂ ਦੀ ਔਸਤ ਉਪਜ ਇਸ ਤਰ੍ਹਾਂ ਸੀ :—

ਰਈ...	੧†	ਹੈਕਟੇਅਰ	ਪਿਛੇ	੭ ‡ਸੈਂਨਟਰ
ਜੌਂ...	੧	ਹੈਕਟੇਅਰ	ਪਿਛੇ	੪.੨ ਸੈਂਨਟਰ
ਬਿਗਜ ਕਣਕ...	੧	ਹੈਕਟੇਅਰ	ਪਿਛੇ	੨.੧ ਸੈਂਨਟਰ
ਸਣ ਦਾ ਰੇਸ਼ਾ...	੧	ਹੈਕਟੇਅਰ	ਪਿਛੇ	੨ ਸੈਂਨਟਰ

ਚੋਖੀ ਫਸਲ ਇਕ ਅਜਿਹੀ ਚੀਜ਼ ਸੀ, ਕਿਸਾਨ, ਜਿਦ੍ਹਾ ਸੁਪਨਾ ਵੀ ਨਹੀਂ ਲੈ ਸਕਦਾ ਸੀ । ਜ਼ਮੀਨ ਦੀ ਵਾਹੀ ਦੇ ਢੰਗ ਪੁਰਾਣੇ ਸਨ ਤੇ ਖੇਤੀ ਵਿਚ ਤਿੰਨ-ਖੇਤਾ ਪਰਬੰਧ ਪਰਧਾਨ ਸੀ । ਖੇਤ ਡੰਗਰ ਚਾਰਨ ਲਈ ਵੀ ਵਰਤੇ ਜਾਂਦੇ । ਜ਼ਮੀਨ ਦਾ ਛੋਟਾ ਜਿਹਾ ਹਿੱਸਾ ਇਕ ਦੂਜੇ ਤੋਂ ਦੂਰ ਨਿਕੇ ਨਿਕੇ ਤਿੰਨ ਟੋਟਿਆਂ ਵਿਚ ਵੰਡ ਦਿਤਾ ਜਾਂਦਾ । ਉਹਨਾਂ ਵਿਚ ਫਾਲਤੂ ਬੂਟਿਆਂ ਦੀ ਭਰਮਾਰ ਹੁੰਦੀ । ਇਕੋ ਇਕ ਖਾਦ, ਜਿਹੜੀ ਕਿਸਾਨ ਜਾਣਦੇ ਸਨ, ਉਹ ਰੂੜੀ ਸੀ ਤੇ ਇਹ ਵੀ ਘਟ ਸੀ, ਕਿਉਂਕਿ ਬਹੁਤੇ ਗਰੀਬ ਘਰਾਂ ਕੋਲ ਗਾਵਾਂ ਤੇ ਘੋੜੇ ਨਹੀਂ ਸਨ ਹੁੰਦੇ । ਮਨੁਖ ਉੱਕਾ ਕੁਦਰਤ ਦੇ ਨਖ਼ਰਿਆਂ ਦੇ ਤਰਸ ਤੇ ਹੁੰਦਾ । ਉਹ ਜ਼ਮੀਨ ਦੀ ਜ਼ਰਖੇਜ਼ੀ ਵਧਾਣ ਲਈ ਕੁਝ ਨਾ ਕਰ ਸਕਦਾ ।

ਬਹੁਤੇ ਕਿਸਾਨ ਸਾਰਾ ਸਾਲ ਦਸਤਕਾਰੀ ਵਿਚ ਜੁੱਟੇ ਰਹਿੰਦੇ ਤਾਂ ਜੋ ਉਹ ਰੋਟੀ ਕਮਾ ਸਕਣ । ਉਹ ਧਨੀ ਕਿਸਾਨਾਂ ਦੀਆਂ ਚਲਾਈਆਂ ਦੁਕਾਨਾਂ ਵਿਚ ਕੰਮ ਕਰਦੇ, ਜਾਂ ਉਹਨਾਂ ਦੇ ਘਰੀਂ ਵਿਚੋਲਿਆਂ ਅਗੇ ਉਹਨਾਂ ਦੀਆਂ ਫਸਲਾਂ ਵੇਚਦੇ । ਗੋਰੋਦਤਸ ਦੇ ਇਲਾਕੇ ਦੇ ਕਿਸਾਨ ਨਮਦੇ ਦੇ ਬੂਟ, ਚਮੜੇ ਦੇ ਬੂਟ, ਹਥੌੜੇ, ਟੋਕਰੀਆਂ, ਤੀਰ ਕਮਾਨ, ਧੁਰੇ ਤੇ ਗੱਡੇ, ਬੇਲਚੇ ਤੇ ਕਿਸਾਨ ਘਰਾਂ ਵਿਚ ਲੋੜੀਂਦੀਆਂ ਹੋਰ ਚੀਜ਼ਾਂ ਬਣਾਂਦੇ ।

† ਹੈਕਟੇਅਰ=੨.੫ ਏਕੜ ।

‡ ਸੈਂਟਨਰ=੧.੪ ਮਣ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰਫ਼ ਮਰਦ ਹੀ ਨਹੀਂ ਸਗੋਂ ਇਸਤ੍ਰੀਆਂ ਤੇ ਅੱਠਾਂ ਤੋਂ ਬਾਰ੍ਹਾਂ ਵਰ੍ਹਿਆਂ ਦੇ ਬੱਚੇ ਵੀ ਇਸ ਕੰਮ ਵਿਚ ਰੁਝੇ ਰਹਿੰਦੇ। ਸਕੂਲ ਥੋੜੇ ਸਨ—ਕਿੰਨੇ ਕਿੰਨੇ ਪਿੰਡਾਂ ਲਈ ਇਕੋ ਪਰਾਇਮਰੀ ਸਕੂਲ—ਪਰ ਕਿਸਾਨਾਂ ਦੇ ਬਚੇ ਇਹਨਾਂ ਸਕੂਲਾਂ ਵਿਚ ਵੀ ਨਾ ਜਾ ਸਕਦੇ।

ਪੁਰਾਣੇ, ਇਨਕਲਾਬੋਂ ਪਹਿਲੇ ਪਿੰਡ ਦੀ ਤਸਵੀਰ ਇਹ ਸੀ।

ਗੋਰੋਦਤਸ ਦੇ ਅਜਾਇਬ ਘਰ ਵਿਚ ਨੁਮਾਇਸ਼ ਲਈ ਰਖੀਆਂ ਚੀਜ਼ਾਂ ਕਿਸਾਨਾਂ ਦੇ ਸਿਰਫ਼ ਪੁਰਾਣੇ ਦਾ ਹੀ ਨਹੀਂ, ਸਗੋਂ ਨਵੇਂ ਜੀਵਨ ਦਾ ਵੀ ਸ਼ੀਸ਼ਾ ਹਨ। ਉਹ ਦੋ ਜੁਗਾਂ, ਦੋ ਵਖ ਵਖ ਸੰਸਾਰਾਂ ਦੀਆਂ ਝਾਕੀਆਂ ਹਨ।

ਜਦੋਂ ਮੈਂ ਅਜਾਇਬ ਘਰ ਤੋਂ ਟੁਰਿਆ, ਮੇਰੇ ਮਨ ਵਿਚ ਤਮੀਰੀਯਾਜ਼ੇਵ ਸਾਂਝੇ ਖੇਤ ਬਾਰੇ ਆਮ ਜਿਹਾ ਵਿਚਾਰ ਬਣ ਚੁਕਿਆ ਸੀ। ਮੈਂ ਜਾਣਦਾ ਸਾਂ ਕਿ ਇਹਦੇ ਵਿਚ ਅੱਟਾ ਸਟਾ ਦੋ ਹਜ਼ਾਰਾਂ ਦੀ ਵਸੋਂ ਵਾਲੇ ੫੪੬ ਕਿਸਾਨ ਘਰ ਜੁੜੇ ਹੋਏ ਹਨ। ਕਿਸਾਨ ਪੁਰਾਣੀ "ਬੰਜਰ ਤੇ ਮਾੜੀ" ਜ਼ਮੀਨ ਤੇ ਸਣ, ਆਲੂਆਂ, ਸਬਜ਼ੀਆਂ ਤੇ ਅਨਾਜ ਦੀਆਂ ਤਗੜੀਆਂ ਫਸਲਾਂ ਉਗਾ ਰਹੇ ਹਨ। ਉਹ ਚੰਗੀ ਨਸਲ ਦੀਆਂ ਗਾਵਾਂ, ਦੁੜਕੀ ਚਾਲ ਵਾਲੇ ਓਰਲੋਵ ਘੋੜੇ, ਸੂਰ, ਭੇਡਾਂ ਤੇ ਕੁਕੜ ਕੁਕੜੀਆਂ ਪਾਲ ਰਹ ਹਨ। ਓਸ ਜ਼ਮੀਨ ਵਿਚੋਂ ਜਿਥੋਂ ਪਹਿਲੇ ਦਿਨਾਂ ਦਾ ਕਿਸਾਨ ਇਕ ਹੈਕਟੇਅਰ ਵਿਚੋਂ ੬—੭ ਸੈਂਟਨਰ ਰਈ ਸਾਂਭਦਾ ਸੀ, ਸਾਂਝੇ ਕਿਸਾਨ ਉਸ ਤੋਂ ਤੀਣੀ ਚੌਣੀ ਰਈ ਵਢ ਰਹੇ ਹਨ। ਸਣ ਦੇ ਰੇਸ਼ੇ ਦੀ ਫਸਲ ਚੌਣੀ ਪੰਜੌਣੀ ਹੋ ਚੁਕੀ ਹੈ। ਸਾਂਝੇ ਖੇਤ ਕੋਲ ਇਕ ਫਲਦਾਰ ਚਮਨ, ਬੇਰੀ ਦੇ ਬਾਗ ਤੇ ਮਾਖਿਓਂ ਪਾਲਣ ਦੇ ਕੇਂਦਰ ਹਨ। ਸੰਨ ੧੯੫੨ ਵਿਚ ਇਹਦੀ ਆਮਦਨ ੩੬ ਲਖ ੧ †ਰੂਬਲਾਂ ਤੋਂ ਉਤੇ ਸੀ। ਹਰ ਕਿਸਾਨ ਘਰ ਵਿਚ ਖੁਸ਼ਹਾਲੀ ਆ ਗਈ ਹੈ।

ਇਸ ਤੋਂ ਪਹਿਲਾਂ ਕਿ ਮੈਂ ਇਹ ਦਸਾਂ ਕਿ ਇਹ ਸਾਰਾ ਕੁਝ ਕਿਵੇਂ ਜਿਤਿਆ ਗਿਆ, ਮੇਰੇ ਲਈ ਸਾਂਝੇ ਖੇਤ ਦੇ ਇਤਿਹਾਸ ਦਾ ਸੰਖੇਪ ਵਰਨਣ ਕਰਨਾ ਯੋਗ ਹੋਵੇਗਾ।

---

†੧ ਰੂਬਲ=੧'੨ ਰੁਪਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਨਵੇਂ ਜੀਵਨ ਦਾ ਜਨਮ

ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਨੇ ਰੂਸ ਵਿਚ ਜਾਗੀਰਦਾਰਾਂ ਤੇ ਸਰਮਾਏਦਾਰਾਂ ਦੀ ਹਾਕਮੀ ਖ਼ਤਮ ਕਰ ਦਿਤੀ। ਸੋਵੀਅਤ ਹਕੂਮਤ ਨੇ ਆਪਣੀ ਬੁਨਿਆਦ ਦੇ ਪਹਿਲੇ ਦਿਨ ਹੀ ਇਕ ਵਿਸ਼ੇਸ਼ ਫਰਮਾਨ ਜਾਰੀ ਕੀਤਾ, ਜਿਦ੍ਹੇ ਅਨੁਸਾਰ ਜ਼ਮੀਨ ਦੀ ਜਾਗੀਰਦਾਰਾ ਮਾਲਕੀ ਦਾ ਖਾਤਮਾ ਕਰ ਦਿਤਾ ਗਿਆ ਤੇ ਜ਼ਮੀਨ ਨੂੰ ਪਬਲਿਕ ਮਲਕੀਅਤ ਬਣਾ ਦਿਤਾ ਗਿਆ। ਇਸ ਤਰ੍ਹਾਂ ਕਿਸਾਨਾਂ ਦਾ ਜੁਗਾਂ-ਪੁਰਾਣਾ ਸੁਪਨਾ ਸਾਕਾਰ ਹੋ ਗਿਆ। ਉਹਨਾਂ ਨੂੰ ਉਹ ਜ਼ਮੀਨਾਂ ਮੁਫ਼ਤ ਜੁੜ ਗਈਆਂ, ਜਿਹੜੀਆਂ ਪਹਿਲੋਂ ਜਾਗੀਰਦਾਰਾਂ,ਸ਼ਹਿਜ਼ਾਦਿਆਂ ਤੇ ਰੂਸੀ ਜ਼ਾਰ ਦੀਆਂ ਹੁੰਦੀਆਂ ਸਨ। ਬੈਂਕਾਂ ਤੋਂ ਲਏ ਕਿਸਾਨਾਂ ਦੇ ਕਰਜ਼ੇ ਮਨਸੂਖ਼ ਕਰ ਦਿਤੇ ਗਏ ਤੇ ਉਹਨਾਂ ਨੂੰ ਜਾਗੀਰਦਾਰਾਂ ਨੂੰ ਲਗਾਨ ਦੀ ਅਦਾਇਗੀ ਤੋਂ ਆਜ਼ਾਦ ਕਰ ਦਿਤਾ ਗਿਆ। ਸੋਵੀਅਤ ਸਰਕਾਰ ਨੇ ਮਿਹਨਤਕਸ਼ ਕਿਸਾਨਾਂ ਨੂੰ ਬੀਜ, ਘੋੜ, ਖੇਤੀ ਦੇ ਸੰਦ ਖਰੀਦਣ ਲਈ ਕਰਜ਼ੇ, ਜ਼ਮੀਨ-ਪੜਤਾਲ ਦੀ ਸੇਵਾ ਤੇ ਖੇਤੀ-ਵਗਿਆਨ ਦਾ ਪ੍ਰਚਾਰ ਕਰਕੇ ਸਹਾਇਤਾ ਦਿਤੀ।

ਗੋਰੋਦਤਸ ਜ਼ਿਲੇ ਵਿਚ ਜ਼ਮੀਨ ਦੀ ਜਥੇਬੰਦੀ ਉੱਨਤ ਕੀਤੀ ਗਈ ਤੇ ਕਿਸਾਨਾਂ ਦੀਆਂ ਜ਼ਮੀਨਾਂ ਹੁਣ ਦੂਰ ਦੂਰ ਖਿੰਡੀਆਂ ਪੁੰਡੀਆਂ ਨਾ ਰਹੀਆਂ। ਕਿਸਾਨ ਇਨਕਲਾਬ ਪਿਛੋਂ ਮਿਲੀਆਂ ਨਵੀਆਂ ਜ਼ਮੀਨਾਂ ਵਾਹਣ ਲਗ ਪਏ। ਅਗੇ-ਵਧੇ ਕਿਸਾਨਾਂ ਦੇ ਤਜਰਬੇ ਨੂੰ ਮਸ਼ਹੂਰ ਕਰਨ ਲਈ ਜ਼ਿਲੇ ਜਾਂ ਇਲਾਕਾਈ ਕੇਂਦਰ ਵਿਚ ਜ਼ਰਾਇਤੀ ਨੁਮਾਇਸ਼ਾਂ ਕੀਤੀਆਂ ਗਈਆਂ।

ਇਹਦੇ ਬਾਵਜੂਦ ਵੀ, ਖੇਤੀ ਬਾੜੀ ਦੀ ਬੁਨਿਆਦੀ ਤਰੱਕੀ ਨਾ-ਕਾਫ਼ੀ ਸੀ। ਕਿਸਾਨ-ਘਰ ਦੀ ਮੰਡੀ ਲਈ ਫਸਲ ਰਖਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਥਾ ਥੋੜੀ ਸੀ। ਕਿਸਾਨ ਅਜੇ ਵੀ ਵਾਹੀ ਦੇ ਪੁਰਾਣੇ ਢੰਗਾਂ ਦੀ ਵਰਤੋਂ ਕਰ ਰਹੇ ਸਨ। ਮਸ਼ੀਨਾਂ ਮਹਿੰਗੀਆਂ ਸਨ ਤੇ ਇਕੋ ਘਰ ਵਿਚ ਉਹਨਾਂ ਦੀ ਵਰਤੋਂ ਲਾਭਵੰਦ ਨਹੀਂ ਸੀ।

ਜ਼ਰਾਇਤੀ ਪੈਦਾਵਾਰ ਵਿਚ ਬੁਨਿਆਦੀ ਤਰੱਕੀ ਦਾ ਰਾਹ ਲਭਦੇ ਮੇਦਵੇਦਕੋਵੋ ਤੇ ਯੇਰੇਮੀਨੋ ਪਿੰਡਾਂ ਦੇ ਕਿਸਾਨਾਂ ਨੇ ਜ਼ਮੀਨ ਨੂੰ ਰਲਕੇ ਵਾਹਣ ਦੇ ਵਿਚਾਰ ਤੇ ਸੋਚਣਾ ਸ਼ੁਰੂ ਕਰ ਦਿਤਾ। ਤੇ ਸਚੀ ਮੁਚੀ ਸਾਂਝੇ ਕੰਮ ਵਿਚ—ਮਿਸਾਲ ਲਈ ਵਾਢੀ ਤੇ ਗਹਾਈ ਹੀ—ਮਸ਼ੀਨਾਂ ਨਾਲ ਕਰਨੀਆਂ ਵਧੇਰੀਆਂ ਸੁਖਾਲੀਆਂ ਹਨ। ਇਸ ਤਰ੍ਹਾਂ ਉਹਨਾਂ ਸਮਾਂ ਅਜਾਈਂ ਨਾ ਗੁਆਇਆ ਤੇ ਉਹ ਕਹਿਣੀ ਤੋਂ ਕਰਨੀ ਤੇ ਆ ਗਏ। ਸੰਨ ੧੯੨੯ ਦੀ ਬਸੰਤ ਰੁੱਤੇ ਜ਼ਮੀਨਾਂ ਦੀ ਸਾਂਝੀ ਵਾਹੀ ਲਈ ਇਕ ਸਾਂਝੀ ਜਥੇਬੰਦੀ ਕਾਇਮ ਕੀਤੀ ਗਈ। ਕਿਸਾਨਾਂ ਨੇ ਰਲਕੇ ਇਕ ਵਢਾਈ-ਮਸ਼ੀਨ ਤੇ ਇਕ ਗਹਾਈ-ਮਸ਼ੀਨ ਖ਼ਰੀਦ ਲਈਆਂ। ਸਰ-ਕਾਰ ਨੇ ਇਸ ਮਨੋਰਥ ਲਈ ਕਰਜ਼ੇ ਦੇ ਦਿਤੇ। ਨਤੀਜਾ ਇਹ ਨਿਕਲਿਆ ਕਿ ਬੀਜਾਈ ਤੋਂ ਲੈ ਕੇ ਵਢਾਈ ਤਕ ਸਾਰਾ ਕੰਮ ਬੜੀ ਤੇਜ਼ੀ ਨਾਲ ਤੇ ਘਟ ਮਿਹਨਤ ਨਾਲ ਸਿਰੇ ਚੜ੍ਹ ਗਿਆ। ਪਰ ਤਜਰਬੇ ਨੇ ਇਹ ਵਿਖਾ ਦਿਤਾ ਹੈ ਕਿ ਜਦੋਂ ਸਾਂਝੀ ਜਥੇਬੰਦੀ ਦੇ ਹਰ ਇਕ ਮੈਂਬਰ ਦੇ ਖੇਤ ਦੂਰ ਦੂਰ, ਖਿੰਡੇ ਪੁੰਡੇ ਟੁਕੜੇ ਹੋਣ, ਮਸ਼ੀਨਾਂ ਦੀ ਸਭ ਤੋਂ ਸੁਚੱਜੀ ਵਰਤੋਂ ਨਹੀਂ ਹੋ ਸਕਦੀ।

ਗੁੰਝਲਦਾਰ, ਬੜੀ ਸੁਚੱਜੀ ਗਹਾਈ-ਮਸ਼ੀਨ ਲਗਾਤਾਰ ਇਕ ਘਰ ਪਿੱਛੇ ਦੂਜੇ ਘਰ ਨੂੰ ਦਿਤੀ ਜਾਂਦੀ ਤੇ ਸਮੇਂ ਦੀ ਬਹੁਤੀ ਲਾਭਵੰਦ ਵਰਤੋਂ ਨਾ ਹੁੰਦੀ, ਕਿਉਂਕਿ ਮੈਂਬਰ ਕਿਸਾਨ ਕੋਲ ਏਨੀ ਫ਼ਸਲ ਨਹੀਂ ਸੀ ਹੁੰਦੀ ਕਿ ਸਾਰਾ ਦਿਨ ਮਸ਼ੀਨ ਚਾਲੂ ਰਹੇ। ਵਢਾਈ-ਮਸ਼ੀਨ ਦਾ ਵੀ ਇਹੋ ਹਾਲ ਸੀ। ਇਹ ਦਸ ਬਾਰਾਂ ਏਕੜ ਰੋਜ਼ ਵਢ ਲੈਂਦੀ, ਪਰ ਹਰ ਇਕ ਮੈਂਬਰ ਕਿਸਾਨ ਦੀ ਜ਼ਮੀਨ ਤਕਰੀਬਨ ਚਾਰ ਪੰਜ ਏਕੜ ਹੀ ਹੁੰਦੀ। ਇਸ ਲਈ ਮਸ਼ੀਨ ਨੂੰ ਇਕ ਖੇਤ ਤੋਂ ਦੂਜੇ ਖੇਤ ਖੜਨਾ ਪੈਂਦਾ, ਤੇ ਇਸ ਤਰ੍ਹਾਂ ਵਕਤ ਅਜਾਈਂ ਜਾਂਦਾ। ਕਿਸਾਨਾਂ ਨੂੰ ਇਸ ਲੋੜ ਦਾ ਨਿਤ-ਵਧਦਾ ਅਹਿਸਾਸ ਹੋਣ ਲਗਾ ਕਿ ਪੈਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚਕਾਰਲੀਆਂ ਹੱਦਾਂ ਮੇਟ ਦਿਤੀਆਂ ਜਾਣ ਤੇ ਉਹਨਾਂ ਨੂੰ ਵਡੇ ਵਡੇ ਖੇਤਾਂ ਵਿਚ ਜੋੜ ਦਿਤਾ ਜਾਏ। ਅਮਲ ਵਿਚ ਇਸ ਦਾ ਭਾਵ ਇਹ ਸੀ ਇਕ ਸਾਂਝਾ ਖੇਤ ਜਥੇਬੰਦ ਕੀਤਾ ਜਾਏ। ਤੇ ਇਸ ਤਰ੍ਹਾਂ ਓਸੇ ਵਰ੍ਹੇ ਸੰਨ ੧੯੨੯ ਦੀ ਪਤਝੜ ਵਿਚ ਹੀ "ਸਾਂਝੀ ਵਾਹੀ ਦੇ ਮਿਲਵਰਤਨੀ ਅਦਾਰੇ" ਦੀ ਥਾਂ ਇਕ ਜ਼ਰਾਇਤੀ ਸਾਂਝਾ ਅਦਾਰਾ, ਦੂਜੇ ਲਫ਼ਜ਼ਾਂ ਵਿਚ ਇਕ ਸਾਂਝਾ ਖੇਤ ਜਥੇਬੰਦ ਕੀਤਾ ਗਿਆ।

ਸਾਂਝੇ ਖੇਤ ਦੇ ਮੁਹਾਫ਼ਜ਼ ਖਾਨੇ ਵਿਚ ਸਾਂਭੀਆਂ ਦਸਤਾਵੇਜ਼ਾਂ ਤੋਂ ਪਤਾ ਲਗਦਾ ਹੈ ਕਿ ਸਾਂਝੇ ਖੇਤ ਨੇ ਆਪਣਾ ਪਹਿਲਾ ਵਰ੍ਹਾ ਕਿਵੇਂ ਸ਼ੁਰੂ ਕੀਤਾ । ਇਹਦੇ ਵਿਚ ਸਤ ਕਿਸਾਨ ਘਰ ਸਨ। ਇਸ ਨਵ-ਸਿਰਜੇ ਸਾਂਝੇ ਖੇਤ ਦੀ ਜਾਇਦਾਦ, ਇਹਦੀ ਸਾਂਝੀ ਮਾਲਕੀ ਹੇਠਲਾ ਅਣ-ਵੰਡਵਾਂ ਫੰਡ, ਦੋ ਘੋੜੇ, ਇਕ ਗਾਂ, ਦੋ ਹਲ, ਇਕ ਬੀਜਾਈ-ਮਸ਼ੀਨ, ਤਿਨ ਗੱਡੇ ਤੇ ਛੋਟੇ ਮੋਟੇ ਔਜ਼ਾਰ ਸਨ ।

ਇਹਨਾਂ ਮੋਢੀ ਸਾਂਝੇ ਕਿਸਾਨਾਂ ਦੇ ਪੇਸ਼ ਪੈਣ ਵਾਲੀਆਂ ਔਕੜਾਂ ਸਖ਼ਤ ਸਨ। ਪਿੰਡ ਦੇ ਬੁਰਜਵਾ ਅਨਸਰਾਂ, ਧਨੀ ਕਿਸਾਨਾਂ ਨੇ ਸਾਂਝੇ ਖੇਤ ਦੀ ਸਥਾਪਤੀ ਤੇ ਉਹਦੀ ਉਨਤੀ ਨੂੰ ਰੋਕਣ ਲਈ ਸਾਰਾ ਟਿਲ ਲਾਇਆ। ਪਹਿਲੋਂ ਉਹਨਾਂ ਜ਼ਹਿਰੀਲਾ ਪਰਚਾਰ ਸ਼ੁਰੂ ਕੀਤਾ, ਜਿਸ ਨਾਲ ਉਹ ਕਿਸਾਨਾਂ ਨੂੰ ਫਿਰ ਉਸੇ ਪੁਰਾਣੇ ਜੀਵਨ ਤੇ ਪਾ ਦੇਣਾ ਚਾਹੁੰਦੇ ਸਨ, ਪਿਛੋਂ ਉਹ ਦਹਿਸ਼ਤ ਬਾਜ਼ੀ ਤੇ ਉਤਰ ਆਏ : ਉਹਨਾਂ ਸਾਂਝੇ ਖੇਤ ਦਾ ਦਫ਼ਤਰ ਫੂਕ ਸੁਟਿਆ ਤੇ ਮੁਖੀ ਸਾਂਝੇ ਕਿਸਾਨਾਂ ਤੇ ਹਮਲੇ ਕੀਤੇ। ਮੁਢ ਵਿਚ ਵਿਚਲੇ ਕਿਸਾਨ ਸਾਂਝੇ ਖੇਤ ਵਿਚ ਰਲਣ ਤੋਂ ਝਿਜਕੇ । ਉਹ ਇਕ ਨਵੇਂ ਢੰਗ ਨਾਲ ਜਿਊਣਾ ਤੇ ਕੰਮ ਕਰਨਾ ਸੋਚ ਨਹੀਂ ਸਨ ਸਕਦੇ। ਉਹਨਾਂ ਨੂੰ ਆਪਣੀ ਨਿਜੀ ਜ਼ਮੀਨ ਤੇ ਖਾਸ ਤੌਰ ਤੇ ਸਾਂਝੇ ਖੇਤ ਨੂੰ ਦਿਤੇ ਜਾਣ ਵਾਲੇ ਘੋੜਿਆਂ ਤੋਂ ਵਖ ਹੁੰਦਿਆਂ ਡਰ ਲਗਦਾ ਸੀ। ਵਿਆਖਿਆ ਲਈ ਚੋਖਾ ਪਰਚਾਰ ਕੀਤਾ ਗਿਆ ਤੇ ਅਜਿਹੀ ਅਵਸਥਾ ਉਤੇ ਕਾਬੂ ਪਾ ਲਿਆ ਗਿਆ। ਇਸ ਵਿਚ ਸਾਂਝੇ ਖੇਤ ਦੀਆਂ ਜਿੱਤਾਂ ਨੇ ਫ਼ੈਸਲਾ ਕੁਨ ਪਾਰਟ ਅਦਾ ਕੀਤਾ, ਕਿਸਾਨਾਂ ਨੂੰ ਸਾਂਝੀ ਵਾਹੀ ਦੇ ਲਾਭ ਆਪਣੇ ਆਪ ਦਿੱਸਣ ਲਗ ਪਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਤ੍ਰ ਮੋਰਡੋਵਕੋਲੋ ਦਾ ਇਕ ਕਿਸਾਨ, [illegible] ਯਾਨੋਵ, ਇਕ ਜੁਗਤੀ ਤੇ ਜੁਸ਼ੀਲਾ ਮਨੁਖ ਤੇ ਸੁਚੱਜਾ ਪ੍ਰਬੰਧਕ, ਸਾਂਝੇ ਖੇਤ ਦਾ ਪਰਧਾਨ ਬਣ ਗਿਆ। ਉਹਨੇ ਕਿਸਾਨਾਂ ਨੂੰ ਇਕ-ਸੁਰ ਤੇ ਸਾਂਝੇ ਖੇਤ ਵਿਚ ਜੋੜਨ ਲਈ ਚੋਖਾ ਕੁਝ ਕੀਤਾ। ਲੋਕਾਂ ਨੂੰ ਆਪਣੀ ਨਵੀਂ ਜ਼ਿਮੇਵਾਰੀ ਵਿਚ, ਉਸ ਰਾਹ ਵਿਚ ਅਹਿਲ ਭਰੋਸਾ ਸੀ, ਜਿਹੜਾ ਉਹਨਾਂ ਮਨ ਮਰਜ਼ੀ ਨਾਲ ਚੁਣਿਆ ਸੀ।

ਸੰਨ ੧੯੨੯ ਦੇ ਸਾਲ ਵਿਚ ਸੋਵੀਅਤ ਕਿਸਾਨਾਂ ਦੇ ਜੀਵਨ ਵਿਚ ਇਕ ਮੋੜ ਆਇਆ ਇਹਦੇ ਵਿਚ ਉਸ ਜਨਤਕ ਲਹਿਰ ਦਾ ਮੁਢ ਬਝਿਆ, ਜਿਨ੍ਹੇ ਕੁਝ ਵਰ੍ਹੇ ਪਿਛੋਂ ਸਾਂਝੀਆਂ ਲੀਹਾਂ ਤੇ ਖੇਤੀ ਦੀ ਪੱਕੀ ਜਥੇਬੰਦੀ ਵਿਚ ਆਪਣੇ ਸਿਖਰ ਨੂੰ ਜਾ ਛੋਹਿਆ। ਸੋਵੀਅਤ ਸਰਕਾਰ ਨੇ ਸਾਂਝੇ ਖੇਤਾਂ ਵਿਚ ਜੁੜੇ ਕਿਸਾਨਾਂ ਨੂੰ ਉਧਾਰਾਂ, ਬੀਜਾਂ ਲਈ ਕਰਜ਼ਿਆਂ, ਅਸਲੀ, ਪਾਸ ਹੋਏ ਬੀਜਾਂ ਦੀ ਵੰਡ, ਚੰਗੀ ਨਸਲ ਦੇ ਡੰਗਰਾਂ ਤੇ ਜ਼ਰਾਇਤੀ ਮਸ਼ੀਨਾਂ ਨਾਲ ਸਹਾਇਤਾ ਕੀਤੀ। ਸਨਅਤੀ ਉਸਾਰੀ ਦੀ ਪਾਲਸੀ ਸਦਕਾ ਸੋਵੀਅਤ ਸਨਅਤ ਓਦੋਂ ਹੀ ਵਧ ਰਹੀ ਗਿਣਤੀ ਵਿਚ ਟਰੈਕਟਰ ਤੇ ਹੋਰ ਨਵੀਨ ਜ਼ਰਾਇਤੀ ਮਸ਼ੀਨਾਂ ਬਣਾ ਸਕਦੀ ਸੀ। ਇਕ ਅਹਿਮ ਘਟਨਾ ਸਰਕਾਰੀ ਮਸ਼ੀਨ ਤੇ ਟਰੈਕਟਰ ਸਟੇਸ਼ਨਾਂ ਦੀ ਸਥਾਪਤੀ ਸੀ, ਜਿਨ੍ਹਾਂ ਸਾਂਝੇ ਖੇਤਾਂ ਲਈ ਸਭ ਤੋਂ ਵਧ ਮਿਹਨਤ-ਖਾਣੇ ਕੰਮ — ਵਾਹੀ — ਦੀ ਜ਼ਿਮੇਵਾਰੀ ਲੈ ਲਈ। ਇਹਦੇ ਸਦਕਾ ਸ ਕਿਸਾਨ ਫਸਲਾਂ ਦੀ ਕਾਸ਼ਤ ਲਈ ਵਧੇਰਾ ਸਮਾਂ ਤੇ ਘਾਲਣਾ ਬਚਾ ਸਕੇ ਤੇ ਮਨੁੱਖੀ ਸ਼ਕਤੀ ਨੂੰ, ਜਿਹੜੀ ਇਸ ਤਰ੍ਹਾਂ ਵਿਹਲੀ ਹੋ ਗਈ, ਖੇਤੀ ਦੀਆਂ ਸਭ ਤੋਂ ਵਧ ਲਾਭਵੰਦ ਸ਼ਾਖਾਂ ਦੇ ਵਾਧੇ ਤੇ ਲਾ ਸਕੇ।

ਸੰਨ ੧੯੩੦ ਵਿਚ ਹੀ ਸਾਂਝੇ ਕਿਸਾਨਾਂ ਨੇ ਇਕ ਹੈਕਟੇਅਰ ਜ਼ਮੀਨ ਵਿਚੋਂ ੧੧ ਸੈਂਟਨਰ ਦਾਣੇ ਕਢਣੇ ਸ਼ੁਰੂ ਕਰ ਦਿਤੇ, ਇਹ ਉਹਨਾਂ ਪਾਸਿਆਂ ਵਿਚ ਬੜੀ ਚੰਗੀ ਉਪਜ ਸਮਝੀ ਜਾਂਦੀ ਸੀ। ਇਹ ਨਵ-ਸਿਰਜੇ ਸਾਂਝੇ ਖਤ ਦੀ ਪਹਿਲੀ ਫਤਹ ਸੀ। ਇਹਦੀ ਉਚੇਚੀ ਮਹਾਨਤਾ ਸੀ, ਕਿਉਂਕਿ ਉਹਨਾਂ ਵਰ੍ਹਿਆਂ ਵਿਚ ਸਾਂਝੇ ਖੇਤਾਂ ਵਿਚ ਤਜਰਬੇ ਦੀ ਘਾਟ

CC-0. In Public Domain. Gurukul Kangri Collection, Haridwar

ਸੀ, ਮਸ਼ੀਨਾਂ ਅਤੇ ਆਉਕੀਆਂ [illegible] ਸਨ, ਤੇ ਮਸ਼ੀਨ-ਚਾਲਕ ਛੇਤੀ ਛੇਤੀ ਸਿਖਲਾਏ ਹੋਏ ਤੇ ਨਾ-ਤਜਰਬਾਕਾਰ ਸਨ । ਮੇਦਵੇਦਕੋਵੋ, ਯੇਰੇਮੀਨੋ ਤੇ ਗਵਾਂਢੀ ਪਿੰਡਾਂ ਨੇ ਸਾਂਝੇ ਖੇਤ ਵਿਚ ਦਾਖ਼ਲੇ ਲਈ ਅਰਜ਼ੀਆਂ ਦਿਤੀਆਂ ਤੇ ਮਰਜ਼ੀ ਨਾਲ ਕੰਮ ਦੇ ਨਵੇਂ ਤਰੀਕੇ ਆਪਣਾ ਲਏ । ਦਸ ਵਰ੍ਹੇ ਪਿਛੋਂ, ਸੰਨ ੧੯੪੦ ਵਿਚ, ਤਮੀਰੀਯਾਜ਼ੇਵ ਸਾਂਝਾ ਖੇਤ ਗੋਰਕੀ ਖੰਡ ਦੇ ਸਭ ਤੋਂ ਵਡੇ ਖੇਤਾਂ ਵਿਚ ਹੋ ਗਿਆ । ਇਹਦੇ ਵਿਚ ੩੪ ਛੋਟੇ ਛੋਟੇ ਪਿੰਡਾਂ ਦੇ ੪੬੦ ਕਿਸਾਨ ਘਰ ਜੁੜੇ ਹੋਏ ਸਨ ਤੇ ਇਹਦੀ ਰਕਮ-ਆਮਦਨ ੧੫ ਲੱਖ ਰੂਬਲ ਸਾਲਾਨਾ ਹੋ ਗਈ ਹੋਈ ਸੀ ।

Digitized by Arya Samaj Foundation Chennai and eGangotri

पुस्तकालय
गुरुकुल काँगड़ी

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝਾ ਕਿਸਾਨ ਸਾਂਝੇ ਖੇਤ ਦਾ ਮਾਲਕ ਹੈ

ਮੈਂ ਖੇਤਾਂ ਵਿਚ, ਪਸ਼ੂ-ਪਾਲਣਾ ਦੇ ਕੇਂਦਰਾਂ ਤੇ ਵਰਕਸ਼ਾਪਾਂ ਵਿਚ ਕਿੰਨੇ ਹੀ ਕਿਸਾਨਾਂ ਨਾਲ ਗੱਲਾਂ ਕੀਤੀਆਂ। ਇਕ ਖਾਸ ਲੱਛਣ ਨੇ ਮੇਰਾ ਧਿਆਨ ਖਿਚਿਆ : ਸਾਂਝੇ ਖੇਤ ਦੇ ਹਰ ਮੈਂਬਰ ਕਿਸਾਨ ਨੂੰ ਇੰਜ ਮਹਿਸੂਸ ਹੁੰਦਾ ਸੀ, ਜਿਵੇਂ ਉਹ ਖੇਤ ਦੀ ਸਾਂਝੀ ਜਾਇਦਾਦ ਦਾ ਮਾਲਕ ਹੋਵੇ। ਉਹ ਸਾਂਝੇ ਖੇਤ ਦੀਆਂ ਜਿੱਤਾਂ ਮਾਨ ਨਾਲ ਦਸਦਾ, ਭਵਿਖ ਦੀਆਂ ਸੰਭਾਵਨਾਵਾਂ ਦਾ ਜ਼ਿਕਰ ਕਰਦਿਆਂ ਉਹ ਲੋਰ ਵਿਚ ਵਿਚ ਆ ਜਾਂਦਾ।

"ਹਾਂ, ਅਸੀਂ ਹੀ ਮਾਲਕ ਹਾਂ, ਪੁਤਰਾ," ਇਕ ਬ੍ਰਿਧ ਸਾਂਝੀ ਕਿਸਾਨ, ਐਨਾ ਲੋਕਤੇਵਾ ਨੇ ਬੜੀ ਸ਼ਾਨ ਨਾਲ ਕਿਹਾ। "ਮੈਂ ਸੱਠਾਂ ਤੋਂ ਉਤੇ ਹਾਂ, ਪਰ ਮੈਂ ਸਾਰੀਆਂ ਮੀਟਿੰਗਾਂ ਵਿਚ ਜਾਂਦੀ ਹਾਂ ਤੇ ਕੀਤੇ ਜਾਣ ਵਾਲੇ ਕੰਮ ਲਈ ਆਪਣੀ ਮਤ ਦੇਣੀ ਹਾਂ। ਤੇ ਇਹ ਹੈ ਵੀ ਸੁਭਾਵਕ! ਅਸੀਂ ਸਾਰੇ ਏਥੋਂ ਦੇ ਮਾਲਕ ਹਾਂ, ਅਸੀਂ ਸਾਰਾ ਕੁਝ ਰਲ ਕੇ ਉਸਾਰਿਆ ਏ।"

ਇਹ ਸਾਂਝ ਦਾ, ਆਪਸੀ ਜ਼ਿਮੇਵਾਰੀ ਤੇ ਸਾਂਝੇ ਖੇਤ ਦੇ ਪਰਬੰਧ ਲਈ ਜ਼ਰੂਰੀ ਜਮਹੂਰੀਅਤ ਦੇ ਨਿਯਮਾਂ ਦਾ ਅਹਿਸਾਸ ਹਰ ਕਦਮ ਤੇ ਹੁੰਦਾ ਸੀ। ਭਾਵੇਂ ਸੁਆਲ ਸਾਲਾਨਾ ਪੈਦਾਵਾਰੀ ਸਕੀਮ ਦੀ ਮਨਜ਼ੂਰੀ ਦੇਣ ਦਾ ਹੋਵੇ, ਰਕਮਾਂ ਤੇ ਫਸਲਾਂ ਵਿਚ ਆਮਦਨੀ ਦੀ ਵੰਡ ਦਾ ਹੋਵੇ, ਡੰਗਰ ਤੇ ਮਸ਼ੀਨਾਂ ਖਰੀਦਣ ਦਾ ਹੋਵੇ, ਮਸ਼ੀਨ ਤੇ ਟਰੈਕਟਰ ਸਟੇਸ਼ਨ ਨਾਲ ਮੁਆਹਿਦਾ ਕਰਨ ਦਾ ਹੋਵੇ, ਕੰਮਾਂ ਦੇ ਹਿੱਸੇ ਮਿਥਣ ਦਾ ਹੋਵੇ, ਪ੍ਰਬੰਧਕ ਬੋਰਡ ਤੇ ਉਹਦੇ ਪਰਧਾਨ ਦੀ ਚੋਣ ਦਾ ਹੋਵੇ ਜਾਂ ਹੋਰਨਾਂ ਅਹਿਮ ਕਾਰਜਾਂ ਦਾ ਹੋਵੇ, ਸਾਰਾ ਕੁਝ ਸਾਂਝੇ ਖੇਤ ਦੇ ਮੈਂਬਰ ਵਿਚਾਰਦੇ ਹਨ ਤੇ ਖੇਤ ਦੀ ਸਭ ਤੋਂ ਉਚੀ ਜਥੇਬੰਦੀ, ਮੈਂਬਰਾਂ

CC-0. In Public Domain. Gurukul Kangri Collection, Haridwar

ਦੀ ਆਮ ਇਕੱਤ੍ਰਤਾ ਇਸ ਦਾ ਫ਼ੈਸਲਾ ਕਰਦੀ ਹੈ।

Digitized by Arya Samaj Foundation Chennai and eGangotri

ਸੋਵੀਅਤ ਯੂਨੀਅਨ ਦੇ ਹਰ ਇਕ ਸਾਂਝ ਖੇਤ ਵਾਂਗ ਤਮੀਰੀਯਾ-ਜ਼ਵ ਸਾਂਝਾ ਖੇਤ ਵੀ ਆਪਣੇ ਕਾਰਜ ਆਪ ਆਜ਼ਾਦੀ ਨਾਲ ਚਲਾਂਦਾ ਹੈ ਤੇ ਸੋਵੀਅਤ ਸਰਕਾਰ ਦੇ ਕਾਨੂੰਨਾਂ ਤੇ ਸਾਂਝੇ ਖੇਤ ਦੇ ਨਿਯਮਾਂ ਅਨੁਸਾਰ ਆਪਣਾ ਕੰਮ ਟੋਰਦਾ ਹੈ।

ਸਾਂਝੇ ਖੇਤ ਦੇ ਹਰ ਮੈਂਬਰ ਨੂੰ ਤਰੁੱਟੀਆਂ ਦੀ ਪੜਚੋਲ ਕਰਨ ਤੇ ਉਹਨਾਂ ਨੂੰ ਦੂਰ ਕਰਨ ਲਈ ਸੁਝਾਓ ਦੇਣ ਦਾ ਹਕ ਹੈ। ਸਾਰੇ ਸਾਂਝੇ ਕਿਸਾਨਾਂ ਵਲੋਂ ਸਾਂਝੇ ਖੇਤ ਦੇ ਮਾਮਲਿਆਂ ਦੀ ਨਿਰੋਲ ਤੇ ਸੰਪੂਰਨ ਬਹਿਸ, ਸਾਂਝੀ ਮਾਲਕੀ ਹੇਠਲੀ ਆਰਥਕਤਾ ਨੂੰ ਉੱਨਤ ਕਰਨ, ਇਹਨੂੰ ਹੋਰ ਲਾਭਵੰਦ ਬਣਾਨ ਤੇ ਇਹਦੇ ਸਾਰੇ ਮੈਂਬਰ ਕਿਸਾਨਾਂ ਦੀ ਕੰਮ-ਸੁਚੱਜਤਾ ਵਧਾਣ ਤੇ ਸਭਿਆਚਾਰਕ ਮਿਆਰ ਉਚੇ ਕਰਨ ਵਿਚ ਸਹਾਈ ਹੁੰਦੀ ਹੈ।

ਸੋਵੀਅਤ ਸਰਕਾਰ ਸਾਂਝੇ ਖੇਤ ਤੇ ਇਹਤੇ ਮੈਂਬਰ ਕਿਸਾਨਾਂ ਦੇ ਹਿਤਾਂ ਦੀ ਰਾਖੀ ਕਰਦੀ ਹੈ। ਸਥਾਨਕ ਅਧਿਕਾਰੀ ਸਾਂਝੇ ਖੇਤ ਦੀ, ਉਹਦੀਆਂ ਸਾਰੀਆਂ ਸਰਗਰਮੀਆਂ ਵਿਚ ਸਹਾਇਤਾ ਕਰਦੇ ਹਨ, ਪਰ ਉਹਨਾਂ ਨੂੰ ਸਾਂਝੇ ਖੇਤ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ, ਸਾਂਝੀ ਜਾਇਦਾਦ ਜਾਂ ਖੇਤ ਦੀ ਪੈਦਾਵਾਰ ਸਬੰਧੀ ਸੁਆਲਾਂ ਦਾ ਨਿਰਨਾ ਕਰਨ, ਕਿਸੇ ਨੂੰ ਵੀ ਸਾਂਝੇ ਖੇਤ ਦਾ ਚੱਪਾ ਜ਼ਮੀਨ ਦੇਣ ਦਾ ਹਕ ਵੀ ਨਹੀਂ।

ਸਾਂਝੇ ਖੇਤ ਦੇ ਕੰਮ ਦੀ ਬੁਨਿਆਦ ਇਕ ਪਲੈਨ ਉਤੇ ਹੁੰਦੀ ਹੈ, ਜਿਹੜੀ ਸਾਂਝੇ ਖੇਤ ਦੇ ਖ਼ਾਸ ਲਛਣਾਂ ਤੇ ਸੰਭਾਵਨਾਵਾਂ ਤੇ ਉਹਦੀ ਸਮੁੱਚੀ ਤਰੱਕੀ ਦਾ ਧਿਆਨ ਰਖਦੀ ਹੈ। ਇਹਦੇ ਸਦਕਾ ਜ਼ਰਾਇਤੀ ਪੈਦਾਵਾਰ ਵਿਚ ਵਾਧਾ ਤੇ ਸਾਂਝੇ ਕਿਸਾਨਾਂ ਦੇ ਜੀਵਨ ਵਿਚ ਲਗਾਤਾਰ ਉਨਤੀ ਹੁੰਦੀ ਹੈ। ਨਤੀਜਾ ਇਹ ਨਿਕਲਦਾ ਹੈ ਕਿ ਸਾਂਝੇ ਕਿਸਾਨਾਂ ਤੇ ਸਰਕਾਰ ਦੋਨਾਂ ਨੂੰ ਦਿਲਚਸਪੀ ਹੁੰਦੀ ਹੈ ਕਿ ਖ਼ੁਰਾਕ ਤੇ ਸਨਅਤ ਦੀਆਂ ਫ਼ਸਲਾਂ ਅਤੇ ਪਸ਼ੂ-ਪਾਲਣਾ ਦੀ ਉਨਤੀ ਸਬੰਧੀ ਸਰਕਾਰੀ ਪਲੈਨ ਦੇ ਟੀਚੇ ਸਫਲਤਾ ਨਾਲ ਪੂਰੇ ਹੋਣ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤਮੀਰੀਯਾਜ਼ੇਵ ਸਾਂਝੇ ਖੇਤ ਦੇ ਬੋਰਡ ਦੀ ਇਕ ਮੀਟਿੰਗ । ਖੱਬੇ ਹੱਥ ਦੂਜੀ ਕੁਰਸੀ ਤੇ ਸਾਂਝੇ ਖੇਤ ਦਾ ਪਰਧਾਨ ਆਈ. ਏ. ਯੇਮੇਲਯਾਨੋਵ ਬੈਠਾ ਹੋਇਆ ਹੈ ।

CC-0. In Public Domain. Gurukul Kangri Collection, Haridwar

ਆਮ ਇਕਤਰਤਾ ਸਾਂਝੇ ਖੇਤ ਵਿਚ ਇਕ ਅਹਿਮ ਮੌਕਾ ਹੁੰਦੀ ਹੈ।
Digitized by Arya Samaj Foundation Chennai and eGangotri
ਇਹ ਤਿੰਨਾਂ ਮਹੀਨਿਆਂ ਵਿਚ ਅੱਟਾ ਸੱਟਾ ਦੋ ਵਾਰੀ ਕੀਤੀ ਜਾਂਦੀ ਹੈ। ਮੀਟਿੰਗ ਦੀਆਂ ਤਿਆਰੀਆਂ ਅਗਾਊਂ ਹੀ ਕੀਤੀਆਂ ਜਾਂਦੀਆਂ ਹਨ: ਏਜੰਡੇ ਦਾ ਐਲਾਨ ਕੀਤਾ ਜਾਂਦਾ ਹੈ, ਰਿਪੋਰਟ ਦੇਣ ਲਈ ਇਕ ਮੈਂਬਰ ਨੀਯਤ ਕੀਤਾ ਜਾਂਦਾ ਹੈ ਤੇ ਲੋੜੀਂਦਾ ਮਸਾਲਾ ਇਕੱਠਾ ਕੀਤਾ ਜਾਂਦਾ ਹੈ। ਇਹਨਾਂ ਮੀਟਿੰਗਾਂ ਤੇ ਬੁਲਾਰਿਆਂ ਦੀ ਘਾਟ ਨਹੀਂ ਹੁੰਦੀ। ਸਾਂਝੇ ਕਿਸਾਨ ਸਾਂਝੇ ਖੇਤ ਦੇ ਕੰਮ ਵਿਚ ਠੋਸ ਤਰੁੱਟੀਆਂ ਲਈ ਜ਼ਿਮੇਂਵਾਰ ਸ਼ਖ਼ਸਾਂ ਦੀ ਪੜਚੋਲ ਕਰਦੇ ਹਨ, ਭਾਵੇਂ ਉਹ ਕਿਸੇ ਪੁਜ਼ੀਸ਼ਨ ਤੇ ਵੀ ਕਿਉਂ ਨਾ ਹੋਣ, ਕੰਮ ਨੂੰ ਉੱਨਤ ਕਰਨ ਲਈ ਸੁਝਾਓ ਪੇਸ਼ ਕਰਦੇ ਹਨ।

ਤਮੀਰੀਯਾਜ਼ੇਵ ਸਾਂਝੇ ਖੇਤ ਵਿਚ ਇਕ ਮੰਨਿਆ ਪ੍ਰਮੰਨਿਆ ਰਵਾਜ ਹੈ ਕਿ ਸਾਂਝੇ ਕਿਸਾਨਾਂ ਦੇ ਸਾਰੇ ਸੁਝਾਵਾਂ ਤੇ ਟੀਕਾ ਟਿਪਣੀ ਨੂੰ ਲਿਖ ਲਿਆ ਜਾਏ। ਪ੍ਰਬੰਧਕ ਬੋਰਡ ਪਿਛੋਂ ਇਹਨਾਂ ਸੁਝਾਵਾਂ ਤੇ ਹੋਈ ਟੀਕਾ ਟਿਪਣੀ ਉਤੇ ਵਿਚਾਰ ਕਰਦਾ ਹੈ ਤੇ ਜ਼ਰੂਰੀ ਕਦਮ ਚੁਕਦਾ ਹੈ।

ਮੈਂ ਸਾਂਝੇ ਕਿਸਾਨਾਂ ਦੀਆਂ ਮੀਟਿੰਗਾਂ ਦੀਆਂ ਰਿਪੋਰਟਾਂ ਪੜ੍ਹੀਆਂ। ਫ਼ਾਇਲਾਂ ਫੋਲਦਿਆਂ ਮੈਂ ਵੇਖਿਆ ਕਿ ਸਾਂਝੇ ਖੇਤ ਦੇ ਮੁਖ ਮਸਲੇ ਇਹਨਾਂ ਮੀਟਿੰਗਾਂ ਵਿਚ ਕਿੰਨੀ ਸੰਪੂਰਨਤਾ ਨਾਲ ਵਿਚਾਰੇ ਜਾਂਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਕੀਤੇ ਗਏ ਫ਼ੈਸਲੇ ਆਮ ਤੌਰ ਤੇ ਬਹੁਤ ਯੋਗ ਹੁੰਦੇ ਹਨ।

ਮਿਸਾਲ ਲਈ ਮੈਂ ੧੨ ਫ਼ਰਵਰੀ, ਸੰਨ ੧੯੫੩ ਦੀ ਮੀਟਿੰਗ ਦੀ ਰਿਪੋਰਟ ਲੈਂਦਾ ਹਾਂ। ਇਸ ਮੀਟਿੰਗ ਵਿਚ ਪ੍ਰਬੰਧਕਾਂ ਦੀ ਰਿਪੋਰਟ, ਪੜਤਾਲੀਆ ਕਮਿਸ਼ਨ ਦੀ ਸਾਂਝੀ ਰਿਪੋਰਟ ਤੇ ਨਾਲ ਹੀ ਮਸ਼ੀਨ ਤੇ ਟਰੈਕਟਰ ਸਟੇਸ਼ਨ ਨਾਲ ਮੁਆਹਿਦੇ ਦੀ ਪੂਰਤੀ ਦੀ ਰਿਪੋਰਟ ਉਤੇ ਬਹਿਸ ਹੋਈ। ੯੦੫ ਲੋਕ ਹਾਜ਼ਰ ਸਨ। ਕਿੰਨੇ ਹੀ ਬੁਲਾਰਿਆਂ ਨੇ ਸਾਂਝੇ ਖੇਤ ਦੇ ਪ੍ਰਬੰਧ ਅਤੇ ਮਸ਼ੀਨ ਤੇ ਟਰੈਕਟਰ ਸਟੇਸ਼ਨ ਦੇ ਕੰਮ ਦੀਆਂ ਤਰੁੱਟੀਆਂ ਦੀ ਟੀਕਾ ਟਿਪਣੀ ਕੀਤੀ ਤੇ ਆਪਣੇ ਵਿਚਾਰ ਅਨੁਸਾਰ ਸਾਂਝੇ ਖੇਤ ਦੀ ਤਰੱਕੀ ਨੂੰ ਅਗੇਰੇ ਲਜਾਣ ਲਈ ਲੋੜੀਂਦੀਆਂ ਠੋਸ

CC-0. In Public Domain. Gurukul Kangri Collection, Haridwar

ਕਾਰਵਾਈਆਂ ਦੇ ਸੁਝਾਓ ਦਿਤ।

Digitized by Arya Samaj Foundation Chennai and eGangotri

ਸਾਂਝਾ ਕਿਸਾਨ ਮਿਖੇਲ ਸ਼ੀਸ਼ਕੋਵ ਅਨਾਜ ਦੀ ਉਪਜ ਨੂੰ ਚਖਾ ਵਧਾਣ ਦੀ ਲੋੜ ਬਾਰੇ ਬੋਲਿਆ। ਉਹਨੇ ਸੁਝਾਓ ਦਿਤਾ ਕਿ ਮਾਅਦਨੀ ਖਾਦਾਂ ਦੀ ਖਰੀਦ ਲਈ ਵਧੇਰੀ ਰਕਮ ਰਖੀ ਜਾਏ। ਮੀਟਿੰਗ ਨੇ ਉਹਦੀ ਤਜਵੀਜ਼ ਪਰਵਾਨ ਕਰ ਲਈ ਤੇ ਪ੍ਰਬੰਧਕਾਂ ਨੇ ਇਹਨੂੰ ਸਿਰੇ ਚੜ੍ਹਾਇਆ।

ਪੇਵਲ ਬਰੋਵਕਿਨ ਨੇ ਨਵੇਂ ਤਬੇਲੇ ਉਸਾਰਨ ਦਾ ਸੁਝਾਓ ਦਿਤਾ।

ਮੈਂ ਦਫ਼ਤਰ ਤੋਂ ਪਤਾ ਕੀਤਾ ਕਿ ਇਸ ਸੁਝਾਓ ਬਾਰੇ ਕੁਝ ਕੀਤਾ ਗਿਆ ਹੈ ਜਾਂ ਨਹੀਂ। ਮੈਨੂੰ ਦਸਿਆ ਗਿਆ : "ਤਬੇਲੇ ਅਮਲੀ ਤੌਰ ਤੇ ਤਿਆਰ ਨੇ, ਸਿਰਫ਼ ਛੱਤਾਂ ਪਾਣੀਆਂ ਰਹਿ ਗਈਆਂ ਨੇ।"

ਦਮਿਤਰੀ ਬਾਇਚਕੋਵ ਦੀ ਤਜਵੀਜ਼ ਤੇ ਸਾਂਝ ਖੇਤ ਨ ਸਾਰਾ ਸਾਲ ਸਬਜ਼ੀਆਂ ਉਗਾਣ ਲਈ ਇਕ ਹੋਰ ਗਰਮ ਖਾਨੇ ਦੀ ਉਸਾਰੀ ਕਰਨੀ ਮੰਨੀ।

ਸਾਂਝੇ ਕਿਸਾਨ ਦੀ ਹਰ ਕੀਮਤੀ ਤਜਵੀਜ਼ ਨੂੰ ਜ਼ਰੂਰ ਹੀ ਆਮ ਹਮਾਇਤ ਮਿਲੇਗੀ ਤੇ ਉਹਨੂੰ ਆਮ ਤੌਰ ਤੇ ਅਮਲ ਵਿਚ ਲਿਆਂਦਾ ਜਾਏਗਾ।

ਸਾਂਝੇ ਖੇਤ ਦੇ ਨਿਤ ਦੇ ਕੰਮਾਂ ਦਾ ਪ੍ਰਬੰਧ ਮੈਂਬਰ ਕਿਸਾਨਾਂ ਵਲੋਂ ਦੋ ਵਰ੍ਹਿਆਂ ਦੀ ਮਿਆਦ ਲਈ ਚੁਣੇ ਹੋਏ ਪ੍ਰਬੰਧਕ ਬੋਰਡ ਤੇ ਸਾਂਝੇ ਖੇਤ ਦੇ ਪਰਧਾਨ ਦੇ ਹਥ ਹੁੰਦਾ ਹੈ। ਬੋਰਡ ਸਾਂਝੇ ਖੇਤ ਦੀ ਅਧਿਕਾਰੀ ਸੰਸਥਾ ਹੈ ਤੇ ਆਮ ਇਕਤ੍ਰਤਾ ਅਗੇ ਜੁਆਬ ਦੇਹ ਹੈ। ਬੋਰਡ ਖੇਤੀ-ਵਗਿਆਨ ਦੀਆਂ ਜਿੱਤਾਂ ਦੀ ਵਰਤੋਂ ਵਧਾਣ ਤੇ ਮੁਖੀ ਕਿਸਾਨਾਂ ਦੇ ਤਜਰਬੇ ਨੂੰ ਫੈਲਾਣ ਲਈ ਕਦਮ ਚੁਕਦਾ ਹੈ। ਉਹ ਵਾਹੀ ਦੀਆਂ ਸਾਰੀਆਂ ਸ਼ਾਖਾਂ ਦੀ ਮਾਅਕੂਲ ਤਰੱਕੀ ਲਈ ਕਾਰਵਾਈਆਂ ਕਰਦਾ ਹੈ। ਉਹ ਮਿਹਨਤ ਦੀ ਯੋਗ ਜਥੇਬੰਦੀ ਤੇ ਉਹਦੇ ਲਈ ਉਜਰਤ-ਅਦਾਇਗੀ ਲਈ ਜ਼ਿਮੇਵਾਰ ਹੈ। ਪਿੰਡ ਦੀ ਤਰੱਕੀ ਤੇ ਸਾਂਝੇ ਖੇਤ ਦੇ ਮੈਂਬਰ ਕਿਸਾਨਾਂ ਤੇ ਉਹਨਾਂ ਦੇ ਟਬਰਾਂ ਲਈ ਸਭਿਆਚਾਰਕ ਸੇਵਾ ਦੀ ਜਥਬੰਦੀ ਉਹਦੇ ਸਿਰ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂਬਰ ਕਿਸਾਨਾਂ ਨੂੰ ਨਾ ਸਿਰਫ਼ ਪਰਧਾਨ ਤੇ ਬੋਰਡ ਦੇ ਕਿਸੇ ਵੀ ਮੈਂਬਰ ਉਤੇ ਪੜਚੋਲ ਕਰਨ ਦਾ ਹਕ ਹੀ ਹੈ, ਸਗੋਂ ਉਹ ਨਿਯਮਾਂ ਅਨੁਸਾਰ ਇਸ ਆਗੂ ਸੰਸਥਾ ਦੇ ਕਿਸੇ ਵੀ ਮੈਂਬਰ ਨੂੰ ਮਾੜੇ ਕੰਮ, ਆਮ ਇਕੱਤ੍ਰਤਾ ਦੇ ਫ਼ੈਸਲੇ ਸਿਰੇ ਨਾ ਚੜ੍ਹਾਨ, ਸਾਂਝੇ ਖੇਤ ਜਾਂ ਸਟੇਟ ਦੇ ਹਿਤਾਂ ਨੂੰ ਹਾਣ ਪਹੁੰਚਾਣ ਦੇ ਕਾਰਨ ਹਟਵਾ ਵੀ ਸਕਦਾ ਹੈ। ਪਰ, ਤਮੀਰੀ-ਯਾਜ਼ੇਵ ਸਾਂਝੇ ਖੇਤ ਵਿਚ ਅਜਿਹਾ ਕਦਮ ਚੁੱਕਣ ਦੀ ਕਦੀ ਲੋੜ ਪਰਤੀਤ ਨਹੀਂ ਹੋਈ।

ਤਮੀਰੀਯਾਜ਼ੇਵ ਸਾਂਝੇ ਖੇਤ ਦਾ ਬੋਰਡ ਸੁਚੱਜੇ ਪ੍ਰਬੰਧ ਕਰਕੇ ਮਸ਼ਹੂਰ ਹੈ। ਇਹਦੇ ਨੌਂ ਮੈਂਬਰ ਹਨ। ਉਹ ਖੇਤ ਵਿਚ ਸਭ ਤੋਂ ਵਧ ਤਜਰਬੇ ਤੇ ਸੁਯੋਗਤਾ ਦੇ ਮਾਲਕ ਹਨ। ਬੋਰਡ ਦਾ ਹਰ ਇਕ ਮੈਂਬਰ ਪੈਦਾਵਾਰ ਦੇ ਇਕ ਖਾਸ ਭਾਗ ਲਈ ਜ਼ਿਮੇਵਾਰ ਹੈ। ਇਸ ਤਰ੍ਹਾਂ ਬੋਰਡ ਖੇਤ ਦੀ ਆਰਥਕਤਾ ਦੀ ਹਰ ਇਕ ਸ਼ਾਖ ਵਲ ਘੋਖਵਾਂ ਧਿਆਨ ਦੇ ਸਕਦਾ ਹੈ।

ਮੀਤ-ਪਰਧਾਨ, ਪਿਓਤਰ ਗੁਜ਼ੇਵ ਸਬਜ਼ੀਆਂ ਤੇ ਆਲੂਆਂ ਦੀ ਕਾਸ਼ਤ ਦਾ ਮਾਹਿਰ ਮੰਨਿਆ ਜਾਂਦਾ ਹੈ। ਉਹ ਇਹਨਾਂ ਸਬੰਧੀ ਸਾਰੀਆਂ ਸਜਰੀਆਂ ਘਟਨਾਵਾਂ ਦੀ ਵਾਕਫ਼ੀ ਰਖਦਾ ਹੈ। ਖਾਸ ਸਾਹਿੱਤ ਪੜ੍ਹਦਾ ਹੈ ਤੇ ਸਿਰਕਢ ਸਾਇੰਸਦਾਨਾਂ ਦੇ ਕੰਮ ਤੇ ਰਚਨਾਵਾਂ ਤੇ ਵਿਸ਼ੇਸ਼ ਤੌਰ ਤੇ (ਸਤਾਲਿਨ ਇਨਾਮ ਜੇਤੂ) ਸਾਇੰਸਦਾਨਾਂ ਵੀ. ਏਦਲ-ਸਤਾਇਨ ਤੇ ਜੀ. ਲੋਰਖ ਦੇ ਕੰਮ ਤੇ ਰਚਨਾਵਾਂ ਤੋਂ ਜਾਣੂ ਹੈ। ਉਹਨੂੰ ਆਪਣਾ ਕੰਮ ਆਉਂਦਾ ਹੈ ਤੇ ਉਹਨੂੰ ਉਹਦਾ ਸ਼ੌਕ ਵੀ ਹੈ। ਇਸ ਲਈ ਉਹਨੂੰ ਸਬਜ਼ੀਆਂ ਦੀ ਕਾਸ਼ਤ ਦਾ ਇਨਚਾਰਜ ਬਣਾਇਆ ਗਿਆ ਹੈ।

ਦੀਮਤਰੀ ਸਕਵੋਰਤਸੋਵ ਤੇ ਨਾਦੇਜ਼ਦਾ ਗੇਨੀਏਵਾ ਪਸ਼ੂ-ਪਾਲਣਾ ਲਈ ਜ਼ਿਮੇਵਾਰ ਹਨ। ਇਵਾਨ ਪਖ਼ਤੂਸੋਵ ਨੂੰ ਉਸਾਰੀ ਦਾ ਪੂਰਾ ਗਿਆਨ ਹੈ। ਪੇਵਲ ਲੈਨੀਚੋਵ ਸ਼ੌਕੀਆ ਕਲਾ ਸਰਗਰਮੀਆਂ ਦੇ ਸ਼ੁਕੀਨ ਦੇ ਤੌਰ ਤੇ ਮਸ਼ਹੂਰ ਹੈ, ਉਹ ਸਾਂਝੇ ਖੇਤ ਵਿਚ ਸਾਰੇ ਸਭਿਆਚਾਰਕ ਕੰਮਾਂ ਨੂੰ ਸ਼ਾਨਦਾਰ ਤਰੀਕੇ ਨਾਲ ਜਥੇਬੰਦ ਕਰਦਾ ਹੈ।

ਇਕ ਸਦਾ-ਚਾਲੂ ਸੰਸਥਾ, ਪੜਤਾਲੀਆ ਕਮਿਸ਼ਨ, ਸਾਂਝੇ ਖੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਜੀਵਨ ਵਿਚ ਅਹਿਮ ਪਾਰਟ ਅਦਾ ਕਰਦੀ ਹੈ। ਇਹ ਕਮਿਸ਼ਨ ਆਮ ਇਕਤਰਤਾ ਵਿਚ ਦੋ ਵਰ੍ਹਿਆਂ ਦੀ ਮਿਆਦ ਲਈ ਚੁਣਿਆ ਜਾਂਦਾ ਹੈ। ਇਕ ਹੋਰ ਖਾਸ ਹਕੀਕਤ ਇਹ ਹੈ ਕਿ ਬੋਰਡ ਦੇ ਮੈਂਬਰਾਂ ਤੇ ਉਹਨਾਂ ਦੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਤੇ ਵਾਹੀ ਦੀ ਇਕ ਜਾਂ ਦੂਜੀ ਸ਼ਾਖ ਦੇ ਹਿਸਾਬੀਆਂ, ਸਟੋਰ ਕੀਪਰਾਂ ਜਾਂ ਮੈਨੇਜਰਾਂ ਨੂੰ ਪੜਤਾਲੀਆ ਕਮਿਸ਼ਨ ਵਿਚ ਨਹੀਂ ਚੁਣਿਆ ਜਾਂਦਾ।

ਪੜਤਾਲੀਆ ਕਮਿਸ਼ਨ ਦੇ ਪਰਧਾਨ, ਕੁਜ਼ਮਾ ਨਾਰੀਚੇਵ ਨੇ ਮੈਨੂੰ ਦਸਿਆ ਕਿ ਕਮਿਸ਼ਨ ਬੋਰਡ ਦੀਆਂ ਸਾਰੀਆਂ ਸਰਗਰਮੀਆਂ ਤੇ ਹਿਸਾਬ ਕਿਤਾਬ ਦੀਆਂ ਕਿਤਾਬਾਂ ਤੇ ਹੋਰਨਾਂ ਰੀਕਾਰਡਾਂ ਉਤੇ ਬਾਕਾਇਦਾ ਕੰਟਰੋਲ ਰਖਦਾ ਹੈ ਤਾਂ ਜੋ ਨਿਯਮਾਂ ਅਨੁਸਾਰ ਰਖੀਆਂ ਗਈਆਂ ਰਕਮਾਂ ਦੀ ਯੋਗ ਵਰਤੋਂ, ਸਾਂਝੇ ਖੇਤ ਦੇ ਯੋਗ ਪ੍ਰਬੰਧ, ਸਰਕਾਰ ਵਲ ਸਾਂਝੇ ਖੇਤ ਦੀਆਂ ਜ਼ਿਮੇਵਾਰੀਆਂ ਦੀ ਵੇਲੇ ਸਿਰ ਪੂਰਤੀ ਤੇ ਸਾਂਝੇ ਖੇਤ ਦੀਆਂ ਰਕਮਾਂ ਤੇ ਜਾਇਦਾਦ ਦਾ ਗਬਨ ਤੋਂ ਬਚਾਓ ਨੂੰ ਯਕੀਨੀ ਬਣਾਇਆ ਜਾ ਸਕੇ।

ਪੜਤਾਲੀਆ ਕਮਿਸ਼ਨ ਮੈਂਬਰ ਕਿਸਾਨਾਂ ਨੂੰ ਦਰੁਸਤ ਅਦਾਇ-ਗੀਆਂ, ਕੰਮ-ਦਿਹਾੜੀ ਦੇ ਯੂਨਟਾਂ ਦੇ ਦਰੁਸਤ ਅੰਦਾਜ਼ੇ ਤੇ ਆਮਦਨੀ ਦੀ ਵੰਡ ਨੂੰ ਯਕੀਨੀ ਬਣਾਨ ਲਈ ਕੰਮ ਦੇ ਰੀਕਾਰਡਾਂ ਉਤੇ ਕੰਟਰੋਲ ਰਖਦਾ ਹੈ। ਪੜਤਾਲੀਆ ਕਮਿਸ਼ਨ ਖਜ਼ਾਨੇ, ਸਟੋਰਾਂ, ਅਨ-ਭੜੋਲਿਆਂ ਪਸ਼ੂ-ਪਾਲਣਾ ਦੇ ਵਿਭਾਗਾਂ ਆਦਿ ਦੀ ਅਚਾਣਕ ਪੜਤਾਲ ਕਰਵਾ ਸਕਦਾ ਹੈ। ਜੇ ਕੋਈ ਸਖ਼ਤ ਤਰੁਟੀਆਂ ਜਾਂ ਮੰਦੀ ਵਰਤੋਂ ਦਾ ਪਤਾ ਲਗੇ, ਤਾਂ ਇਹਨੂੰ ਸਾਂਝੇ ਖੇਤ ਦੇ ਪਰਧਾਨ ਤੋਂ ਮੰਗ ਕਰਨ ਦਾ ਹਕ ਹੈ, ਕਿ ਉਹ ਸਾਂਝੇ ਕਿਸਾਨਾਂ ਦੀ ਇਕ ਅਸਾਧਾਰਨ ਆਮ ਇਕੱਤਰਤਾ ਬੁਲਾਏ।

ਮੈਂ ਕੁਝ ਸਾਂਝੇ ਕਿਸਾਨਾਂ ਨੂੰ ਕਹਿੰਦਿਆਂ ਸੁਣਿਆਂ : "ਪਰਧਾਨ ਹਰ ਚੀਜ਼ ਦਾ ਮੁਖੀਆ ਹੈ।" ਇਹਨਾਂ ਲਫ਼ਜ਼ਾਂ ਵਿਚ ਪਰਧਾਨ ਲਈ ਸਤਿਕਾਰ ਤੇ ਉਹਦੇ ਤੋਂ ਬਹੁਤ ਆਸ ਰਖਣ ਦਾ ਵਤੀਰਾ ਮਹਿਸੂਸ ਕੀਤਾ ਜਾ ਸਕਦਾ ਹੈ। ਉਹਦਾ ਸਾਂਝੇ ਕਿਸਾਨਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੁਝ ਅਧਿਕਾਰ ਹੋਣਾ ਚਾਹੀਦਾ ਹੈ। ਤੇ ਅਧਿਕਾਰ ਤਾਂ ਹੀ ਜਿੱਤਿਆ ਜਾ ਸਕਦਾ ਹੈ ਜੇ ਉਹ ਵਿਖਾ ਦੇਵੇ ਕਿ ਉਹ ਇਕ ਸਿਆਣਾ ਜਥੇਦਾਰ ਹੈ ਤੇ ਸਾਂਝੇ ਖੇਤ ਨਾਲ ਸਨੇਹ ਰਖਣ ਵਾਲਾ ਦਿਆਨਤਦਾਰ ਪ੍ਰਬੰਧਕ ਹੈ। ਉਹਨੂੰ ਖੇਤੀ-ਵਗਿਆਨ, ਪਸ਼ੂ-ਪਾਲਣਾ ਤੇ ਖੇਤ-ਪ੍ਰਬੰਧ ਦਾ ਸੰਪੂਰਨ ਗਿਆਨ ਹੋਣਾ ਚਾਹੀਦਾ ਹੈ। ਇਹਦੇ ਬਿਨਾ ਵੰਨ ਸਵੰਨੀ ਆਰਥਕਤਾ ਵਾਲੇ ਇਕ ਵਡੇ ਖੇਤ ਨੂੰ ਚਲਾਣਾ ਅਸੰਭਵ ਹੈ। ਤੇ ਤਮੀਰੀਯਾਜ਼ੇਵ ਸਾਂਝੇ ਖੇਤ ਦਾ ਪਰਧਾਨ, ਇਕ ਕਮਿਊਨਿਸਟ, ਈਵਾਨ ਘੇਮੇਲਯਾਨੋਵ ਹੈ, ਜਿਹੜਾ ਇਹਨਾਂ ਸਾਰੀਆਂ ਖੂਬੀਆਂ ਦਾ ਮਾਲਕ ਹੈ। ਇਹ ਗਲ ਇਸ ਤਰ੍ਹਾਂ ਪੱਕੀ ਹੋ ਜਾਂਦੀ ਹੈ ਕਿ ਸਾਂਝੇ ਕਿਸਾਨਾਂ ਨੂੰ ਉਸ ਨੂੰ ਇਸ ਅਹੁਦੇ ਲਈ ਮੁੜ ਘਿੜ ੧੧ ਵਾਰੀ ਤੇ ਹਰ ਵਾਰੀ ਸਰਬ ਸੰਮਤੀ ਨਾਲ ਚੁਣਿਆ ਹੈ।

ਪਰਧਾਨ ਖੇਤ ਦੀ ਸਾਂਝੀ ਆਰਥਕਤਾ ਦੀ ਹਾਲਤ, ਜ਼ਮੀਨ, ਮਾਲ ਡੰਗਰ, ਮਸ਼ੀਨਾਂ ਦੀ ਯੋਗ ਵਰਤੋਂ ਤੇ ਖੇਤ ਦੀ ਸਾਂਝੀ ਜਾਇਦਾਦ ਲਈ ਜ਼ਿਮੇਵਾਰ ਹੈ। ਉਹ ਨਿਤ ਖੇਤ ਦੇ ਕੰਮ ਦੀ ਰਾਹਨੁਮਾਈ ਕਰਦਾ ਹੈ। ਦਿਨੇ ਉਹਨੂੰ ਪੈਲੀਆਂ ਤੇ ਪਸ਼ੂ-ਪਾਲਣਾ ਦੇ ਵਿਭਾਗਾਂ ਵਿਚ ਵੇਖਿਆ ਜਾ ਸਕਦਾ ਹੈ, ਜਿਥੇ ਉਹ ਜਥਿਆਂ ਦੇ ਲੀਡਰਾਂ ਜਾਂ ਪਸ਼ੂ-ਪਾਲਣਾ ਦੇ ਵਿਭਾਗਾਂ ਦੇ ਪ੍ਰਬੰਧਕਾਂ ਨੂੰ ਹਦਾਇਤਾਂ ਦੇ ਰਿਹਾ ਹੁੰਦਾ ਹੈ। ਸਾਂਝੇ ਕਿਸਾਨਾਂ ਨਾਲ ਉਹਦਾ ਲਗਾਤਾਰ ਮੇਲ ਤੇ ਖੇਤ ਦੇ ਮਾਮਲਿਆਂ ਦਾ ਸੰਪੂਰਨ ਗਿਆਨ ਉਹਨੂੰ ਆਪਣੇ ਫਰਜ਼ ਸੁਚੱਜਤਾ ਨਾਲ ਨਿਭਾਣ ਦੇ ਯੋਗ ਬਣਾਂਦੇ ਹਨ।

ਮੈਂ ਘੇਮੇਲਯਾਨੋਵ ਨੂੰ ਕਿੰਨੇ ਹੀ ਮੌਕਿਆਂ ਤੇ ਮਿਲਿਆ ਉਹ ਕੁਝ ਹੌਲੀ ਟੋਰ ਵਾਲਾ ਤੇ ਪਹਿਲੀ ਨਜ਼ਰੇ ਕੁਝ ਘੁਟਿਆ ਘੁਟਿਆ ਜਿਹਾ ਲਗਦਾ ਹੈ। ਪਰ ਜਦੋਂ ਹੀ ਬਹਿਸ ਉਹਨਾਂ ਸੁਆਲਾਂ ਤੇ ਆ ਜਾਂਦੀ ਏ, ਜਿਹੜੇ ਖੇਤ ਦੇ ਕੰਮ ਨਾਲ ਸਬੰਧਤ ਹੁੰਦੇ ਹਨ, ਉਹ ਗਲਾਂ ਲਈ ਤਿਆਰ ਦਿਸਣ ਲਗ ਪੈਂਦਾ ਹੈ। ਉਹਨੂੰ ਸਾਂਝੇ ਖੇਤ ਦੀਆਂ ਭਵਿਖੀ ਸੰਭਾਵਨਾਵਾਂ ਦੀਆਂ, ਤੇ ਖੇਤੀ ਦੀ ਤਰੱਕੀ ਨੂੰ ਇਸ ਲਈ ਅਗੇ ਲਿਜਾਣ ਦੀਆਂ ਗਲਾਂ ਕਰਦਿਆਂ ਸੁਣਨ ਵਿਚ ਉਚੇਚਾ ਸੁਆਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦਾ ਹੈ ਤਾਂ ਜੋ ਮਨੁਖ ਆਪਣੇ ਜਿਹਾਂ ਅਨੁਸਾਰ ਧਰਤੀ ਦੀ ਨਵ-ਸਿਰਜਨਾ ਕਰ ਸਕੇ।

ਈਵਾਨ ਯਾਮੇਲਯਾਨੋਵ ਦੇ ਜੀਵਨ ਦੀ ਕਹਾਣੀ ਸਾਦੀ ਜਹੀ ਹੈ, ਉਹਨੂੰ ਆਮ ਜਹੀ ਕਹਾਣੀ ਵੀ ਕਿਹਾ ਜਾ ਸਕਦਾ ਹੈ। ਉਹ ਪਿੰਡ ਮੇਦਵੇਦਕੋ ਵਿਚ ਜੰਮਿਆ। ਉਹਦਾ ਬਾਲਪਣ ਊਣਾ ਸੀ। ਉਹਦਾ ਪਿਓ ਗਰਮੀਆਂ ਵਿਚ ਪੱਥਰ ਦੀਆਂ ਕਾਨਾਂ ਵਿਚ ਕੰਮ ਕਰਦਾ ਤੇ ਸਰਦੀਆਂ ਵਿਚ ਧਨੀ ਕਿਸਾਨਾਂ ਲਈ ਹੱਡ ਭੰਨਦਾ। ਟੱਬਰ ਦਾ ਗੁਜ਼ਾਰਾ ਮਸਾਂ ਹੀ ਹੁੰਦਾ। ਈਵਾਨ ਯੇਮੇਲਯਾਨੋਵ ਅਜੇ ਮੁੰਡਾ ਖੁੰਡਾ ਹੀ ਸੀ ਜਦੋਂ ਉਹ ਵਾਗੀ ਦਾ ਕੰਮ ਕਰਨ ਲਗਾ। ਪਿਛੋਂ ਉਹ ਵੋਲਗਾ ਵਿਚ ਮਲਾਹ ਬਣ ਗਿਆ।

ਸੰਨ ੧੯੨੪ ਵਿਚ ਸੋਵੀਅਤ ਫ਼ੌਜ ਤੋਂ ਆ ਕੇ ਯਾਮੇਲਯਾਨੋਵ ਨੇ ਆਪਣੇ ਪਿੰਡ ਵਿਚ ਜ਼ਮੀਨ ਦੀ ਸਾਂਝੀ ਵਾਹੀ ਲਈ ਇਕ ਮਿਲ-ਵਰਤਨੀ ਅਦਾਰਾ ਜਥੇਬੰਦ ਕਰਨ ਦਾ ਫ਼ੈਸਲਾ ਕੀਤਾ। ਆਪਣੇ ਪਿੰਡ ਵਾਸੀਆਂ ਨਾਲ ਇਸ ਵਿਸ਼ੇ ਉਤੇ ਉਹਦੀਆਂ ਬੜੀਆਂ ਗਲਾਂ ਹੋਈਆਂ। ਸੰਨ ੧੯੨੫ ਵਿਚ ਕਿਸਾਨਾਂ ਨੇ ਈਵਾਨ ਯੇਮੇਲਯਾਨੋਵ ਨੂੰ ਯਰਮੀਨੋ ਪੇਂਡੂ ਸੋਵੀਅਤ ਦਾ ਮੈਂਬਰ ਚੁਣਿਆ।

ਸੰਨ ੧੯੨੭ ਦੇ ਸਿਆਲਾਂ ਵਿਚ ਯਾਮੇਲਯਾਨੋਵ ਦੇ ਸੁਝਾਉ ਦੇਣ ਤੇ ਯਰਮੀਨੋ ਸੋਵੀਅਤ ਨੇ ਖੇਤੀ-ਵਗਿਆਨ ਦੀਆਂ ਬੁਨਿਆਦਾਂ ਪੜ੍ਹਾਨ ਲਈ ਇਕ ਵਿਦਿਅਕ ਹਲਕਾ ਜਥੇਬੰਦ ਕੀਤਾ। ਇਹ ਉਹ ਥਾਂ ਸੀ, ਜਿਥੇ ਕੇ. ਏ. ਤਮੀਰੀਯਾਜ਼ੇਵ ਦੀ ਰਚਨਾ "ਪੌਦਿਆਂ ਦਾ ਜੀਵਨ" ਪਹਿਲੀ ਵਾਰ ਪੜ੍ਹੀ ਗਈ। ਇਹਨੇ ਕਿਸਾਨਾਂ ਅਗੇ ਸਾਰੀ ਦੁਨੀਆ ਖੋਲ੍ਹ ਕੇ ਰਖ ਦਿਤੀ, ਜਿਹੜੇ ਹੁਣ ਵੀ ਸਦਾ ਉਸ ਮਹਾਨ ਰੂਸੀ ਸਾਇੰਸਦਾਨ ਨੂੰ ਸ਼ੁਕਰਗੁਜ਼ਾਰੀ ਨਾਲ ਚੇਤੇ ਕਰਦੇ ਹਨ। ਇਹ ਹਲਕਾ ਬਹੁਤ ਹਰਮਨ-ਪਿਆਰਾ ਹੋ ਗਿਆ। ਇਹਨੇ ਨਵੇਂ ਮੈਂਬਰ ਖਿਚ ਲਏ ਤੇ ਇਹਦੀਆਂ ਜਮਾਤਾਂ ਕਈ ਵਾਰ ਕਿੰਨੀ ਕਿੰਨੀ ਰਾਤ ਤਕ ਲਗੀਆਂ ਰਹਿੰਦੀਆਂ। ਇਸ ਹਲਕੇ ਦੇ ਮੈਂਬਰ ਉਹ ਮੋਢੀ ਸਨ, ਜਿਨ੍ਹਾਂ ਸੰਨ ੧੯੨੯ ਵਿਚ ਜ਼ਮੀਨ ਦੀ ਸਾਂਝੀ ਵਾਹੀ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਿਲਵਰਤਨੀ ਅਦਾਰੇ ਤੇ ਪਿਛੋਂ ਸਾਂਝੇ ਖੇਤ ਦੀ ਜਥੇਬੰਦੀ ਦਾ ਮੁਢ ਬੰਨ੍ਹਿਆ।

"ਸਾਨੂੰ ਸਾਰਿਆਂ ਨੂੰ ਉਹ ਰਾਹ ਵੇਖ ਖੁਸ਼ੀਆਂ ਤੇ ਜੋਸ਼ ਚੜ੍ਹੇ ਹੋਏ ਸਨ, ਜਿਸ ਉਤੇ ਸਾਨੂੰ ਕਮਿਊਨਿਸਟ ਪਾਰਟੀ ਤੇ ਜ਼ਿੰਦਗੀ ਆਪ ਲੈ ਆਈ ਸੀ।" ਯੇਮੇਲਯਾਨੋਵ ਨੇ ਚੇਤੇ ਕੀਤਾ।

੨੩ ਵਰ੍ਹਿਆਂ (ਸੰਨ ੧੯੩੦) ਤੋਂ ਆਈ. ਏ. ਯੇਮੇਲਯਾਨੋਵ ਤਮੀਰੀਯਾਜ਼ੇਵ ਸਾਂਝੇ ਖੇਤ ਦਾ ਪਰਧਾਨ ਚਲਿਆ ਆ ਰਿਹਾ ਹੈ। ਗੋਰੋਦਤਸ ਜ਼ਿਲ੍ਹੇ ਦੇ ਵੋਟਰਾਂ ਨੇ ਉਹਨੂੰ ਸਰਬ ਸੰਮਤੀ ਨਾਲ ਦੇਸ ਵਿਚ ਰਾਜ-ਸ਼ਕਤੀ ਦੀ ਸਭ ਤੋਂ ਉਚੀ ਜਥੇਬੰਦੀ, ਸੋਵੀਅਤ ਯੂਨੀਅਨ ਦੀ ਸੁਪਰੀਮ ਸੋਵੀਅਤ ਦਾ ਮੈਂਬਰ ਚੁਣਿਆ। ਈਵਾਨ ਯੇਮੇਲਯਾਨੋਵ ਨੂੰ ਸਾਂਝੇ ਖੇਤ ਨੂੰ ਤਰੱਕੀ ਦੇ ਰਾਹ ਤੇ ਲਜਾਣ ਦੀ ਪ੍ਰਸੰਸਾ ਵਜੋਂ ਹਕੂਮਤ ਨੂੰ ਉਹਨੂੰ "ਸੋਸ਼ਲਿਸਟ ਕਿਰਤ ਦਾ ਵੀਰ" ਦੇ ਤਮਗੇ ਦਾ ਮਾਨ ਬਖ਼ਸ਼ਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਰਜੀਤ ਧਰਤੀ

ਸਾਂਝੇ ਖੇਤ ਦੇ ਇਤਹਾਸ ਦਾ ਮੁਤਾਲਿਆ ਕਰਦਿਆਂ ਤੇ ਇਹਦੀ ਆਰਥਕ ਤਰੱਕੀ ਦੀ ਖੋਜ ਕਰਦਿਆਂ ਮੈਂ ਇਸ ਸੁਆਲ ਦਾ ਜੁਆਬ ਲਭਿਆ : ਸਾਂਝੇ ਕਿਸਾਨਾਂ ਨੇ ਖੇਤੀ ਦੇ ਸੁਚੱਜਤਾ ਨੂੰ ਏਡੀ ਉੱਚੀ ਪਧਰ ਤੇ ਕਿਵੇਂ ਲੈ ਆਂਦਾ। ਮੈਂ ਪਿਛੇ ਦਸ ਆਇਆ ਹਾਂ ਕਿ ਸਥਾਨਕ ਭੋਏਂ ਸੁਆਹ-ਭਰੀ, ਗਾਰੇ ਵਾਲੀ ਤੇ ਰੇਤਲੀ ਸੀ, ਘਟ ਮਲ੍ਹੜ ਵਾਲੀ ਸੀ, ਤੇ ਇਹਦੀ ਉਪਜਾਊ ਸ਼ਕਤੀ ਵਧਾਣ ਤੇ ਇਹਨੂੰ ਵਾਹੀ ਲਈ ਲਾਭਵੰਦ ਵਰਤੋਂ ਵਿਚ ਲਿਆਉਣ ਵਾਸਤੇ ਚੋਖੀ ਵਾਹ ਲਾਣ ਦੀ ਲੋੜ ਸੀ।

ਨਵਾਂ ਵਾਹੀਕਾਰ, ਸਾਂਝਾ ਕਿਸਾਨ ਭੋਏਂ ਨੂੰ ਮੁਕਾ ਨਹੀਂ ਛਡਦਾ, ਸਗੋਂ ਇਹਦੀ ਉਪਜਾਊ ਸ਼ਕਤੀ ਵਧਾਂਦਾ ਹੈ ਤੇ ਉਹਨੂੰ ਆਪਣੀਆਂ ਲੜਾਂ ਦੇ ਅਨੁਕੂਲ ਬਣਾਨ ਲਈ ਬਦਲ ਲੈਂਦਾ ਹੈ। ਪਾਠਕ ਨੂੰ ਇਸ ਉਪਜਾਊਪਣ ਵਧਾਣ ਦੇ ਢੰਗ ਦਸਣ ਤੋਂ ਪਹਿਲਾਂ ਯੋਗ ਹੋਵੇਗਾ ਕਿ ਤਮੀਰੀਯਾਜ਼ੇਵ ਸਾਂਝੇ ਖੇਤ ਵਿਚ ਜ਼ਮੀਨ ਦੀ ਵਰਤੋਂ ਬਾਰੇ ਕੁਝ ਅੰਕੜੇ ਦਿਤੇ ਜਾਣ। ਹੇਠਲੇ ਖਾਕੇ ਤੋਂ ਇਹਦਾ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ :

ਫਸਲਾਂ ਹੇਠਲੀ ਜ਼ਮੀਨ	...	...	੫,੫੪੪·੫ ਏਕੜ
ਫਲਦਾਰ ਚਮਨ ਤੇ ਬੇਰੀ ਫਲ ਦੇ ਬਾਗ	...	...	੫੯੬·੬ ਏਕੜ
ਸੁੱਕੀ ਘਾਹ ਹੇਠਲੀ ਜ਼ਮੀਨ	...	...	੮੫·੦ ਏਕੜ
ਚਰਾਂਦਾ	...	...	੪੪੫·੦ ਏਕੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੰਗਲ	...	...	੫੪੬ ੦ ਏਕੜ
ਸਾਫ਼ ਥਾਵਾਂ, ਸੰਘਣੀਆਂ ਝਾੜੀਆਂ	...	...	੫੩·੫ ਏਕੜ
ਦਲਦਲਾਂ	...	...	੪੭·੦ ਏਕੜ
ਨਾਲੇ, ਸੌੜੀਆਂ ਘਾਟੀਆਂ	...	...	੨·੫ ਏਕੜ
ਸਾਂਝੇ ਕਿਸਾਨਾਂ ਦੇ ਘਰਾਂ ਦੇ ਪਲਾਟ...		...	੪੪੫·੦ ਏਕੜ
ਸਾਂਝੀਆਂ ਇਮਾਰਤਾਂ, ਸੜਕਾਂ ਤੇ ਬਾਜ਼ਾਰਾਂ ਹੇਠਲਾ ਰਕਬਾ	...	...	੨·੨੦ ਏਕੜ
		ਕੁਲ :	੭੪੪੫·੧ ਏਕੜ

ਇਹ ਸਾਰੀ ਜ਼ਮੀਨ ਸਾਂਝੇ ਖੇਤ ਨੂੰ ਮੁਫ਼ਤ ਤੇ ਹਮੇਸ਼ਾ ਲਈ ਜੁੜੀ ਹੋਈ ਹੈ। ਵਰਤੋਂ ਵਿਚਲੀ ਜ਼ਮੀਨ ਦੀ ਅਡੋਲਤਾ ਆਪਣੇ ਆਪ ਵਿਚ ਇਕ ਸੁਖਾਵਾਂ ਅਨਸਰ ਹੈ, ਜਿਹੜਾ ਮਾਅਕੂਲ ਖੇਤ ਪਰਬੰਧ ਵਿਚ ਸਹਾਈ ਹੁੰਦਾ ਹੈ। ਸਾਂਝਾ ਖੇਤ ਲਗਾਤਾਰ ਤਰੱਕੀ ਤੇ ਆਪਣੇ ਮੈਂਬਰ ਕਿਸਾਨਾਂ ਦਾ ਭਲਾ ਵਧਾਣ ਦੀਆਂ ਸੰਭਾਵਨਾਵਾਂ ਦਾ ਮਾਲਕ ਹੈ।

ਤਮੀਰੀਯਾਜ਼ੇਵ ਸਾਂਝੇ ਖੇਤ ਦੀਆਂ ਪੈਲੀਆਂ ਦਰਿਆ ਵੋਲਗਾ ਦੇ ਖੱਬੇ ਕੰਢੇ ਤੇ ਹਨ। ਇਹਦਾ ਬਹੁਤਾ ਹਿੱਸਾ ਖੁੱਲਾ ਮੈਦਾਨ ਹੈ, ਜਿਦੇ ਵਿਚ ਜੰਗਲ, ਸੰਘਣੀਆਂ ਝਾੜੀਆਂ ਤੇ ਸਾਫ਼ ਹੋਈਆਂ ਥਾਵਾਂ ਹਨ, ਜਿਹੜੀਆਂ ਸਿਰਫ਼ ਨਾਲਿਆਂ ਤੇ ਦਲਦਲਾਂ ਦੁਆਲੇ ਖਿੰਡੀਆਂ ਹੋਈਆਂ ਹਨ। ਸਾਂਝੇ ਖੇਤ ਦੀ ਆਰਥਕ ਰੁਚੀ ਬਹੁਤੀ ਕਰਕੇ ਇਕ ਵਡੇ ਸਨਅਤੀ ਕੇਂਦਰ, ਗੋਰਕੀ ਦੇ ਨੇੜਤਾ ਨਾਲ ਮਿਥੀ ਜਾਂਦੀ ਹੈ। ਇਸ ਇਲਾਕੇ ਵਿਚ ਸਭ ਤੋਂ ਲਾਭਵੰਦ ਕੰਮ ਸਬਜ਼ੀਆਂ ਉਗਾਣਾ ਤੇ ਪਸ਼ੂ-ਪਾਲਣਾ ਹੈ ਤਾਂ ਜੋ ਸ਼ਹਿਰੀ ਵਸੋਂ ਨੂੰ ਨਿਤ ਜ਼ਿਆਦਾ ਸਬਜ਼ੀਆਂ, ਆਲੂ, ਦੁਧ ਤੇ ਮਾਸ ਦਿਤਾ ਜਾ ਸਕੇ। ਚੀਜ਼ਾਂ ਨੂੰ ਸ਼ਹਿਰ ਗੋਰਕੀ ਤਕ ਲਜਾਣ ਵਿਚ ਕੋਈ ਔਖਿਆਈ ਨਹੀਂ ਹੁੰਦੀ, ਕਿਉਂਕਿ ਮੋਟਰ ਟਰਾਂਸਪੋਰਟ ਤੋਂ ਇਲਾਵਾ, ਖੇਤ ਆਪਣੀਆਂ ਚੀਜ਼ਾਂ ਦਰਿਆ ਰਾਹੀਂ ਵੀ ਭੇਜ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖੇਤੀ ਨੂੰ ਵਿਗਿਆਨਕ ਬੁਨਿਆਦਾਂ ਤੇ ਪਾ ਲੈਣਾ ਸੁਖਾਲਾ ਨਹੀਂ ਸੀ, ਤੇ ਇਹ ਅਮਲ ਕਾਫੀ ਲੰਮਾ ਸੀ। ਮੁਢ ਸੰਨ ੧੯੩੧ ਵਿਚ ਬੱਝਾ। ਪਰਧਾਨ, ਈਵਾਨ ਯੇਮੇਲਯਾਨੋਵ ਪਹਿਲਾ ਆਦਮੀ ਸੀ, ਜਿਨ੍ਹੇ ਸਾਂਝੇ ਕਿਸਾਨਾਂ ਦੀ ਆਮ ਇਕੱਤ੍ਰਤਾ ਵਿਚ ਸਥਾਨਕ ਦਲਦਲੀ ਕੋਲੇ ਦੇ ਜ਼ਖੀਰਿਆਂ ਨੂੰ ਖੇਤਾਂ ਦੀ ਖਾਦ ਦੇ ਤੌਰ ਤੇ ਵਰਤੋਂ ਦਾ ਸੁਆਲ ਚੁਕਿਆ। ਕੁਝ ਪੁਰਾਣੇ ਖ਼ਿਆਲਾਂ ਵਾਲੇ ਕਿਸਾਨ ਵੀ ਸਨ, ਉਨ੍ਹਾਂ ਕਿਹਾ: "ਸਾਡੇ ਵਡੇ ਵਡੇਰਿਆਂ ਨੇ ਕਦੀ ਇੰਜ ਨਹੀਂ ਸੀ ਕੀਤਾ, ਦਲਦਲੀ ਕੋਲੇ 'ਚ ਬੀਜਾਈ ਤੇ ਛਾਣਨੀ ਵਿਚ ਪਾਣੀ ਰਖਣ ਇਕ ਬਰਾਬਰ ਨੇ।" ਪਰ ਅਗੇ-ਵਧੇ ਕਿਸਾਨਾਂ ਨੇ ਪਰਧਾਨ ਦੀ ਹਮਾਇਤ ਕੀਤੀ। ਆਰੰਭ ਵਿਚ ਇਕ ਤਜਰਬਾ-ਪਲਾਟ ਚੁਣਿਆ ਗਿਆ ਤੇ ਦਲਦਲੀ ਕੋਲਾ ਪੁੱਟਣ ਲਈ ਇਕ ਨਿੱਕਾ ਜੱਥਾ ਬਣਾਇਆ ਗਿਆ। ਦੋ ਵਰ੍ਹੇ ਪਿਛੋਂ ਤਜਰਬਾ-ਪਲਾਟ ਵਿਚੋਂ ਸਾਂਭੀ ਗਈ ਰਈ ਦੀ ਫਸਲ ਆਮ ਫਸਲ ਨਾਲੋਂ ਇਕ ਏਕੜ ਪਿਛੇ ੩-੪ ਮਣ ਵਧੇਰੀ ਨਿਕਲੀ। ਤਜਰਬਾ ਸਫ਼ਲ ਸਾਬਤ ਹੋਇਆ ਤੇ ਦਲਦਲੀ ਕੋਲੇ ਦੀ ਵਰਤੋਂ ਦਾ ਵਿਚਾਰ ਆਮ ਤੌਰ ਤੇ ਮੰਨ ਲਿਆ ਗਿਆ। ਸਾਂਝਾ ਖੇਤ ਹੁਣ ਜ਼ਮੀਨ ਨੂੰ ਉਪਜਾਊ ਬਣਾਨ ਲਈ ੧੫,੦੦੦—੨੪,੦੦੦ ਟਨ ਦਲਦਲੀ ਕੋਲਾ ਸਾਲਾਨਾ ਵਰਤ ਰਿਹਾ ਹੈ।

ਇਸ ਪਹਿਲ ਕਦਮੀ ਦੀਆਂ ਯਾਦ-ਦਹਾਣੀਆਂ ਪਿੰਡੋਂ ਬਾਹਰ ਵਾਰ ਵੇਖੀਆਂ ਜਾ ਸਕਦੀਆਂ ਹਨ, ਜਿਥੇ ਪਹਿਲਾਂ ਵਾਲੀ ਕੋਲੇ ਦੀ ਦਲਦਲ ਦੀ ਥਾਂ ੧੩ ਫੁਟ ਡੂੰਘਾ ਇਕ ਸਰੋਵਰ ਹੈ। ਹੰਸ ਤੇ ਬਤਖਾਂ ਪਾਣੀ ਵਿਚ ਤਰਦੀਆਂ ਹਨ ਤੇ ਬੱਚੇ ਨਹਾਉਂਦੇ ਹਨ। ਜਦੋਂ ਕਦੀ ਲੋੜ ਪਵੇ, ਸਰੋਵਰ ਨੂੰ ਫਲਦਾਰ ਚਮਨ ਤੇ ਸਬਜ਼ੀਆਂ ਦੇ ਖੇਤਾਂ ਦੀ ਸਿੰਜਾਈ ਲਈ ਵੀ ਵਰਤਿਆ ਜਾਂਦਾ ਹੈ।

ਸਾਂਝੇ ਖੇਤ ਦੀ ਭੋਏਂ ਦੀ ਕੀਮਯਾਈ ਬਣਤਰ ਦੇ ਸੰਪੂਰਨ ਮੁਤਾਲੇ ਪਿਛੋਂ ਜ਼ਿਲੇ ਦੇ ਖੇਤੀ-ਮਾਹਿਰ ਨੇ ਸਾਂਝੇ ਕਿਸਾਨਾਂ ਨੂੰ ਸਲਾਹ ਦਿਤੀ ਕਿ ਉਹ, ਜਿਵੇਂ ਕਿ ਸੋਵੀਅਤ ਸਾਇੰਸਦਾਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਕਾਦਮਿਸ਼ਨ ਵੀ. ਆਰ. ਵਿਲੀਅਮਜ਼ ਨੇ ਸਿਫ਼ਾਰਸ਼ ਕੀਤੀ ਹੈ, ਵਾਹੀ-ਯੋਗ ਤਹਿ ਨੂੰ ੧੦-੧੨ ਤੋਂ ੨੦-੨੫ ਸੈਂਟੀਮੀਟਰ ਤਕ ਡੂੰਘੀ ਰਖਣ। ਡੂੰਘੀ ਵਾਹੀ ਤੋਂ ਇਲਾਵਾ ਭੋਏਂ ਨੂੰ ਏਕੜ ਪਿਛੇ ੧੨ ਤੋਂ ੧੬ ਟਨਾਂ ਤਕ ਦਲਦਲੀ ਕੋਲਾ ਤੇ ਖਾਦ ਮਿਲਦੀ ਹੈ। ਹਰ ਵਰ੍ਹੇ ਟਰੈਕਟਰਾਂ ਦੀ ਸਹਾਇਤਾ ਨਾਲ ਸੁਆਹ-ਭਰੀ ਜ਼ਮੀਨ ਦੀ ਤਹਿ ਨੂੰ ੨-੩ ਸੈਂਟੀਮੀਟਰ ਚੁਕਿਆ ਗਿਆ ਤੇ ਉਹਨੂੰ ਵਾਹੀ-ਯੋਗ ਤਹਿ ਤੇ ਖਾਦ ਨਾਲ ਰਲਾਇਆ ਗਿਆ। ਇਸ ਤਰ੍ਹਾਂ ਹੌਲੀ ਹੌਲੀ ਉਪਜਾਊ ਮਿੱਟੀ ਦੀ ਇਕ ਡੂੰਘੀ ਤਹਿ ਵਿਛ ਗਈ।

ਭੋਏਂ-ਮੁਕਾਊ, ਪੁਰਾਣੇ ਜ਼ਰਾਇਤ ਦੇ ਤਿੰਨ-ਖੇਤੇ ਪ੍ਰਬੰਧ ਦੀ ਥਾਂ ਫਸਲਾਂ ਦੀ ਅਦਲ ਬਦਲ ਦੇ ਗੇੜ ਵਾਲਾ ਕਈ-ਖੇਤਾ ਪ੍ਰਬੰਧ ਚਾਲੂ ਕੀਤਾ ਗਿਆ। ਸਦਾ-ਬਹਾਰ ਘਾਹਾਂ, ਖ਼ਾਸ ਤੌਰ ਤੇ ਤਿੰਨ-ਪਤੀ ਘਾਹ ਲਾਈ ਗਈ, ਜਿਹੜੀ ਟੀਮੋਥੀ ਘਾਹ ਨਾਲ ਰਲ ਕੇ ਭੋਏਂ ਦੀ ਬਣਤਰ ਨੂੰ ਉੱਨਤ ਕਰਦੀ ਹੈ ਤੇ ਇਹਦੇ ਨਾਇਟਰੋਜਨ ਤਤ ਨੂੰ ਵਧਾਂਦੀ ਹੈ। ਇਹ ਇਕ ਪੁਰਾਣੇ ਪਛੜੇ ਜ਼ਰਾਇਤੀ ਪਰਬੰਧ ਤੋਂ ਇਕ ਨਵੇਂ ਅਗੇ-ਵਧੂ ਪਰਬੰਧ ਵਲ ਤਬਦੀਲੀ ਸੀ।

ਬੀਜਾਈ ਲਈ ਬੀਜਾਂ ਦੀ ਚੋਣ ਵਲ ਵਿਸ਼ੇਸ਼ ਧਿਆਨ ਦਿਤਾ ਗਿਆ। ਅਨਾਜ, ਸਨਅਤੀ ਫਸਲਾਂ ਤੇ ਸਬਜ਼ੀਆਂ ਦੀਆਂ ਚੋਣਵੀਆਂ ਕਿਸਮਾਂ ਦੀ ਮੁੜ-ਪੈਦਾਵਾਰ ਤੇ ਜ਼ੋਰ ਦਿਤਾ ਗਿਆ।

ਕਿੰਨੇ ਵਰ੍ਹੇ ਹੋਏ, ਸਣ ਦੀ ਕਾਸ਼ਤ ਲਈ ਗੋਰੋਦਤਸ ਤਜਰਬਾ-ਸਟੇਸ਼ਨ ਦੀ ਸਹਾਇਤਾ ਨਾਲ, ਸਾਂਝੇ ਖੇਤ ਨੇ ਸਣ ਦੇ ਚੋਣਵੇਂ, ਅਸਲੀ, ਤਸਦੀਕ-ਸ਼ੁਦਾ ਬੀਜਾਂ "ਸਟੈਖ਼ਾਨੋਵੇਤਸ" ਦੀ ਮੁੜ-ਪੈਦਾ-ਵਾਰ ਦੀ ਜ਼ਿਮੇਵਾਰੀ ਲਈ। ਬੀਜ ਸਰਕਾਰ ਨੂੰ ਸਸਤੇ ਭਾਅਾਂ ਤੇ ਦਿਤੇ ਜਾਂਦੇ ਹਨ। ਸਾਂਝਾ ਖੇਤ ਹੁਣ ਦੂਜੇ ਸਾਂਝੇ ਖੇਤਾਂ ਨੂੰ ਸਬਜ਼ੀਆਂ, ਸਣ ਦੇ ਅਸਲੀ, ਤਸਦੀਕ-ਸ਼ੁਦਾ ਬੀਜ ਦੇਣ ਵਾਲੀਆਂ ਸਭ ਤੋਂ ਵਡੀਆਂ ਜਥੇਬੰਦੀਆਂ ਵਿਚੋਂ ਇਕ ਹੈ।

ਸੁਆਹ-ਭਰੀ, ਪੁਰਾਣੀ, ਮਾਂਦੀ ਤੇ ਨਾਸ਼ੁਕਰੀ ਗਾਰੇ ਵਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲੀ ਹੋਈ ਇਸਕਲੋਂ ਪਹਿਲਾਂ ਨਾਲੋਂ ਤਿੰਨ ਤੋਂ ਪੰਜ ਗੁਣਾਂ ਵਧੇਰੀਆਂ ਫਸਲਾਂ ਉਗਾ ਰਹੀ ਹੈ । ਮਿਸਾਲ ਲਈ ਦਾਣਿਆਂ ਤੇ ਫਲੀਆਂ ਨੂੰ ਲਈਏ, ਸੰਨ ੧੯੫੨ ਵਿਚ ੨,੩੯੧ ਏਕੜ ਜ਼ਮੀਨ ਇਹਨਾਂ ਦੀ ਵਾਹੀ ਹੇਠਾਂ ਸੀ । ਭਾਵੇਂ ਉਸ ਵਰ੍ਹੇ ਮੌਸਮ ਸੁਖਾਵਾਂ ਨਹੀਂ ਸੀ, ਖੇਤ ਨੇ ਇਕ ਹੈਕਟੇਅਰ ਪਿਛੇ ੧੬ ਸੈਂਟਨਰ ਦਾਣੇ ਸਾਂਭੇ । ਸਾਂਝੀ ਖੇਤੀ ਤੋਂ ਪਹਿਲੇ ਅਜਿਹੇ ਇਕ ਵਰ੍ਹੇ ਵਿਚ ਜ਼ਮੀਨ ਕਿਸਾਨਾਂ ਦੇ ਬੀਜੇ ਬੀਜ ਵੀ ਨਾ ਮੋੜਦੀ । ਅਜ ਸੁਖਾਵੀਆਂ ਹਾਲਤਾਂ ਵਿਚ ਇਕ ਹੈਕਟੇਅਰ ਵਿਚੋਂ ੨੦-੨੫ ਸੈਂਟਨਰ ਫਸਲ ਉਗਾ ਲੈਣੀ ਕੋਈ ਅਚਭ ਦੀ ਗਲ ਨਹੀਂ ਰਹੀ। ਸਾਂਝਾ ਖੇਤ ਬਸੰਤ ਰੁਤ ਦੀ ਤੇ ਸਿਆਲੇ ਦੀ ਕਣਕ, ਰਈ, ਜੌਂ, ਮਟਰ, ਜਵਾਰ ਤੇ ਬਾਜਰਾ ਉਗਾਂਦਾ ਹੈ।

ਅਜ ਦਾਣਿਆਂ ਦੇ ਦ ਦੋ ਤਿੰਨ ਤਿੰਨ ਸਿੱਟੇ ਲਾਹੇ ਜਾ ਰਹੇ ਹਨ, ਜਦੋਂ ਕਿ ਪਹਿਲੋਂ ਇਕੋ ਸਿੱਟਾ ਹੀ ਜੁੜਦਾ ਸੀ—ਸਾਂਝੇ ਕਿਸਾਨ ਇਸ ਗਲ ਦੀ ਬੜੀ ਵਿਸ਼ਵਾਸ-ਦਵਾਊ ਵਿਆਖਿਆ ਦੇਂਦੇ ਹਨ : ਉਹ ਕਹਿੰਦੇ ਹਨ ਕਿ ਇਹ ਸਾਂਝੀ ਮਿਹਨਤ ਸਦਕਾ, ਇਹਦੇ ਉਸਾਰ ਮੁਕਾਬਲੇ ਸਦਕਾ, ਵਾਹੀ ਦੇ ਵਗਿਆਨਕ ਢੰਗਾਂ ਦੀ ਦਲੇਰ ਤੇ ਸਿਰੜੀ ਵਰਤੋਂ ਸਦਕਾ, ਸਾਂਝੇ ਖੇਤਾਂ ਨੂੰ ਨਵੀਨ ਮਸ਼ੀਨਾਂ ਦੇਣ ਵਾਲੀ ਸਰਕਾਰ ਦੀ ਖੁੱਲੀ ਸਹਾਇਤਾ ਸਦਕਾ ਸੰਭਵ ਹੋਇਆ ।

ਦਾਣਿਆਂ ਦੀਆਂ ਤਕੜੀਆਂ ਫਸਲਾਂ ਉਗਾਣ ਵਾਲੇ ਮਾਹਿਰਾਂ ਵਿਚੋਂ ਇਕ ਮਾਹਿਰ ਜਥ ਦਾ ਆਗੂ ਯੇਗੋਰ ਰੋਮਾਨੋਵ ਹੈ । ਉਹ "ਪੁਰਾਣਿਆਂ" ਵਿਚੋਂ ਹੈ, ਸਾਂਝੇ ਖੇਤ ਦਾ ਮੋਢੀ ਮੈਂਬਰ ਹੈ । ਹੁਣ ਉਹਨੂੰ ਖੇਤ-ਵਾਹੀ ਦੇ ਜੱਥੇ ਦਾ ਲੀਡਰ ਬਣਿਆਂ ੧੯ ਵਰ੍ਹੇ ਹੋ ਚਲੇ ਹਨ, ਇਹ ਜੱਥਾ ਹਰ ਵਰ੍ਹੇ ਚੰਗੇਰੇ ਨਤੀਜੇ ਕਢ ਰਿਹਾ ਹੈ ।

ਬੜੀ ਖੋਜੀ ਰੁਚੀ ਵਾਲਾ ਇਹ ਮਨੁਖ, ਯੇਗੋਰ ਰੋਮਾਨੋਵ, ਚੰਗਾ ਚੋਖਾ ਪੜ੍ਹਦਾ ਹੈ, ਖੇਤੀ-ਵਗਿਆਨ ਇਹਦੀ ਉਚੇਚੀ ਦਿਲਚਸਪੀ ਹੈ । ਰੋਮਾਨੋਵ ਜ਼ਿਲ੍ਹੇ ਵਿਚ ਪਹਿਲਾ ਜਣਾ ਸੀ, ਜਿੰਨ੍ਹੇ ਅਜਿਹੀ ਜ਼ਮੀਨ ਵਿਚ ਬਸੰਤ ਰੁੱਤ ਦੀ ਕਣਕ ਬੀਜੀ, ਜਿਥੇ ਦੋ ਵਰ੍ਹਿਆਂ ਤੋਂ ਤਿੰਨ-ਪਤੀ ਘਾਹ ਉਗ ਰਹੀ ਸੀ । ਤੇ ਉਹ ਬੜੀ ਤਸੱਲੀ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਸਦਾ ਹੈ ਕਿ ਇਸ ਢੰਗ ਤੇ ਹੋਰ ਕੰਮਾਂ ਸਦਕਾ ਇਕ ਹੈਕਟੇਅਰ ਵਿਚੋਂ ੩੦ ਸੈਂਟਨਰ ਦਾਣਿਆਂ ਦੀ ਰੀਕਾਰਡ ਕਾਇਮ ਕਰਨ ਵਾਲੀ ਉਪਜ ਲਈ ਗਈ।

"ਇਹ ਚੋਖੀ ਨਹੀਂ, ਅਸੀਂ ਵਡੇਰੀਆਂ ਫ਼ਸਲਾਂ ਉਗਾ ਸਕਦੇ ਹਾਂ!" ਜੱਥੇ ਦਾ ਲੀਡਰ ਹੱਠ ਨਾਲ ਕਹਿੰਦਾ ਹੈ।

ਰੋਮਾਨੋਵ ਦਾ ਜ਼ੱਥਾ ਐਗਰੋ-ਟੈਕਨੀਕਲ ਕਾਰਵਾਈਆਂ ਦਾ ਇਕ ਖ਼ਾਸ ਪਰਬੰਧ ਵਰਤੋਂ ਵਿਚ ਲਿਆਂਦਾ ਹੈ। ਬਸੰਤ ਰੁਤ ਦੀ ਕਣਕ, ਭੋਇੰ ਦੇ ਸੁਕਦਿਆਂ ਹੀ, ਅਗੇਤਰੇ ਹੀ ਬੀਜ ਦਿਤੀ ਜਾਂਦੀ ਹੈ। ਬੀਜਾਈ ਤੋਂ ਪਹਿਲਾਂ ਜ਼ਮੀਨ ਤੇ ਸੁਹਾਗਾ ਫੇਰਿਆ ਜਾਂਦਾ ਹੈ ਤੇ ਫਿਰ ਉਹ ੮-੧੦ ਸੈਂਟੀਮੀਟਰ ਡੂੰਘੀ ਵਾਹੀ ਜਾਂਦੀ ਹੈ। ਵਾਹੀ ਤੋਂ ਪਹਿਲਾਂ ਜ਼ਮੀਨ ਵਿਚ ਹੈਕਟੇਅਰ ਪਿਛੇ ੫-੬ ਟਨ ਤਰਲ ਖਾਦ ਤੇ ਢਾਈ ਮਨ ਪੋਟਾਸ਼ੀਅਮ ਕਲੋਰਾਇਡ ਪਾਏ ਜਾਂਦੇ ਹਨ। ਚੋਣਵੇਂ ਤਸਦੀਕ ਸ਼ੁਦਾ, ਤੇਜ਼ਾਬ-ਛੁਹਾਏ ਤੇ ਬਹੁ-ਉਪਜਾਊ ਬੀਜ ਬੀਜਾਈ ਲਈ ਵਰਤੇ ਜਾਂਦੇ ਹਨ। ਇਹਦਾ ਨਤੀਜਾ ਇਹ ਨਿਕਲਦਾ ਹੈ ਕਿ ਜ਼ੱਥਾ ਦਾਣਿਆਂ ਦੀਆਂ ਸਭ ਤੋਂ ਤਕੜੀਆਂ ਫਸਲਾਂ ਉਗਾਂਦਾ ਹੈ।

ਇਹਨਾਂ ਪਾਸਿਆਂ ਵਿਚ ਸਬਜ਼ੀਆਂ ਪੁਰਾਣੇ ਵੇਲਿਆਂ ਵਿਚ ਵੀ ਉਗਾਈਆਂ ਜਾਂਦੀਆਂ ਸਨ। ਕਿਸਾਨ ਆਪਣੇ ਘਰਾਂ ਦੇ ਪਲਾਟਾਂ ਵਿਚ, ਮੁਖ ਤੌਰ ਤੇ ਆਪਣੀ ਵਰਤੋਂ ਲਈ ਥੋੜੀਆਂ ਜਹੀਆਂ ਸਬਜ਼ੀਆਂ ਤੇ ਆਲੂ ਉਗਾਇਆ ਕਰਦੇ ਸਨ। ਸਾਂਝੇ ਖੇਤ ਦੀ ਜਥੇਬੰਦੀ ਪਿਛੋਂ, ਉਹਨਾਂ ਵੋਲਗਾ ਦੀਆਂ ਹਰ੍ਹਿਆਲੀਆਂ ਜ਼ਮੀਨਾਂ ਨੂੰ ਨੌਤੋੜ ਕਰ ਲਿਆ ਤੇ ਵੇਚਣ ਲਈ ਸਬਜ਼ੀਆਂ ਉਗਾਣੀਆਂ ਸ਼ੁਰੂ ਕਰ ਦਿਤੀਆਂ।

ਸਾਂਝੇ ਕਿਸਾਨਾਂ ਨੇ ਸਬਜ਼ੀਆਂ ਤੇ ਆਲੂਆਂ ਦੀ ਕਾਸ਼ਤ ਨੂੰ ਵਧਾ ਦਿਤਾ ਤੇ ਹੁਣ ਉਹਨੇ ੫੧੭.੫ ਏਕੜ ਜ਼ਮੀਨ ਮਲੀ ਹੋਈ ਹੈ। ਉਹਨਾਂ ਪਨੀਰੀ ਲਾਣ ਲਈ ਆਪਣੇ ਫਰੇਮ ਤੇ ਗਰਮ ਖਾਨੇ ਬਣਾਏ। ਇਕ ਵਡਾ ਗਰਮ ਖਾਨਾ ਉਸਾਰਿਆ ਗਿਆ, ਜਿਦ੍ਹੇ ਵਿਚ ਸਾਰਾ ਸਾਲ

CC-0. In Public Domain. Gurukul Kangri Collection, Haridwar.

Digitized by Arya Samaj Foundation Chennai and eGangotri

ਸਾਂਝੇ ਖੇਤ ਵਿਚ ਖੀਰਿਆਂ ਦੀ ਫਸਲ ਸਾਂਭੀ ਜਾ ਰਹੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਬਜ਼ੀਆਂ ਉਗਾਈਆਂ ਜਾਂਦੀਆਂ ਹਨ । ਹੜ੍ਹਆਲੀਆਂ ਜ਼ਮੀਨਾਂ ਵਿਚ ਸਬਜ਼ੀਆਂ ਦੀ ਅਦਲ ਬਦਲ ਦਾ ਇਕ ਖਾਸ ਗੇੜ ਚਾਲੂ ਕੀਤਾ ਗਿਆ । ਉਪਜਾਂ ਵਧ ਗਈਆਂ ਹਨ : ਕਿਸਾਨ ਇਕ ਹੈਕਟੇਅਰ ਵਿਚੋਂ ਅੱਟਾ ਸੱਟਾ ੪੦੦ ਸੈਂਟਨਰ ਖੀਰੇ, ਗਾਜਰਾਂ ਤੇ ੫੦੦ ਤੋਂ ੬੦੦ ਸੈਂਟਰ ਗੋਭੀ ਲੈ ਰਹੇ ਹਨ । ਆਲੂਆਂ ਦੀ ਔਸਤ ਫਸਲ ਵਧ ਕੇ ਇਕ ਹੈਕਟੇਅਰ ਪਿਛੇ ੨੯੦-੩੦੦ ਸੈਂਟਨਰ ਹੋ ਗਈ ਹੈ ।

ਸਣ ਨੂੰ, ਜਾਂ "ਉਤਰੀ ਰੇਸ਼ਮ" ਨੂੰ, ਜਿਵੇਂ ਕਿ ਇਹਨੂੰ ਸਾਂਝੇ ਖੇਤ ਵਿਚ ਸਦਿਆ ਜਾਂਦਾ ਹੈ, ਸਾਂਝੇ ਖੇਤ ਵਿਚ ਸਭ ਤੋਂ ਕੀਮਤੀ ਤੇ ਲਾਭਵੰਦ ਫਸਲ ਸਮਝਿਆ ਜਾਂਦਾ ਹੈ । ਸਣ ਚੋਖਾ ਧਿਆਨ ਮੰਗਦਾ ਹੈ । ਇਹਨੂੰ ਉਗਾਣ ਵਿਚ ਤੇ ਉਹ ਨਰਮ, ਤਕੜਾ ਤੇ ਕੂਲਾ ਰੇਸ਼ਾ ਪੈਦਾ ਕਰਨ ਲਈ ਬਹੁਤ ਮਿਹਨਤ ਦੀ ਲੋੜ ਹੁੰਦੀ ਹੈ, ਜਿਨੂੰ ਮਿੱਲਾਂ ਅੰਦਰ ਸ਼ਾਨਦਾਰ ਕਪੜੇ ਵਿਚ ਬਦਲ ਦਿਤਾ ਜਾਂਦਾ ਹੈ । ਅਲਸੀ ਦਾ ਤੇਲ ਸੁਕਾਊ ਤੇਲ, ਰੰਗਾਂ, ਵਾਰਨਿਸ਼-ਹੋਇਆ ਤੇ ਤਰਲ ਸਾਬਨ ਤੇ ਦਵਾਈਆਂ ਦੀ ਪੈਦਾਵਾਰ ਲਈ ਵਰਤਿਆ ਜਾਂਦਾ ਹੈ । ਅਲਸੀ ਦੀ ਖਲ ਡੰਗਰਾਂ ਲਈ ਵਧੀਆ ਖ਼ੁਰਾਕ ਹੈ ।

ਸਣ ਦੇ ਖੇਤਾਂ ਨੇ ਸਾਂਝੇ ਖੇਤ ਵਿਚ ੩੧੫ ਏਕੜ ਜ਼ਮੀਨ ਮਲੀ ਹੋਈ ਹੈ, ਇਹ ਫਸਲ ਅਦਲ ਬਦਲ ਦੇ ਗੇੜ ਵਿਚ, ਆਪਣੀ ਸਭ ਤੋਂ ਚੰਗੀ ਮੋਢੀ ਤਿੰਨ-ਪੱਤੀ ਘਾਹ ਪਿਛੋਂ ਬੀਜੀ ਜਾਂਦੀ ਹੈ । ਸੰਨ ੧੯੫੨ ਵਿਚ, ਸਾਂਝੇ ਕਿਸਾਨਾਂ ਨੇ ਇਕ ਹੈਕਟੇਅਰ ਪਿਛੋਂ ੫·੯ ਸੈਂਟਨਰ ਸਣ-ਬੀਜ ਤੇ ੫·੨ ਸੈਂਟਨਰ ਸਣ ਲਿਆ । ਇਹ ਸਾਰੀ ਫਸਲ ਸਾਂਝਾ ਖੇਤ ਸਰਕਾਰ ਅਗੇ ਵੇਚਦਾ ਹੈ ।

ਸੋਵੀਅਤ ਸਰਕਾਰ ਇਸ ਕੀਮਤੀ ਸਨਅਤੀ ਫਸਲ ਦੀ ਪੈਦਾਵਾਰ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਸਾਰੀ ਵਾਹ ਲਾਂਦੀ ਹੈ । ਜਿੰਨੀ ਵਡੀ ਸਣ ਦੀ ਫਸਲ ਹੋਵੇਗੀ, ਤੇ ਪਲੈਨ ਦੇ ਟੀਚੇ ਤੋਂ ਜਿੰਨੀ ਵਧੇਰੇ ਸਣ ਸਾਂਝਾ ਖੇਤ ਸਰਕਾਰ ਅਗੇ ਵੇਚੇਗਾ, ਸਾਂਝੇ ਕਿਸਾਨਾਂ ਦੀਆਂ ਆਮਦਨਾਂ ਓਨੀਆਂ ਵਧੇਰੀਆ ਹੋਣਗੀਆਂ । ਪਲੈਨ ਦੇ ਟੀਚੇ ਤੋਂ ਵਧੇਰੇ ਬੀਜਾਂ ਤੇ ਰੇਸ਼ੇ ਲਈ ਸਾਂਝੇ ਖੇਤ ਨੂੰ ਚੋਖੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੋਨਸ ਮਿਲਦੇ ਹਨ। ਸਣ ਸਾਂਝੇ ਖੇਤ ਦੀ ਰਕਮੀ-ਆਮਦਨਾਂ ਦਾ ਮੁਖ ਸੋਮਾ ਹੈ।

ਇਸ ਖੇਤ ਦੇ ਕਿੰਨੇ ਹੀ ਕਿਸਾਨ ਸਣ ਦੀ ਕਾਸ਼ਤ ਦੇ ਮਾਹਿਰ ਬਣ ਗਏ ਹਨ । ਉਹਨਾਂ ਅਤੇ-ਵਧੂ ਖੇਤੀ ਵਗਿਆਨਕ ਢੰਗਾਂ ਦੀ ਵਰਤੋਂ ਨਾਲ ਸ਼ਾਨਦਾਰ ਨਤੀਜੇ ਪਰਾਪਤ ਕੀਤੇ ਹਨ।

ਪੰਜਾਹਵਾਂ ਵਰ੍ਹਿਆਂ ਦੀ ਯਾਕਾਤਰੀਨਾ ਕੋਨੀਗੀਨਾ ਨੂੰ ਸਾਂਝੇ ਖੇਤ ਵਿਚ ਹਰ ਕੋਈ "ਸਣ ਦੀ ਮਾਹਿਰ ਕਾਸ਼ਤਕਾਰ" ਮੰਨਦਾ ਹੈ। ਇਹ ਨਿਰਮਾਣ ਤੇ ਚੁਪੀਤੀ ਜਹੀ ਇਸਤ੍ਰੀ ਬੜੀ ਜੁਸ਼ੀਲੀ ਤੇ ਮਿਹਨਤੀ ਹੈ। ਕੁਚੱਜਤਾ ਤੇ ਕੰਮ ਵਿਚ ਅਣ-ਗਹਿਲੀ ਵੇਖ ਉਹਨੂੰ ਗੁੱਸਾ ਚੜ੍ਹ ਜਾਂਦਾ ਹੈ, ਅਜਿਹੀਆਂ ਹਾਲਤਾਂ ਵਿਚ ਉਹ ਝਾੜਵੇਂ ਲਹਿਜੇ ਵਿਚ ਕਹਿੰਦੀ ਹੈ :

"ਤੂੰ ਆਪਣੇ ਲਈ, ਆਪਣੇ ਸਾਂਝੇ ਖੇਤਾਂ ਲਈ ਕੰਮ ਕਰ ਰਿਹੈਂ ਜਾਗੀਰਦਾਰ ਲਈ ਨਹੀਂ !"

ਸੰਨ ੧੯੪੯ ਵਿਚ ਕੋਨੀਗੀਨਾ ਦੀ ਟੋਲੀ ਨੇ ਇਕ ਹੈਕਟੇਅਰ ਵਿਚੋਂ ੬.੫ ਸੈਂਟਨਰ ਸਣ ਦਾ ਰੇਸ਼ਾ ਤੇ ੭੪ ਬੀਜ ਪੈਦਾ ਕੀਤੇ। ਇਹ ਬਹੁਤ ਤਕੜੀ ਫਸਲ ਸੀ। ਉਹਦੀਆਂ ਜਿੱਤਾਂ ਦੀ ਪ੍ਰਸੰਸਾ ਵਜੋਂ ਸੋਵੀਅਤ ਹਕੂਮਤ ਨੇ ਯਾਕਾਤਰੀਨਾ ਕੋਨੀਜੀਨਾ ਨੂੰ "ਸੋਸ਼ਲਿਸਟ ਕਿਰਤ ਦੀ ਵੀਰਾਂਗਣਾ" ਦਾ ਖਤਾਬ ਦਿਤਾ।ਉਹਦੀ ਟੋਲੀ ਦੀਆਂ ਯਾਰਾਂ ਮੈਂਬਰਾਂ, ਯੇਲੇਨਾ ਗਾਨੀਚੇਵਾ, ਐਨਾ ਮੋਤੋਵੀਲਕੀਨਾ, ਨਾਟਾਲੀਆ ਕੋਨੀਜੀਨਾ ਤੇ ਹੋਰਨਾਂ ਨੂੰ "ਮਿਹਨਤ ਦੀ ਸੂਰਮਤਾ ਲਈ" ਤੇ "ਸਿਰ ਕਢ ਕਿਰਤ" ਦੇ ਤਮਗੇ ਮਿਲੇ।

ਪੁਰਾਣੇ ਦਿਨਾਂ ਵਿਚ ਇਕ ਬਿਰਧ ਇਸਤ੍ਰੀ ਅਜਿਹੇ ਤਮਗਿਆਂ ਤੇ ਮਾਨਾਂ ਦਾ ਸੁਪਨਾ ਵੀ ਨਹੀਂ ਸੀ ਲੈ ਸਕਦੀ। ਇਹਨਾਂ ਤਮਗਿਆਂ ਦੀ ਖ਼ਬਰ ਦੇਸ ਦੀਆਂ ਸਾਰੀਆਂ ਅਖ਼ਬਾਰਾਂ ਵਿਚ ਨਿਕਲੀ। ਇਹ ਇਕ ਹਕੀਕਤ ਹੈ ਕਿ ਸਾਂਝੇ ਖੇਤ ਨਜ਼ਾਮ ਨੇ ਕਿਸਾਨ ਇਸਤ੍ਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ਇਕ ਵਿਸ਼ਾਲ ਪਿੜ ਖੋਲ੍ਹ ਦਿਤਾ ਹੈ। ਉਹਨਾਂ ਨੂੰ ਮਰਦਾਂ ਬਰਾਬਰ ਉਜਰਤ ਮਿਲਦੀ ਹੈ। ਇਸ ਤੋਂ ਸਾਂਝੀਆਂ ਕਿਸਾਨ ਇਸਤ੍ਰੀਆਂ ਨੂੰ ਵਧੇਰੀ ਪਹਿਲੀ ਕਦਮੀ ਤੇ ਘਾਲਣਾ ਲਈ ਪ੍ਰੇਰਨਾ ਮਿਲਦੀ ਹੈ।

ਮੁਢ ਕਦੀਮਾਂ ਤੋਂ ਇੰਜ ਹੁੰਦਾ ਸੀ ਕਿ ਪੁੱਟੀ ਹੋਈ ਸਣ ਨੂੰ ਨੀਵੀਆਂ ਚਰਾਂਦਾਂ ਤੇ ਵਾਦੀਆਂ ਵਿਚ ਭਿਉਂ ਕੇ ਖਿਲਾਰ ਦਿਤਾ ਜਾਂਦਾ ਸੀ। ਇਹ ਬੜਾ ਲੰਮਾ ਅਮਲ ਹੁੰਦਾ ਸੀ, ਤੇ ਬੜਾ ਧਿਆਨ ਮੰਗਦਾ ਸੀ, ਖ਼ਾਸ ਤੌਰ ਤੇ ਜੇ ਪਤਝੜ ਸੁਕੀ ਹੋਵੇ। ਯਾਕਾਤਰੀਨਾ ਕੋਨੀਗੀਨਾ ਨੇ ਸਾਂਝੇ ਖੇਤ ਦੇ ਪ੍ਰਬੰਧਕ ਬੋਰਡ ਨੂੰ ਸੁਝਾਉ ਦਿਤਾ ਕਿ ਤਰੇਲ ਨਾਲ ਭਿਉਂ ਕੇ ਸੁਕਾਣ ਦੇ ਢੰਗ ਨੂੰ ਰੱਦ ਕਰ ਦਿਤਾ ਜਾਏ। ਇਹਦੀ ਥਾਂ ਉਹਨੇ ਨਿਘੇ ਪਾਣੀ ਦੇ ਪੰਜ ਛੇ ਸੀਮਿੰਟ-ਹੋਏ ਤਲਾਬ ਬਣਾਨ ਦੀ ਤਜਵੀਜ਼ ਰਖੀ। ਹਰ ਇਕ ਤਲਾਬ ਨੂੰ ਏਨਾ ਵਡਾ ਹਣਾ ਸੀ, ਜਿਦ੍ਹੇ ਵਿਚ ਦੋ ਟਨ ਸਣ ਤੀਲੇ ਭਿਉਂ ਕੇ ਸੁਕਾਏ ਜਾ ਸਕਣ। ਉਹਦੀ ਤਜਵੀਜ਼ ਮੰਨ ਲਈ ਗਈ। ਭਿਉਂ ਕੇ ਸੁਕਾਣ ਦੇ ਇਸ ਢੰਗ ਨਾਲ, ਮੌਸਮ ਭਾਵੇਂ ਕੀ ਹੋਵੇ, ਰੇਸ਼ੇ ਨੂੰ ਨਿਖੇੜਨ ਲਈ ਸਿਰਫ਼ ਤੀਜਾ ਹਿਸਾ ਵਕਤ ਲਗਦਾ ਹੈ। ਰੇਸ਼ਾ ਵਧੀਆ ਕੁਆਲਟੀ ਦਾ ਹੁੰਦਾ ਹੈ ਤੇ ਵਧੇਰੀ ਉਪਜ ਦੀ ਆਸ ਦਵਾਂਦਾ ਹੈ। ਤਲਾਬਾਂ ਦੀ ਉਸਾਰੀ ਤੇ ਕੰਮ ਸ਼ੁਰੂ ਹੋ ਚੁਕਿਆ ਹੈ, ਜਿਨ੍ਹਾਂ ਵਿਚ ਨਿਘਾ ਪਾਣੀ ਖੇਤ ਵਿਚ ਲਾਏ ਇਕ ਭਾਫ ਬੈਲਰ ਵਿਚੋਂ ਆਇਆ ਕਰੇਗਾ।

ਯਾਕਾਤਰੀਨਾ ਕੋਨੀਜੀਨਾ ਸਣ ਦੀ ਤਕੜੀ ਫਸਲ ਉਗਾਣ ਲਈ ਆਪਣੇ ਢੰਗਾਂ ਨੂੰ ਭੇਤ ਬਣਾ ਕੇ ਨਹੀਂ ਰਖਦੀ, ਉਹ ਸਣ ਦੇ ਸਾਰੇ ਕਾਸ਼ਤਕਾਰਾਂ ਨੂੰ ਖੁਸ਼ੀ ਨਾਲ ਦਸਦੀ ਹੈ। ਉਹਦੇ ਹੁਣੇ ਹੀ ਬਹੁਤ ਸਾਰੇ ਸ਼ਾਗਿਰਦ ਹਨ। ਪੇਲਗੇਯਾ ਕੁਸਤੀਕੋਵਾ, ਐਨਾ ਬੇਜ਼ੂਰਕੋਵਾ ਤੇ ਕਈ ਵੀਹਾਂ ਹੋਰ ਸਣ ਦੀਆਂ ਕਾਸ਼ਤਕਾਰਾਂ ਬਾਕਾਇਦਾ ਤਕੜੀਆਂ ਫਸਲਾਂ ਉਗਾ ਰਹੀਆਂ ਹਨ। ਪਿਛੇ ਜਹੇ ਯਾਕਾਤਰੀਨਾ ਗੋਰਸਕਾਯਾ ਨੇ ਕੋਨੀਗੀਨਾ ਦੇ ਰੀਕਾਰਡ ਵੀ ਤੋੜ ਦਿਤੇ ਹਨ। ਉਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਣ ਦੇ ਰੇਸ਼ੇ ਦੀ ਔਸਤ ਉਪਜ ਨੂੰ ਇਕ ਹੈਕਟੇਅਰ ਪਿਛੇ ਇਕ ਟਨ ਤੇ ਲੈ ਆਂਦਾ ਹੈ।

ਤਮੀਰੀਯਾਜ਼ੇਵ ਸਾਂਝੇ ਖੇਤ ਦੇ ਇਕ ਸੌ ਤਿੰਨ ਮੈਂਬਰ ਕਿਸਾਨਾਂ ਨੂੰ ਸਣ ਦੀਆਂ ਤਕੜੀਆਂ ਫਸਲਾਂ ਉਗਾਣ ਦੀ ਪ੍ਰਸੰਸਾ ਵਜੋਂ ਸੋਵੀਅਤ ਹਕੂਮਤ ਨੇ ਤਮਗ਼ੇ ਦਿਤੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਹਨਤ ਦੀ ਮਾਅਕੂਲ ਜਥੇਬੰਦੀ

ਸਾਂਝੇ ਖੇਤਾਂ ਦੀਆਂ ਜਿੱਤਾਂ ਪਿਛ ਇਕ ਅਹਿਮ ਕਾਰਨ ਮਿਹਨਤ ਦੀ ਜਥੇਬੰਦੀ ਹੈ, ਸ਼ਾਇਦ ਇਸ ਵਿਚ ਹੀ ਇਹਦੀ ਸਫਲਤਾ ਦਾ "ਭੇਤ" ਲੁਕਿਆ ਹੋਇਆ ਹੈ।

ਤਮੀਰੀਯਾਜ਼ੇਵ ਸਾਂਝੇ ਖੇਤ ਜਿਡੇ ਵਡੇ ਖੇਤ ਵਿਚ, ਜਿਦ੍ਹੇ ਵਿਚ ਇਕ ਹਜ਼ਾਰ ਤੋਂ ਵਧੇਰੇ ਨਰੋਏ ਲੋਕ ਹੋਣ, ਕਾਸ਼ਤ ਦਾ ਸਾਰਾ ਕੰਮ—ਵਾਹੀ, ਬੀਜਾਈ, ਗੋਡੀ, ਵਾਢੀ—"ਇਕੋ ਢੇਰੇ" ਕਰ ਲੈਣਾ ਅਸੰਭਵ ਹੈ। ਇਸ ਲਈ ਸਾਂਝੇ ਖੇਤ ਨੇ ਸਠ ਤੋਂ ਅੱਸੀ ਅੱਸੀ ਕਿਸਾਨਾਂ ਦੇ ਜੱਥੇ ਬਣਾਏ ਹੋਏ ਹਨ। ਖੇਤ ਵਿਚ ਖੇਤ-ਵਾਹੀ ਦੇ ਨੌਂ ਜੱਥੇ ਹਨ। ਵਿਸ਼ੇਸ਼ ਜੱਥੇ ਪਸ਼ੂਆਂ, ਸਬਜ਼ੀਆਂ ਦੇ ਖੇਤਾਂ ਤੇ ਫਲਾਂ ਦ ਬਾਗਾਂ ਦਾ ਕੰਮ ਕਰਦੇ ਹਨ।

ਹਰ ਇਕ ਖੇਤ-ਵਾਹੀ ਦਾ ਜੱਥਾ ਜ਼ਮੀਨ ਦੇ ਇਕ ਖਾਸ ਪਲਾਟ ਲਈ ਜ਼ਿਮੇਵਾਰ ਹੁੰਦਾ ਹੈ,ਜਿਹੜਾ ਸੱਤਾਂ ਤੋਂ ਦਸਾਂ ਵਰ੍ਹਿਆਂ ਦੀ ਮਿਆਦ ਲਈ, ਅਰਥਾਤ ਫਸਲਾਂ ਦੀ ਅਦਲ ਬਦਲ ਦੇ ਗੇੜ ਦੀ ਮਿਆਦ ਲਈ ਉਹਨੂੰ ਸੌਂਪਿਆ ਜਾਂਦਾ ਹੈ। ਜੱਥੇ ਨੂੰ ਸੰਦਾਂ ਦਾ ਇਕ ਖਾਸ ਸਟਾਕ, ਵਾਹੀ ਦੇ ਪਸ਼ੂ ਤੇ ਖੇਤ ਦੀਆਂ ਇਮਾਰਤਾਂ ਦਿਤੀਆਂ ਜਾਂਦੀਆਂ ਹਨ।

ਜੱਥੇ ਇਕੋ ਜਿਡੇ ਨਹੀਂ ਹੁੰਦੇ। ਮਿਸਾਲ ਲਈ, ਪਹਿਲ ਜੱਥੇ ਵਿਚ ੯੯ ਸਾਂਝੇ ਕਿਸਾਨ ਹਨ। ਇਹਦੇ ਜ਼ਿਮੇਂ ੬੬੭ ਏਕੜ ਜ਼ਮੀਨ ਤੇ ੨੨ ਘੋੜੇ ਹਨ। ਨਵੇਂ ਜੱਥੇ ਵਿਚ ੫੧ ਸਾਂਝੇ ਕਿਸਾਨ ਹਨ, ਉਹਦੇ ਕੋਲ ੩੯੫ ਏਕੜ ਵਾਹੀ-ਯੋਗ ਜ਼ਮੀਨ ਤੇ ੧੨ ਘੋੜੇ ਹਨ। ਖੇਤ ਵਿਚ, ਇਹਦੀ ਵਿਆਖਿਆ ਅਨੁਸਾਰ, ਇਹ ਆਰਥਕ ਸਹੂਲਤ ਲਈ ਕੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਂਦਾ ਹੈ। ਜੇ ਜੱਥੇ ਦੇ ਜ਼ਿਮੇ ਲਾਇਆ ਰਕਬਾ ਜੁੜਵਾਂ ਤੇ ਸਾਂਝੇ ਕਿਸਾਨਾਂ ਦੇ ਘਰਾਂ ਤੋਂ ਨੇੜੇ ਹੋਵੇ, ਅਸਰ ਵਧੇਰਾ ਹੁੰਦਾ ਹੈ। ਜੱਥਾ ਆਮ ਤੌਰ ਤੇ ਗਵਾਂਢੀ ਪਿੰਡਾਂ ਵਿਚ ਵੱਸਣ ਵਾਲੇ ਸਾਂਝੇ ਕਿਸਾਨਾਂ ਨਾਲ ਬਣਾਇਆ ਜਾਂਦਾ ਹੈ।

ਖੇਤ-ਵਾਹੀ ਦਾ ਹਰ ਜੱਥਾ ਮਸ਼ੀਨ ਤੇ ਟਰੈਕਟਰ ਸਟੇਸ਼ਨ ਦੇ ਟਰੈਕਟਰ ਅਮਲੇ ਨਾਲ ਰਲ ਕੇ ਆਪਣੇ ਜ਼ਿਮੇ ਦੇ ਹਿੱਸੇ ਵਾਲੀ ਜ਼ਮੀਨ ਤਿਆਰ ਕਰਦਾ ਹੈ, ਪੈਲੀਆਂ ਵਿਚ ਖਾਦ ਲਿਆਉਂਦਾ ਹੈ, ਬੀਜਾਈ ਕਰਦਾ ਹੈ, ਫਸਲਾਂ ਪਾਲਦਾ ਹੈ, ਤੇ ਪੈਲੀਆਂ ਨੂੰ ਟਿੱਡੀਆਂ ਤੇ ਬੂਟਿਆਂ ਦੀਆਂ ਬੀਮਾਰੀਆਂ ਤੋਂ ਬਚਾਂਦਾ ਹੈ। ਵਾਢੀ ਮਸ਼ੀਨਾਂ ਨਾਲ ਕੀਤੀ ਜਾਂਦੀ ਹੈ।

ਵਧੇਰੀ ਸੁਚੱਜਤਾਂ ਲਈ, ਸਣ ਤੇ ਸਬਜ਼ੀਆਂ ਦੀ ਉਗਾਈ ਵਿਚ ਲਗੇ ਜੱਥੇ ਅਠ ਅਠ, ਬਾਰਾਂ ਬਾਰਾਂ ਜਾਂ ਅਠਾਰਾਂ ਅਠਾਰਾਂ ਕਿਸਾਨਾਂ ਦੀਆਂ ਟੋਲੀਆਂ ਵਿਚ ਵੰਡ ਦਿਤੇ ਜਾਂਦੇ ਹਨ।

ਇਹ ਟੋਲੀਆਂ ਜੱਥੇ ਦੇ ਲੀਡਰ ਦੇ ਅਧੀਨ ਹੁੰਦੀਆਂ ਹਨ। ਜਥਿਆਂ ਤੋਂ ਨਿਖੇੜਵੀਂ ਗੱਲ ਇਹ ਹੈ ਕਿ ਟੋਲੀਆਂ ਨੂੰ ਮਾਲ ਡੰਗਰ, ਮਸ਼ੀਨਾਂ, ਤੇ ਖੇਤ ਦੀਆਂ ਇਮਾਰਤਾਂ ਨਹੀਂ ਦਿਤੀਆਂ ਜਾਂਦੀਆਂ।

ਸਭ ਤੋਂ ਵਧ ਮਿਹਨਤ ਮੰਗਣ ਵਾਲੀਆਂ ਫਸਲਾਂ ਉਗਾਣ ਵਿਚ ਲਗੇ ਮੈਂਬਰ ਕਿਸਾਨਾਂ ਦੀ ਮਿਹਨਤ ਦੀ ਸੁਚੱਜਤਾ ਵਧਾਣ ਲਈ ਟੋਲੀਆਂ ਬਣਾਈਆਂ ਜਾਂਦੀਆਂ ਹਨ।

ਸਾਂਝੇ ਖੇਤ ਦੀ ਜ਼ਿੰਦਗੀ ਦੇ ਪਹਿਲੇ ਵਰ੍ਹਿਆਂ ਵਿਚ ਸਾਂਝੇ ਕਿਸਾਨਾਂ ਦੀ ਮਿਹਨਤ ਦੀ ਉਜਰਤ-ਅਦਾਇਗੀ ਵਕਤ ਦੀ ਸ਼ਰਹ ਅਨੁਸਾਰ ਕੀਤੀ ਜਾਂਦੀ ਸੀ। ਕੰਮ ਕਿੰਨਾ ਕੁ ਕੀਤਾ ਗਿਆ, ਤੇ ਉਹ ਕਿਹੜੀ ਪੱਧਰ ਦਾ ਸੀ, ਇਹ ਹਿਸਾਬ ਵਿਚ ਨਹੀਂ ਲਿਆਂਦਾ ਜਾਂਦਾ ਸੀ। ਇਸ ਲਈ ਜ਼ਾਤੀ ਪ੍ਰੇਰਨਾ ਨਹੀਂ ਸੀ ਹੁੰਦੀ, ਇਹਦਾ ਨਤੀਜਾ ਇਹ ਨਿਕਲਦਾ ਸੀ ਕਿ ਮਿਹਨਤ ਦਾ ਜ਼ਾਬਤਾ (ਡਸਿਪਲਿਨ), ਪਹਿਲਕਦਮੀ ਤੇ ਮਿਹਨਤ ਦੀ ਪੈਦਾਵਾਰੀ ਸ਼ਕਤੀ ਘਟ ਜਾਂਦੀ ਸੀ। ਸਾਂਝ ਕਿਸਾਨਾਂ ਨੇ ਸਰਬ ਸੰਮਤੀ ਨਾਲ ਮੰਗ ਕੀਤੀ ਕਿ ਕੰਮ ਅਨੁਸਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਜਰਤ-ਅਦਾਇਗੀ ਦਾ ਤਰੀਕਾ ਚਾਲੂ ਕੀਤਾ ਜਾਏ ਤੇ ਸਾਂਝੇ ਕਿਸਾਨਾਂ ਦੇ ਕੰਮ ਦਾ ਹਿਸਾਬ ਉਹਨਾਂ ਦਿਨਾਂ ਦੇ ਆਧਾਰ ਤੇ ਨਾ ਕੀਤਾ ਜਾਏ ਜਿਹੜੇ ਉਹਨਾਂ ਲਾਏ ਹੋਣ, ਸਗੋਂ ਉਹਦਾ ਆਧਾਰ ਕੰਮ-ਦਿਹਾੜੀ ਦੇ ਯੂਨਟਾਂ ਉਤੇ ਹੋਵੇ।

ਕੰਮ-ਦਿਹਾੜੀ ਦਾ ਯੂਨਟ ਕੀ ਹੈ ? ਕੰਮ ਦਿਹਾੜੀ ਦਾ ਯੂਨਟ ਸਾਂਝੀ ਕਾਸ਼ਤ ਵਿਚ ਲਾਈ ਗਈ ਖੇਤ ਦੇ ਮੈਂਬਰ ਦੀ ਮਿਹਨਤ ਦੇ ਮਾਪ ਦਾ ਟਕਸਾਲੀ ਯੂਨਟ ਹੈ। ਇਹਦੇ ਅਨੁਸਾਰ ਹੀ ਸਾਂਝੇ ਖੇਤ ਦੀ ਆਮਦਨ (ਰਕਮ ਤੇ ਫਸਲ ਵਿਚ) ਵੇਲੇ ਉਹਦਾ ਹਿੱਸਾ ਮਿਥਿਆ ਜਾਂਦਾ ਹੈ। ਹਿਸਾਬ ਕਿਤਾਬ ਦਾ ਦਫ਼ਤਰ ਉਸ ਸਾਰੇ ਕੰਮ ਦਾ ਪੱਕਾ ਤੇ ਪੂਰਾ ਹਿਸਾਬ ਰਖਦਾ ਹੈ, ਜਿਹੜਾ ਸਾਂਝੇ ਕਿਸਾਨਾਂ ਨੇ ਪੈਲੀਆਂ ਵਿਚ ਤੇ ਪਸ਼ੂ-ਪਾਲਣਾ ਤੇ ਸਬੰਧਤ ਅਦਾਰਿਆਂ ਵਿਚ ਕੀਤਾ ਹੁੰਦਾ ਹੈ, ਇਹਦਾ ਹਿਸਾਬ ਕੰਮ-ਦਿਹਾੜੀ ਦੇ ਯੂਨਟਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ।

ਇਹ ਪ੍ਰਬੰਧ ਦੂਜੇ ਸਾਰੇ ਸਾਂਝੇ ਖੇਤਾਂ ਵਾਂਗ ਤਮੀਰੀਯਾਜ਼ੇਵ ਸਾਂਝੇ ਖੇਤ ਵਿਚ ਵੀ ਵਰਤਿਆ ਜਾਂਦਾ ਹੈ। ਹਰ ਇਕ ਕੰਮ ਲਈ ਬਝਿਆ ਕੋਟਾ ਹੈ, ਜਿਹੜਾ ਇਕ ਦਿਨ ਵਿਚ ਇਕ ਔਸਤ, ਬਾ-ਜ਼ਮੀਰ ਸਾਂਝਾ ਕਿਸਾਨ ਕਰ ਸਕਦਾ ਹੈ। ਇਸ ਕੋਟੇ ਦੇ ਆਧਾਰ ਤੇ ਸਾਂਝੇ ਕਿਸਾਨ ਦੇ ਹਿਸਾਬ ਵਿਚ ਕੀਤੇ ਗਏ ਕੰਮ ਲਈ ਕੰਮ-ਦਿਹਾੜੀਆਂ ਤੇ ਖਾਸ ਯੂਨਟ ਪਾ ਦਿਤੇ ਜਾਂਦੇ ਹਨ। ਇਹ ਖਿਆਲ ਰਖਣਾ ਚਾਹੀਦਾ ਹੈ ਕਿ ਵਧੇਰੇ ਗੁੰਝਲਦਾਰ ਤੇ ਔਖੇ ਕੰਮਾਂ ਦਾ ਹਿਸਾਬ, ਜਿਨ੍ਹਾਂ ਲਈ ਵਧੇਰੀ ਮਿਹਨਤ ਤੇ ਹੁਨਰ ਦੀ ਲੋੜ ਹੁੰਦੀ ਹੈ, ਬਹੁਤੇ ਗਿਆਨ ਤੇ ਤਜਰਬੇ ਦੀ ਮੰਗ ਨਾ ਕਰਨ ਵਾਲੇ, ਸਿਧੇ, ਹੌਲੇ ਕੰਮਾਂ ਨਾਲੋਂ ਉਚੇਰੀ ਸ਼ਰਹ ਅਨੁਸਾਰ ਲਾਇਆ ਜਾਂਦਾ ਹੈ।

ਸਾਂਝੇ ਖੇਤ ਦੇ ਹਿਸਾਬੀਏ ਈਵਾਨ ਕੋਰਾਬਯੋਵ ਨੇ ਮੈਨੂੰ ਉਹ ਰੀਕਾਰਡ ਵਿਖਾਏ, ਜਿਨ੍ਹਾਂ ਵਿਚ ਸਟੈਂਡਰਡ ਕੋਟੇ ਤੇ ਖੇਤ ਦੇ ਵਖ ਵਖ ਕੰਮਾਂ ਦੀਆਂ ਸ਼ਰਹਾਂ ਦਸੀਆਂ ਹੋਈਆਂ ਸਨ। ਮਿਸਾਲ ਲਈ, ਸਣ ਤੇ ਬਿਗਜ ਕਣਕ ਦੀ ਗੋਡੀ ਲਈ ਦਿਹਾੜੀ ਦਾ ਕੋਟਾ ਏਕੜ ਦਾ ਚੌਥਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਿੱਸਾ ਹੈ । ਇਹ ਹੋਣ ਨਾਲ ਸਾਂਝੇ ਕਿਸਾਨ ਦੇ ਹਿਸਾਬ ਵਿਚ ਕੰਮ-ਦਿਹਾੜੀ ਦੇ ਸਵਾ ਯੂਨਟ ਪਾ ਦਿਤੇ ਜਾਂਦੇ ਹਨ । ਡੰਪ ਵਾਢੀ-ਮਸ਼ੀਨ ਦੇ ਚਾਲਕ ਦੇ ਹਿਸਾਬ ਵਿਚ, ਜਿਹੜਾ ਬਹੁਤਾ ਔਖਾ ਤੇ ਹੁਨਰ ਮੰਦ ਕੰਮ ਕਰਦਾ ਹੈ, ਸਵਾ ਯਾਰਾਂ ਏਕੜਾਂ ਦੀ ਵਾਢੀ ਲਈ ਕੰਮ-ਦਿਹਾੜੀ ਦੇ ਢਾਈ ਯੂਨਟ ਪਾਏ ਜਾਂਦੇ ਹਨ, ਇਹ ਦਿਹਾੜੀ ਦਾ ਕੋਟਾ ਹੈ । ਜਿਹੜੇ ਇਸ ਕੋਟੇ ਤੋਂ ਅਗੇ ਲੰਘ ਜਾਂਦੇ ਹਨ, ਆਪਣੇ ਹਿਸਾਬ ਵਿਚ ਕੰਮ-ਦਿਹਾੜੀ ਦੇ ਵਧੇਰੇ ਯੂਨਟ ਪਾਂਦੇ ਹਨ । ਜਿਹੜੇ ਇਸ ਟੀਚੇ ਤੋਂ ਹੇਠਾਂ ਰਹਿ ਜਾਂਦੇ ਹਨ, ਉਹਨਾਂ ਦੇ ਹਿਸਾਬ ਵਿਚ ਘਾਟ ਅਨੁਸਾਰ ਕੰਮ-ਦਿਹਾੜੀ ਦੇ ਥੋੜੇ ਯੂਨਟ ਪੈਂਦੇ ਹਨ ।

ਕੁਦਰਤੀ ਹੈ, ਕਿ ਸਾਂਝੇ ਖੇਤ ਦੇ ਪ੍ਰਬੰਧਕ ਠੋਸ ਕੰਮ ਦੇ ਖਾਸ ਵਿਚਲੀਆਂ ਤਬਦੀਲੀਆਂ ਨੂੰ ਹਿਸਾਬ ਵਿਚ ਲਿਆਉਂਦੇ ਹਨ । ਇਹਦੇ ਅਨੁਕੂਲ ਕੋਟਿਆਂ ਤੇ ਸ਼ਰਹਾਂ ਵਿਚ ਤਬਦੀਲੀਆਂ ਕਰ ਦਿਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਵਧਾਇਆ ਘਟਾਇਆ ਜਾ ਸਕਦਾ ਹੈ ।

ਮੈਂ ਪਹਿਲੋਂ ਦਸ ਆਇਆਂ ਹਾਂ ਕਿ ਸਾਂਝੇ ਖੇਤ ਦੀ ਆਮਦਨੀ ਸਾਂਝੇ ਕਿਸਾਨਾਂ ਦੇ ਕਮਾਏ ਕੰਮ-ਦਿਹਾੜੀ ਦੇ ਯੂਨਟਾਂ ਅਨੁਸਾਰ, ਸੋਸ਼ਲਿਜ਼ਮ ਦੇ ਨਿਯਮ, "ਹਰ ਇਕ ਨੂੰ ਉਹਦੀ ਯੋਗਤਾ ਅਨੁਸਾਰ ਵੰਡਣ ਤੋਂ, ਹਰ ਇਕ ਨੂੰ ਉਹਦੇ ਕੰਮ ਅਨੁਸਾਰ ਵੰਡਣ ਤਕ" ਦੇ ਅਨੁਸਾਰ, ਜਿਸ ਤੋਂ ਉਹ ਚੰਗੀ ਤਰ੍ਹਾਂ ਜਾਣੂ ਹਨ, ਵੰਡੀ ਜਾਂਦੀ ਹੈ ।

ਸਾਂਝੇ ਖੇਤ ਦੇ ਪ੍ਰਬੰਧਕ, ਖੇਤ ਦਾ ਪਰਧਾਨ ਤੇ ਜਥਿਆਂ ਦੇ ਲੀਡਰ ਪਲੈਨਾਂ ਦਾ ਟੀਚੇ ਅਨੁਸਾਰ ਪੂਰਤੀ ਤੇ ਟੀਚੇ ਤੋਂ ਵਧ ਪੂਰਤੀ ਲਈ ਜਥਿਆਂ ਤੇ ਸਾਂਝੇ ਕਿਸਾਨਾਂ ਵਿਚਕਾਰ ਸੋਸ਼ਲਿਸਟ ਮੁਕਾਬਲ ਦੀ ਲਹਿਰ ਨੂੰ ਉੱਨਤ ਕਰਨ ਤੇ ਅਗੇ ਲਜਾਣ ਵਾਸਤੇ ਸਾਰੀ ਵਾਹ ਲਾਂਦੇ ਹਨ, ਇਸ ਲਹਿਰ ਦੇ ਆਗੂ ਤੇ ਮੋਢੀ ਆਮ ਤੌਰ ਤੇ ਕਮਿਊਨਿਸਟ ਜਾਂ ਕਾਮਸੋਮੋਲ (ਯੰਗ ਕਮਿਊਨਿਸਟ ਲੀਗ) ਦੇ ਮੈਂਬਰ ਹੁੰਦੇ ਹਨ, ਜਿਹੜੇ ਮਿਸਾਲ ਕਾਇਮ ਕਰਦੇ ਹਨ । ਇਸ ਮੁਕਾਬਲ ਦਾ ਨਿਯਮ ਹੈ : "ਆਪਣੇ ਕੰਮ ਨੂੰ ਉਚੇਰੇ ਮਿਆਰ ਤੇ ਲਿਆਓ ਤੇ ਪਛੜੇ ਹੋਏ ਸਾਥੀਆਂ ਨੂੰ ਮੁਖੀ ਕਾਮਿਆਂ ਦਾ ਮਿਆਰ ਹਾਸਲ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਸਹਾਇਤਾ ਦਿਓ।"

ਵਾਹੀ-ਜਥਿਆਂ, ਪਸ਼ੂ-ਪਾਲਣਾ ਦੇ ਹਿਸਿਆਂ ਤੇ ਸਬੰਧਤ ਅਦਾਰਿਆਂ ਵਿਚ ਬੋਰਡ ਲਗੇ ਹੁੰਦੇ ਹਨ ਤੇ ਇਹਨਾਂ ਬੋਰਡਾਂ ਉਤੇ ਪਲੈਨ ਅਨੁਸਾਰ ਨੀਯਤ ਕੀਤੀ ਦੁਧ ਦੀ ਉਪਜ ਜਾਂ ਮਿਸਾਲ ਵਜੋਂ ਪਲੈਨ ਅਨੁਸਾਰ ਨੀਯਤ ਕੀਤੀਆਂ ਸੰਦਾਂ ਦੀਆਂ ਮੁਰੰਮਤਾਂ, ਗੋਡੀ ਜਾਂ ਵਾਢੀ ਦੇ ਰੋਜ਼ਾਨਾ ਰੀਕਾਰਡ ਚੜ੍ਹਾਏ ਜਾਂਦੇ ਹਨ। ਹਰ ਇਕ ਸਾਂਝਾ ਕਿਸਾਨ ਮੁਖੀ ਕਿਸਾਨਾਂ ਵਿਚ ਰਲਣਾ ਚਾਹੁੰਦਾ ਹੈ। ਇਹ ਰੀਝ ਮੁਕਾਬਲੇ-ਲਹਿਰ ਦੇ ਨਤੀਜਿਆਂ ਦੇ ਖੁਲ੍ਹੇ ਪਰਚਾਰ ਨਾਲ ਹੋਰ ਵੀ ਤਿੱਖੀ ਹੋ ਜਾਂਦੀ ਹੈ।

ਸਾਂਝੇ ਖੇਤ ਦੀ ਕੰਧ-ਅਖ਼ਬਾਰ "ਚੋਖੀ ਫਸਲ ਲਈ" ਵਿਚ ਤੇ ਨੌਜਵਾਨਾਂ ਦੀ ਅਖ਼ਬਾਰ "ਕੋਮਸੋਮੋਲਤਸ" ਵਿਚ ਸਭ ਤੋਂ ਚੰਗੇ ਕਾਮਿਆਂ ਦੀ ਸ਼ਲਾਘਾ ਕੀਤੀ ਜਾਂਦੀ ਹੈ, ਤੇ ਕੁਚੱਜੇ ਕਾਮਿਆਂ ਉਤੇ ਪੜਚੋਲ ਕੀਤੀ ਜਾਂਦੀ ਹੈ। ਪਸ਼ੂ-ਪਾਲਣਾ ਦੇ ਹਿਸਿਆਂ ਦੀ ਅਖ਼ਬਾਰ ਦਾ ਨਾਂ "ਪਸ਼ੂ-ਪਾਲਕ ਕਿਸਾਨ ਦੀ ਆਵਾਜ਼" ਹੈ। ਤੇ ਹਰ ਇਕ ਜੱਥਾ ਆਪਣਾ ਛੋਟਾ ਜਿਹਾ ਖਬਰ ਨਾਮਾ ਕਢਦਾ ਹੈ।

ਸੋਸ਼ਲਿਸਟ ਮੁਕਾਬਲੇ ਦੀ ਲਹਿਰ ਸਿਰਫ ਇਕੋ ਖੇਤ ਤਕ ਹੀ ਮਹਿਦੂਦ ਨਹੀਂ। ਵਖ ਵਖ ਸਾਂਝੇ ਖੇਤ ਸਭ ਤੋਂ ਚੰਗੇ ਨਤੀਜਿਆਂ ਦੀ ਪਰਾਪਤੀ ਲਈ ਜਤਨ ਕਰ ਰਹੇ ਹਨ। ਤਮੀਰੀਯਾਜ਼ੇਵ ਸਾਂਝਾ ਖੇਤ ਕਿੰਨੇ ਵਰ੍ਹਿਆਂ ਤੋਂ ਗਵਾਂਢੀ ਕਰਾਸਨੀ ਮਾਯੇਕ ਸਾਂਝੇ ਖੇਤ ਨਾਲ ਸਭ ਤੋਂ ਚੰਗੇ ਨਤੀਜਿਆਂ ਦੀ ਪਰਾਪਤੀ ਲਈ ਮੁਕਾਬਲਾ ਕਰਦਾ ਆਇਆ ਹੈ। ਕਰਾਸਨੀ ਮਾਯੇਕ ਸਾਂਝਾ ਖੇਤ ਤਮੀਰੀਯਾਜ਼ੇਵ ਸਾਂਝੇ ਖੇਤ ਦੇ ਤਜਰਬੇ ਤੋਂ ਲਾਭ ਉਠਾ ਕੇ ਹਰ ਵਰ੍ਹੇ ਆਪਣੇ ਕੰਮ ਨੂੰ ਉੱਨਤ ਕਰ ਰਿਹਾ ਹੈ। ਤਮੀਰੀਯਾਜ਼ੇਵ ਸਾਂਝੇ ਖੇਤ ਦੇ ਮੈਂਬਰ ਕਿਸਾਨ ਜ਼ਿਲੇ ਦੇ ਇਲਾਕਾਈ ਕੇਂਦਰਾਂ ਵਿਚ ਹਣ ਵਾਲੀਆਂ ਸਾਂਝੇ ਖੇਤਾਂ ਦੀਆਂ ਕਾਨਫਰੰਸਾਂ ਵਿਚ ਅਕਸਰ ਜਾਂਦੇ ਹਨ, ਜਿਥੇ ਉਹ ਦੂਜਿਆਂ ਨਾਲ ਆਪਣਾ ਤਜਰਬਾ ਵਟਾਂਦੇ ਹਨ ਤ ਇਲਾਕ ਦੇ ਮੁਖੀ ਸਾਂਝ ਖਤਾਂ ਦੇ ਤਜਰਬੇ ਤੋਂ ਸਬਕ ਸਿਖਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਸ਼ੂ-ਪਾਲਣਾ

ਪਿੰਡ ਦੇ ਬਾਹਰ ਵਾਰ ਚੰਗੀਆਂ ਉਸਰੀਆਂ, ਖੁਲ੍ਹੀਆਂ ਤੇ ਧੁਪੀਲੀਆਂ ਇਮਾਰਤਾਂ ਤੇ ਇੱਟਾਂ ਦੇ ਚਿਣੇ ਹੋਏ ਉਚੇ ਹਵਾ-ਬੰਦ ਮੁਨਾਰੇ ਦਿਸਦੇ ਹਨ। ਇਹ, ਜਿਵੇਂ ਕਿ ਸਾਂਝੇ ਕਿਸਾਨ ਇਹਨੂੰ ਸਦਦੇ ਹਨ, "ਪਸ਼ੂ-ਪਾਲਕ ਸ਼ਹਿਰ" ਹੈ। ਇਹ ਇਕ ਵਿਸ਼ੇਸ਼ ਪਲੈਨ ਅਨੁ-ਸਾਰ ਉਸਾਰਿਆ ਗਿਆ ਸੀ। ਡੇਅਰੀ, ਸੂਰਾਂ ਤੇ ਘੋੜਿਆਂ ਦੀ ਨਸਲ-ਪਾਲਣਾ ਦੇ ਹਿਸਿਆਂ ਦਾ ਸੁਚੱਜ ਤੇ ਸਫ਼ਾਈ ਵੇਖ ਦਰਸ਼ਕ ਪਰਭਾਵਤ ਹੋ ਜਾਂਦਾ ਹੈ। ਕੋਠਿਆਂ ਤੇ ਤਬੇਲਿਆਂ ਦੀਆਂ ਕੰਧਾਂ ਤੇ ਚੂਨਾ ਫਿਰਿਆ ਹੋਇਆ ਹੈ, ਫਰਸ਼ ਸੀਮਿੰਟ ਜਾਂ ਪੱਥਰ ਦੇ ਹਨ। ਚਾਰਨ ਲਈ ਹਰ ਹਿੱਸੇ ਦੀ ਆਪਣੀ ਰਸੋਈ ਹੈ।

ਸਭ ਤੋਂ ਵਧ ਮਿਹਨਤ-ਖਾਣੇ ਕੰਮ ਮਸ਼ੀਨਾਂ ਰਾਹੀਂ ਕੀਤੇ ਜਾਂਦੇ ਹਨ। ਚਾਰਾ ਤਿਆਰ ਕਰਨ ਲਈ ਜੜ-ਕਟਾਈ ਤੇ ਜੜ-ਧੁਆਈ ਦੀਆਂ ਮਸ਼ੀਨਾਂ, ਪਿਸਾਈ-ਮਸ਼ੀਨਾਂ, ਟੋਕੇ ਤੇ ਭਾਫ਼ ਦੇ ਹੌਜ਼ ਹਨ। ਗਊ ਸ਼ਾਲਾ ਵਿਚ ਪਾਣੀ ਦੇ ਖੁਦ-ਕਾਰ ਟਪ ਤੇ ਬਿਜਲੀ ਨਾਲ ਚਲਣ ਵਾਲੇ ਦੁਧ-ਚੁਆਈ ਦੇ ਆਲੇ ਹਨ। ਚਾਰਾ ਦੇਣ ਤੇ ਖਾਦ ਲਜਾਣ ਲਈ ਛੋਟੀਆਂ ਪਟੜੀਆਂ ਹਨ। ਸਾਰੇ ਹਿਸਿਆਂ ਵਿਚ ਬਿਜਲੀ ਲਾ ਦਿਤੀ ਗਈ ਹੈ।

ਸਾਂਝ ਖੇਤ ਦੀ ਜਥੇਬੰਦੀ ਤੋਂ ਪਹਿਲਾਂ ਸਥਾਨਕ ਪਿੰਡਾਂ ਵਿਚ ਪਸ਼ੂਆਂ ਦੀ ਨਸਲ-ਪਾਲਣਾ ਅਤਿ ਪੁਰਾਣੇ ਢੰਗਾਂ ਅਨੁਸਾਰ ਹੁੰਦੀ ਸੀ। ਗਾਂਵਾਂ ਤੇ ਭੇਡਾਂ ਆਮ ਤੌਰ ਤੇ ਕਿਸਾਨਾਂ ਦੀਆਂ ਕੁੱਲੀਆਂ ਨਾਲ ਪਰਾਲੀ ਦੀਆਂ ਛੱਤਾਂ ਵਾਲੇ ਬਾਂਸ ਦੇ ਸ਼ੈਡਾਂ ਵਿਚ ਰਖੀਆਂ ਜਾਂਦੀਆਂ ਸਨ। ਸਿਆਲੇ ਵਿਚ ਵਛੇ ਜਾਂ ਲੇਲੇ ਕਿਸਾਨ ਦੇ ਘਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੇਡਾਂ ਦੀ ਨਸਲ-ਪਾਲਣਾ ਦੇ ਵਿਭਾਗ ਵਿਚ ਭੇਡਾਂ ਦੀ ਉੱਨ ਬਿਜਲੀ ਨਾਲ ਲਾਹੀ ਜਾ ਰਹੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਰਖ ਜਾਂਦ ਸਨ। ਅਮਲੀ ਤਰ ਤ ਪਸ਼ੂ-ਉਨਤੀ ਲਈ ਕੁਝ ਵੀ ਨਹੀਂ ਸੀ ਕੀਤਾ ਜਾਂਦਾ। ਸਿਆਲਾਂ ਵਿਚ ਪਸ਼ੂ, ਮੁਖ ਤੌਰ ਤ, ਖੋਤਰੀ ਘਾਹ ਤੇ ਤੂੜੀ ਨਾਲ ਚਾਰੇ ਜਾਂਦੇ। ਅਮੀਰ ਤਤ ਵਾਲਾ ਤ ਰਸ-ਭਰਿਆ ਚਾਰਾ ਦੁਰਲਭ ਹੁੰਦਾ। ਇਕ ਗਾਂ ਪਿਛੇ ਦੁਧ ੬੦੦-੭੦੦ *ਲਿਟਰ ਸਾਲਾਨਾ ਦੇ ਟੀਚੇ ਤੋਂ ਵਧ ਨਾ ਹੁੰਦਾ। ਉਹਨਾਂ ਦਿਨਾਂ ਵਿਚ ਮਾਲ ਡੰਗਰ ਸਿਰਫ਼ ਰੂੜੀ ਲਈ ਰਖਣਾ ਹੀ ਲਾਭਵੰਦ ਹੁੰਦਾ ਸੀ। ਕਈ ਕਿਸਾਨ ਘਰਾਂ ਵਿਚ ਖਾਸ ਤੌਰ ਤੇ ਜਿਹੜ ਗਰੀਬ ਹੁੰਦੇ, ਮਾਲ ਡੰਗਰ ਦਾ ਨਾਂ ਨਿਸ਼ਾਨ ਹੀ ਨਾ ਹੁੰਦਾ। ਮਿਸਾਲ ਲਈ ੧੯੧੬ ਵਿਚ ਬਾਲਾਖਾਨਾ ਯੂਜ਼ਦ (ਇਹਦੇ ਵਿਚ ਤਮੀਰੀਯਾਜ਼ੇਵ ਸਾਂਝੇ ਖੇਤ ਦੇ ਪਿੰਡ ਵੀ ਆ ਜਾਂਦੇ ਹਨ) ਵਿਚ ਦੋ ਕਿਸਾਨ ਘਰਾਂ ਵਿਚੋਂ ਇਕ ਕੋਲ ਕੋਈ ਘੋੜਾ ਨਾ ਹੁੰਦਾ, ਤੇ ਦਸ ਕਿਸਾਨ ਘਰਾਂ ਵਿਚੋਂ ਇਕ ਕੋਲ ਕੋਈ ਗਾਂ ਨਾ ਹੁੰਦੀ।

ਸਾਂਝੇ ਖੇਤ ਵਿਚ ਪਸ਼ੂ-ਪਾਲਣਾ ਸਾਂਝੀ ਵਾਹੀ ਦੀਆਂ ਮੁਖੀ ਸ਼ਾਖ਼ਾਂ ਵਿਚੋਂ ਇਕ ਸ਼ਾਖ ਹੈ। ਤਮੀਰੀਯਾਜ਼ੇਵ ਸਾਂਝੇ ਖੇਤ ਵਿਚ ਪਸ਼ੂਆਂ ਤੇ ਮੁਰਗੀਆਂ ਦੀ ਗਿਣਤੀ ਹਰ ਵਰ੍ਹੇ ਵਧਦੀ ਜਾ ਰਹੀ ਹੈ। ਹੇਠ-ਲਿਖੇ ਖਾਕੇ ਤੋਂ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ:

ਤਮੀਰੀਯਾਜ਼ਵ ਸਾਂਝੇ ਖੇਤ ਦੇ ਪਸ਼ੂ	ਗਿਣਤੀ		
	੧੯੪੦	੧੯੪੯	੧੯੫੩
ਘੋੜੇ	੨੫੧	੨੭੭	੩੫੯
ਡੰਗਰ	੧੯੫	੩੩੩	੪੭੨
ਸੂਰ	੧੧੧	੨੦੩	੩੬੬
ਛੇੜਾਂ	੧੫੮	੩੬੬	੩੧੯
ਮੁਰਗੀਆਂ	੩੨੮	੬੬੭	੨,੫੫੫

* ੧ ਲਿਟਰ=੧ ਸੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਦੇ ਇਲਾਵਾ ਹਰ ਸਾਂਝ ਕਿਸਾਨ ਦੇ ਟੱਬਰ ਕੋਲ ਆਪਣੀ ਗਾਂ, ਸੂਰ ਤੇ ਮੁਰਗੀਆਂ ਹੁੰਦੀਆਂ ਹਨ । ਪਰ ਸਾਂਝੇ ਖੇਤ ਦੀ ਖੁਸ਼ਹਾਲੀ ਦਾ ਮੁਖ ਸੋਮਾ ਖੇਤ ਦੀ ਸਾਂਝੀ ਆਰਥਕਤਾ ਹੈ ।

ਘੋੜਿਆਂ ਦੀ ਨਸਲ-ਪਾਲਣਾ ਦਾ ਸੈਕਸ਼ਨ ਸਾਂਝਾ ਖੇਤ "ਰੂਸੀ ਦੁੜਕੀ-ਬਾਜ਼" ਘੋੜੇ ਦੀ ਨਸਲ ਤਿਆਰ ਕਰ ਰਿਹਾ ਹੈ, ਇਹ ਆਪਣੀ ਤਾਕਤ, ਸਹਿਣ-ਸ਼ਕਤੀ ਤੇ ਸੁੰਦਰਤਾ ਕਰਕੇ ਪ੍ਰਸਿਧ ਹੈ । ਤਬੇਲੇ ਦਾ ਸਭ ਤੋਂ ਪੁਰਾਣਾ ਕਾਮਾ ਤੇ ਸਵਾਰ, ਦਮਿਤਰੀ ਪਾਵਲੋਵ ਨੂੰ ਚੇਤੇ ਹੈ ਕਿ ਮੁਢ ਵਿਚ ਸਾਂਝੇ ਖੇਤ ਵਿਚ ਰਲੇ ਕਿਸਾਨਾਂ ਨੂੰ ਚੰਗੀ ਨਸਲ ਦੇ ਘੋੜੇ ਪਾਲਣ ਲਈ ਮਨਾਉਣਾ ਕਿੰਨਾ ਔਖਾ ਸੀ। ਇਹਨੂੰ ਇਕ ਅਜਿਹੀ ਗਲ ਸਮਝਿਆ ਜਾਂਦਾ ਸੀ, ਜਿਹੜੀ ਕਿਸਾਨ ਦੇ ਉੱਕਾ ਵਸ ਨਹੀਂ ਹੋ ਸਕਦੀ ਸੀ ।

"ਤੀਹਾਂ ਵਿਚ ਸਾਡੇ ਕੋਲ ਦੋ ਦਰਜਨ ਖੁਰਕ-ਮਾਰੇ ਕਿਸਾਨੀ ਘੋੜੇ ਸਨ। ਤੇ ਫਿਰ ਅਸੀਂ ਇਕ ਅਸੀਲ ਨਸਲ-ਪਾਲਕ ਘੋੜਾ ਖਰੀਦਣ ਦਾ ਫ਼ੈਸਲਾ ਕੀਤਾ । ਉਹ ਪਿੰਡ ਲਈ ਇਕ ਮਹਾਨ ਘਟਨਾ ਸੀ ।

"ਅਜ ਸਾਡੇ ਘੋੜੇ ਗੋਰਕੀ ਤੇ ਮਾਸਕੋ ਦੇ ਘੋੜ-ਮੈਦਾਨਾਂ ਵਿਚ ਇਨਾਮ ਜਿਤ ਰਹੇ ਹਨ । ਨਸਲ-ਪਾਲਕ ਘੋੜੇ ਸਾਡੇ ਮਾਨ ਹਨ ।"

ਸਾਂਝੇ ਖੇਤ ਵਿਚ ਗੁਣਵਾਨ ਲੋਕ ਵੀ ਸਨ, ਮਿਸਾਲ ਲਈ ਨਸਲ-ਪਾਲਕ ਫਾਰਮ ਦਾ ਮੈਨੇਜਰ, ਦਮਿਤਰੀ ਪਾਵਲੋਵ, ਪਾਵਲੀਨਾ ਗਾਗਰੀਨਾ ਤੇ ਸਾਵੇਲੀ ਕੋਸ਼ਨੇਵ, ਜਿਨ੍ਹਾਂ ਆਪਣੇ ਆਪ ਨੂੰ ਚੰਗੀ ਨਸਲ ਦੇ ਘੋੜਿਆਂ ਦੀ ਪਾਲਣਾ ਤੇ ਲਾ ਦਿਤਾ ।

੩੦ ਵਰ੍ਹਿਆਂ ਦੀ ਪਾਵਲੀਨਾ ਗਾਗਰੀਨਾ ਨੂੰ ਹੱਕੀ ਤੌਰ ਤ ਘੋੜਿਆਂ ਦੀ ਸਭ ਤੋਂ ਸੁਚੱਜੀ ਨਸਲ-ਪਾਲਕ ਸਮਝਿਆ ਜਾਂਦਾ ਹੈ। ਉਹਨੂੰ ਆਪਣੇ ਕੰਮ ਲਈ ਉਤਸ਼ਾਹ ਹੈ। ਦਸਾਂ ਵਰ੍ਹਿਆਂ ਤੋਂ ਵਧੇਰੇ ਅਰਸੇ ਤੋਂ ਉਹ ਵਛੇਰੇ ਪਾਲ ਰਹੀ ਹੈ ਤੇ ਘੋੜੇ ਸਿਖਲਾਣ ਦੀ ਮਾਹਿਰ ਹੈ । ਗਾਗਰੀਨਾ ਘੋੜਿਆਂ ਦੀ ਨਸਲ-ਪਾਲਣਾ ਸਬੰਧੀ ਸਾਰ ਸਾਹਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਜਾਣੂ ਰਹਿੰਦੀ ਹੈ । ਉਹ ਸੋਵੀਅਤ ਯੂਨੀਅਨ ਵਿਚਲੇ ਤੇ ਬਾਹਰਲੇ ਸਾਰੇ ਇਨਾਮੀ ਘੋੜਿਆਂ ਤੋਂ ਵਾਕਫ਼ ਹੈ । ਤੇ ਘੋੜ ਦੌੜਾਂ ਵਿਚ ਉਹਨੇ ਕਿੰਨੇ ਹੀ ਇਨਾਮ ਜਿਤੇ ਹੋਏ ਹਨ ।

ਸਾਂਝੇ ਕਿਸਾਨਾਂ ਨੂੰ ਉਹਦੀ ਦਲੇਰੀ ਤੇ ਹੁਨਰ ਉਤੇ ਮਾਨ ਹੈ ।

ਪਾਵਲੀਨਾ ਗਾਗਰੀਨਾ ਨੇ ਸਾਨੂੰ ਕੁਝ ਆਪਣੇ ਪਾਲੇ ਘੋੜੇ ਵਿਖਾਏ : ਚੌਂਹ ਵਰ੍ਹਿਆਂ ਦਾ "ਦਾਲ" ਜਿਨ੍ਹੇ ਰਵਾਇਤੀ ੧,੬੦੦ ਮੀਟਰ ਫਾਸਲਾ ੨ ਮਿੰਟਾਂ ਤੇ ੨੬ ਸਕਿੰਟਾਂ ਵਿਚ ਮੁਕਾਇਆ ਤੇ "ਪਰੋਵੋਰਨਾਯਾ", ਜਿਨ੍ਹੇ ਇਹ ਫਾਸਲਾ ੨ ਮਿੰਟਾਂ ਤੇ ੪੧ ਸਕਿੰਟਾਂ ਵਿਚ ਖਤਮ ਕੀਤਾ । ਉਹਨਾਂ ਗੋਰੋਦਤਸ ਤੇ ਚਕਾਲੋਵ ਵਿਚ ਹੋਈਆਂ ਘੋੜ ਦੌੜਾਂ ਵਿਚ ਇਨਾਮ ਜਿੱਤੇ ।

ਸਾਂਝੇ ਖੇਤ ਦੇ ਘੋੜ-ਮੈਦਾਨਾਂ ਵਿਚ ਹਰ ਵਰ੍ਹੇ ਦੋ ਵਾਰੀ ਰਵਾਇਤੀ ਦੌੜਾਂ ਕਰਾਈਆਂ ਜਾਂਦੀਆਂ ਹਨ । ਗਰਕੀ ਇਲਾਕੇ ਵਿਚਲੇ ਸਾਂਝੇ ਖੇਤਾਂ ਤੇ ਸਰਕਾਰੀ ਫਾਰਮਾਂ ਦੇ ਸਭ ਤੋਂ ਚੰਗੇ ਘੋੜੇ ਉਥੇ ਲਿਆਏ ਜਾਂਦੇ ਹਨ । ਤਕੜੇ, ਸੁਹਣੇ ਤੇ ਤਿਖੇ ਰੂਸੀ ਦੁੜਕੀ-ਬਾਜ਼ ਘੋੜੇ ਦੌੜ ਲਈ ਨਿਕਲਦੇ ਹਨ । ਇਸ਼ਾਰਾ ਕੀਤਾ ਜਾਂਦਾ ਹੈ ਤੇ ਘੋੜੇ ਪਿਛੇ ਧੂੜ ਛਡਦੇ ਤੀਰ ਵਾਂਗ ਉਡ ਜਾਂਦੇ ਹਨ । ਨੀਲੀ ਜਰਸੀ ਵਾਲਾ ਘੋੜ ਸਵਾਰ ਸਭ ਤੋਂ ਅਗੇ ਹੈ; ਇਹ ਪਾਵਲੀਨਾ ਗਾਗਾਰੀਨਾ ਹੈ । ਫਾਸਲ ਦਾ ਅਖ਼ੀਰਲਾ ਹਿਸਾ ਮੁਕ ਜਾਂਦਾ ਹੈ ਤੇ ਰੈਫ਼ਰੀ ਜੇਤੂ ਦੇ ਨਾਂ ਦਾ ਅਲਾਨ ਕਰਦਾ ਹੈ । ਤਮੀਰੀਯਾਜ਼ੇਵ ਸਾਂਝੇ ਖੇਤ ਦੇ ਘੋੜਿਆਂ ਨ ਸਾਰੀਆਂ ਦੌੜਾਂ ਜਿਤ ਲਈਆਂ ਹਨ । ਇਹ ਇਤਫ਼ਾਕੀਆ ਨਹੀਂ ਸੀ, ਕਿਉਂਕਿ ਇਸ ਖਤ ਵਿਚ ਘੋੜੇ ਬੜੇ ਧਿਆਨ ਨਾਲ ਪਾਲੇ ਤ ਸੰਭਾਲੇ ਜਾਂਦੇ ਹਨ ।

ਪੁਰਾਣੇ ਕਿਸਾਨ ਚੰਗੇ, ਪੱਕੇ ਪੀਡੇ ਤਿਖੇ ਤੇ ਨਾਲੋ ਨਾਲ ਸਹਿੰਦੜ ਘੋੜਿਆਂ ਦੇ ਸੁਪਨੇ ਲਿਆ ਕਰਦੇ ਸਨ । ਸਾਂਝੇ ਖੇਤ ਨਜ਼ਾਮ ਹੇਠ ਇਹ ਸੁਪਨੇ ਸੱਚੇ ਹੋ ਗਏ ਹਨ । ਸਾਂਝਾ ਖੇਤ ਆਪਣੀ ਵਰਤੋਂ ਤ ਵਿਕਰੀ ਲਈ ਸ਼ਾਨਦਾਰ ਘੋੜੇ ਪਾਲ ਰਿਹਾ ਹੈ । ਪਿਛਲੇ ਡੇਢ ਸਾਲ ਵਿਚ ਹੀ ਸਾਂਝੇ ਖੇਤ ਨੇ ਸੌ ਤੋਂ ਵਧੇਰੇ ਅਸੀਲ ਤੇ ਸੁਪਾਲੇ ਵਛੇਰੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁੜਕੀ-ਲਾਊ ਬਾਲਗ਼ ਘੜ ਵੇਚੇ ।

ਡੇਅਰੀ ਸੈਕਸ਼ਨ ਇਸ ਫਾਰਮ ਦੇ ਕੋਠੇ ਪਥਰਾਂ ਤੇ ਭਾਰੀਆਂ ਗੋਲੀਆਂ ਦੇ ਬਣੇ ਹੋਏ ਹਨ, ਤੇ ਇਹਨਾਂ ਉਤੇ ਸਲੇਟਾਂ ਜਾਂ ਟਾਇਲਾਂ ਦੀਆਂ ਛੱਤਾਂ ਪਈਆਂ ਹਈਆਂ ਹਨ । ਕਾਫ਼ੀ ਰੋਸ਼ਨੀ ਤੇ ਚਲਦਾ ਪਾਣੀ ਹੈ, ਚਾਰਾ ਦੇਣ ਤੇ ਖਾਦ ਲਜਾਣ ਲਈ ਕਾਫ਼ੀ ਮਸ਼ੀਨੀ ਸਾਮਾਨ ਹੈ । ਹਰ ਗਾਂ ਦਾ ਆਪਣਾ ਪਾਣੀ ਦਾ ਖ਼ੁਦਕਾਰ ਟਪ ਹੈ ।

ਖੇਤ ਦਾ ਜ਼ੂ-ਟੈਕਨੀਸ਼ਨ, ਨਿਕੋਲਾਈ ਚੁਲਖੇਵ ਪਸ਼ੂ-ਧਨ ਦੀ ਉਨਤੀ ਵਿਚ ਮੁਢਲੀਆਂ ਜਿੱਤਾਂ ਦੀ ਗਲ ਮਾਨ ਨਾਲ ਕਰਦਾ ਹੈ । ਥੋੜਾ ਹੀ ਚਿਰ ਹੋਇਆ, ਸਾਂਝੇ ਖੇਤ ਕੋਲ ਮਾੜੀਆਂ ਸਥਾਨਕ ਨਸਲਾਂ ਦੇ ਡੰਗਰ ਸਨ । ਗਾਵਾਂ ਸਾਲ ਵਿਚ ੬੦੦-੭੦੦ ਲਿਟਰ ਦੁਧ ਦੇਂਦੀਆਂ ਸਨ, ਤੇ ਦੁਧ ਵਿਚ ਚਰਬੀ ਸਿਰਫ਼ ੩ ਫ਼ੀ ਸਦੀ ਹੁੰਦੀ ਸੀ ।

"ਅਜ", ਨਿਕੋਲਾਈ ਚਲੁਖੇਵ ਕਹਿੰਦਾ ਹੈ, "ਸਾਡੇ ਕੋਲ ਕਰਾਸ-ਨੋਗੋਰਬਾਤੋਵੋ ਨਸਲ ਦੀਆਂ ਵਧੀਆ ਤੇ ਤਕੜੀਆਂ ਗਾਂਵਾਂ ਨੇ । ਉਹਨਾਂ ਦੇ ਦੁਧ ਵਿਚ ਚਰਬੀ ਦਾ ਔਸਤ ਤਤ ੪.੩ ਫ਼ੀ ਸਦੀ ਹੈ, ਜਿਹੜੀ ਆਪਣੇ ਆਪ ਵਿਚ ਚੰਗੀ ਜਿਤ ਹੈ, ਜੇ ਅਸੀਂ ਚੇਤਾ ਰਖੀਏ ਕਿ ੩,੦੦੦ ਲਿਟਰ ਦੁਧ ਵਿਚ ਵਾਧੂ ੧ ਫ਼ੀ ਸਦੀ ਚਰਬੀ ਦਾ ਭਾਵ ਇਹ ਹੈ ਕਿ ਸਾਲ ਵਿਚ ਇਕ ਗਾਂ ਪਿਛੇ ੩੦ ਕਿਲੋਗਰਾਮ ਮਖਨ ਹੋਰ ਹੋਵੇਗਾ ।"

ਇਹਦੇ ਬਾਵਜੂਦ ਵੀ, ਨਿਕੋਨਾਈ ਚੁਲਕੋਵ ਤੇ ਬਹੁਤੇ ਸਾਂਝੇ ਕਿਸਾਨਾਂ ਨੂੰ ਹਾਸਲ ਕੀਤੇ ਮਿਆਰਾਂ ਤੇ ਸੰਤੋਖ ਨਹੀਂ । ਸਚ ਹੈ ਕਿ ਸਭ ਤੋਂ ਅਹਿਮ ਨਤੀਜਾ ਉਹਨਾਂ ਕਢ ਲਿਆ ਹੈ, ਖੇਤ ਕੋਲ ਚੰਗੀ ਨਸਲਾਂ ਦੀਆਂ ਗਾਵਾਂ ਦਾ ਵਡਾ ਸਾਰਾ ਵਗ ਹੈ, ਸ਼ਾਨਦਾਰ ਕੋਠੇ ਤੇ ਸੰਭਾਲ-ਸੇਵਾ ਹੈ, ਪਰ ਦੁਧ ਦੀ ਔਸਤ ਉਪਜ—ਇਕ ਗਾਂ ਪਿਛੇ ੧,੬੦੦ ਲਿਟਰ—ਅਜੇ ਥੋੜੀ ਹੈ ।

"ਤੁਹਾਨੂੰ ਪਤੈ," ਨਿਕੋਲਾਈ ਚੁਲਕੋਵ ਨੇ ਸਾਡੇ ਨਾਲ ਗੱਲਾਂ ਕਰਦਿਆਂ ਕਿਹਾ, "ਬਿਲਕੁਲ ਏਥੇ, ਗੋਰਕੀ ਖੰਡ ਵਿਚ ਹੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸਕਰਾ ਸਾਂਝੇ ਖੇਤ ਵਿਚ ਕਰਾਸਨੋਗੋਰਬਾਤੋਵੋ ਨਸਲ ਦੀਆਂ ਗਾਂਵਾਂ ੩,੭੫੦ ਲਿਟਰ ਦੁਧ ਸਾਲਾਨਾ ਦੇਂਦੀਆਂ ਨੇ, ਤੇ ਕੁਝ ਦਾ ਦੁਧ ਤੇ ੭,੦੦੦ ੯,੦੦੦ ਲਿਟਰ ਤਕ ਜਾ ਪਹੁੰਚਦਾ ਏ । ਸਾਨੂੰ ਖੇਤ ਵਿਚ ਦੁਧ ਦੀ ਪੈਦਾਵਾਰ ਵਧਾਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ । ਪਰ ਆਉਂਦੇ ਦੋ ਤਿੰਨਾਂ ਵਰ੍ਹਿਆਂ ਵਿਚ ਦੁਧ ਦੀ ਪੈਦਾਵਾਰ ਨੂੰ ਦੂਣੀ ਕਰਨ ਦੀ ਸੱਚੀ ਸੰਭਾਵਨਾ ਏ ।''

ਜ਼ੂ-ਟੈਕਨੀਸ਼ਨ ਨੇ ਮੈਨੂੰ ਅਗੋਂ ਦਸਿਆ ਕਿ ਤਮੀਰੀਯਾਜ਼ੇਵ ਸਾਂਝਾ ਖੇਤ ਇਹਨੂੰ ਕਿਵੇਂ ਕਰ ਸਕੇਗਾ। ਜ਼ੋਰ ਮੁਖ ਤੌਰ ਤੇ ਚਾਰੇ ਨੂੰ ਉੱਨਤ ਕਰਨ ਤੇ ਦਿਤਾ ਜਾਏਗਾ ।

ਸਾਂਝਾ ਖੇਤ ਸਾਰਾ ਧਿਆਨ ਚਾਰਾ ਵਧਾਣ ਵਲ ਲਾ ਰਿਹਾ ਹੈ ।

ਦੂਜੀ ਸੰਸਾਰ ਜੰਗ ਤੋਂ ਪਹਿਲਾਂ ਪਸ਼ੂ-ਪਾਲਣਾ ਦੇ ਹਿਸਿਆਂ ਲਈ ਫਸਲਾਂ ਦੀ ਉਚੇਚੀ ਅਦਲ ਬਦਲ ਤੇ ਘਾਹਾਂ ਦੀ ਅਦਲ ਬਦਲ ਦੇ ਗੇੜ ਸ਼ੁਰੂ ਕੀਤੇ ਗਏ । ਸਾਂਝੇ ਖੇਤ ਦੇ ਪ੍ਰਬੰਧਕਾਂ ਨੇ ਜ਼ੂ-ਟੈਕਨੀਸ਼ਨ ਦੀ ਤਜਵੀਜ਼ ਤੇ ਚਾਰੇ ਦੀਆਂ ਫਸਲਾਂ ਲਈ ਵਧੇਰੀ ਖਾਦ ਰਖੀ । ਘਾਹਾਂ ਦੀ ਫ਼ਸਲ ਵਧਾਣ ਲਈ ਪਧਰਾਈ, ਸੁਹਾਗਾ-ਫਿਰਾਈ, ਉਤਲੀ ਠੀਕ-ਠਾਕ ਤੇ ਚਰਾਂਦਾ ਵਿਚ ਘਾਹਾਂ ਦੀ ਬੀਜਾਈ ਤੇ ਹੋਰ ਕਾਰਵਾਈਆਂ ਕੀਤੀਆਂ ਗਈਆਂ ।

ਜ਼ੂ-ਟੈਕਨੀਸ਼ਨ ਦੇ ਕਹਿਣ ਤੇ ਹੁਣ ਤਿੰਨ-ਪੱਤੀ ਘਾਹ ਦਾ ਚਾਰਾ ਪਾਇਆ ਜਾਂਦਾ ਹੈ, ਜਿਹੜਾ ਵਿਟਾਮਨਾਂ ਨਾਲ ਅਮੀਰ ਇਕ ਸ਼ਾਨਦਾਰ ਖਰਾਕ ਹੈ ।

ਤਿੰਨ-ਪੱਤੀ ਘਾਹ ਦੀ ਖੁਰਾਕ ਗਾਂਵਾਂ ਤੇ ਵਛਿਆਂ ਨੂੰ ਦਿਤੀ ਜਾਂਦੀ ਹੈ । ਆਲੂਆਂ ਦੇ ਪਤੇ ਵਿਸ਼ੇਸ਼ ਟੋਇਆਂ ਵਿਚ ਸਾਂਭੇ ਜਾਂਦੇ ਹਨ । ਇਹ ਚਾਰਾ ਕੁਝ ਗਾਵਾਂ ਲਈ ਮਜ਼ੇਦਾਰ ਤੇ ਅਮੀਰ ਚਾਰੇ ਦੀਆਂ ਕਿਸਮਾਂ ਲਭਣ ਦੇ ਜਤਨਾਂ ਦਾ ਆਰੰਭ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਰਾਂ ਦੀ ਨਸਲ-ਪਾਲਣ ਦਾ ਸੈਕਸ਼ਨ ਗਊ ਸ਼ਾਲਾਵਾਂ ਵਾਂਗ ਸੂਰਾਂ ਦੇ ਵਾੜੇ ਵੀ ਸੀਮੰਟ ਦੇ ਫਰਸ਼ਾਂ ਤੇ ਟਾਇਲਾਂ ਦੀਆਂ ਛੱਤਾਂ ਵਾਲੀਆਂ ਪੱਕੀਆਂ, ਇੱਟਾਂ ਦੀਆਂ ਇਮਾਰਤਾਂ ਹਨ। ਬਿਜਲੀ ਦੀਆਂ ਬਤੀਆਂ ਤੇ ਚਾਰੇ ਦੀ ਤਿਆਰੀ ਲਈ ਮਸ਼ੀਨਾਂ ਲਗੀਆਂ ਹੋਈਆਂ ਹਨ। ਹਰ ਇਕ ਸੂਰਨੀ ਲਈ ਲਕੜੀ ਦਾ ਪਿੰਜਰਾ ਹੈ। ਸੂਰਾਂ ਨੂੰ ਦਿਹਾੜੀ ਵਿਚ ਤਿੰਨ ਵਾਰੀ ਚਾਰਿਆ ਜਾਂਦਾ ਹੈ। ਗਰਮੀਆਂ ਵਿਚ ਉਹਨਾਂ ਨੂੰ ਚਰਾਣ ਲਈ ਚਰਾਂਦਾਂ ਵਿਚ ਲਜਾਇਆ ਜਾਂਦਾ ਹੈ।

ਖੇਤ ਵਿਚ ਆਦਰਸ਼ਕ ਸਫਾਈ ਰਖੀ ਜਾਂਦੀ ਹੈ। ਦਰਸ਼ਕ ਨੂੰ ਕਿਹਾ ਜਾਂਦਾ ਹੈ, ਕਿ ਅੰਦਰ ਵੜਨ ਤੋਂ ਪਹਿਲਾਂ ਉਹ ਜਰਾਸੀਮ-ਮਾਰ ਦਵਾਈ ਨਾਲ ਰਚੇ ਬੋਰੀ ਦੇ ਟੋਟੇ ਤੇ ਜੁੱਤੀਆਂ ਪੂੰਝ ਲਵ, ਇਹ ਸੂਰਾਂ ਵਿਚ ਬੀਮਾਰੀਆਂ ਦੇ ਫੈਲਣ ਨੂੰ ਰੋਕਣ ਲਈ ਕੀਤਾ ਜਾਂਦਾ ਹੈ।

ਮੈਂ ਸੂਰਾਂ ਦੀ ਇਕ ਜਵਾਨ ਨਸਲ-ਪਾਲਕ, ਅਨਾਸਤਾਸੀਆ ਕੋਪੀਲੋਵਾ ਨਾਲ ਗਲਾਂ ਕੀਤੀਆਂ।

"ਤੂੰ ਕੀ ਕੁਝ ਕਰ ਵਿਖਾਇਆ ਏ ?" ਮੈਂ ਪੁਛਿਆ।

"ਇਕ ਵਰ੍ਹੇ ਵਿਚ, ਮੈਂ ਇਕ ਸੂਰਨੀ ਪਿਛੇ ਔਸਤ ੨੦ ਬੱਚੇ ਪਾਲ," ਉਹਨ ਇਕ ਸੂਰਨੀ ਵਲ ਇਸ਼ਾਰਾ ਕਰਦਿਆਂ ਕਿਹਾ, "ਤੇ ਫੀਆਲਕਾ ਨੇ ੨੫ ਬੱਚੇ ਪਾਲੇ ਨੇ।"

"ਤੇ ਸਾਰ ਖੇਤ ਲਈ ਔਸਤ ਕੀ ਏ ?"

"ਹਰ ਸੂਰਨੀ ਲਈ ੧੮।"

"ਸੂਰਾਂ ਦੀ ਨਸਲ-ਪਾਲਣਾ ਤੋਂ ਸਾਂਝੇ ਖੇਤ ਨੂੰ ਕਿੰਨੀ ਆਮਦਨੀ ਹੁੰਦੀ ਏ ?"

"ਅੱਟਾ ਸੱਟਾ ੧,੪੦,੦੦੦ ਰੂਬਲ ਸਾਲਾਨਾ।"

ਜਵਾਨ ਇਸਤ੍ਰੀ ਨੂੰ ਖੇਤ ਦੇ ਮਾਮਲਿਆਂ ਦਾ ਚੰਗਾ ਗਿਆਨ ਸੀ ਤੇ ਮੇਰਾ ਇਹ ਵਾਕਫ਼ੀ ਪਰਧਾਨ, ਹਿਸਾਬੀਏ ਜਾਂ ਜ਼ੂ-ਟੈਕਨੀਸ਼ਨ ਤੋਂ ਲੈਣ ਦਾ ਸਮਾਂ ਤੇ ਖੇਚਲ ਬਚ ਗਏ। ਉਹਨੇ ਸਥਾਨਕ ਸੈਕੰਡਰੀ ਸਕਲ ਪਾਸ ਕਰ ਲਿਆ ਹੋਇਆ ਸੀ ਤੇ ਇਨਸਟੀਟਿਊਟ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਖ਼ਲ ਹਣ ਦੀਆਂ ਸੋਚਾਂ ਸੋਚ ਰਹੀ ਸੀ। ਉਹ ਕਿਸੇ ਕਾਲਜ ਵਿਚ ਜ਼ੂ-ਟਕਨੀ ਵਗਿਆਨ ਦਾ ਕੋਰਸ ਲੈਣ ਦੇ ਸੁਪਨੇ ਲੈ ਰਹੀ ਹੈ, ਤਾਂ ਜੋ ਉਹ ਆਪਣੇ ਸਾਂਝੇ ਖੇਤ ਦੇ ਵਧੇਰੀ ਕੰਮ ਆ ਸਕੇ।

ਅਨਾਸਤਾਸੀਆ ਕੋਪੀਲੋਵਾ ਨੇ ਸਹਿਜ ਸੁਭਾ ਹੀ ਮੈਨੂੰ ਆਪਣੇ ਕੰਮ ਦੇ ਢੰਗ ਦਸ ਦਿਤੇ। ਉਹਨੂੰ ਵਗਿਆਨਕ ਸੰਕੇਤ-ਸ਼ਬਦਾਂ ਦੀ ਪੂਰੀ ਪਛਾਣ ਸੀ ਤੇ ਉਸ ਮੈਨੂੰ ਰਾਸ਼ਨਾਂ, ਚਾਰੇ ਦੇ ਯੂਨਟਾਂ, ਚਾਰੇ ਵਿਚ ਚਾਕ ਤੇ ਚੂਨੇ ਦੀ ਮਹਾਨਤਾ, ਸੂਰਨੀਆਂ ਦੀ ਸੰਭਾਲ ਤੇ ਉਦੋਂ ਸਾਰੇ ਸੂਰ-ਬਚਿਆਂ ਨੂੰ ਜਿਉਂਦੇ ਰਖਣ ਦੇ ਢੰਗਾਂ ਬਾਰੇ ਦਸਿਆ ਜਦੋਂ ਸੂਰਨੀ ਦੇ ਏਨੇ ਥਨ ਨਹੀਂ ਹੁੰਦੇ ਕਿ ਸਾਰੇ ਸੂਰ-ਬੱਚੇ ਚੁੰਘ ਸਕਦੇ ਹੋਣ।

ਜੇ ਮੈਨੂੰ ਸਚਾਈ ਨਾ ਪਤਾ ਹੁੰਦੀ, ਤਾਂ ਮੈਂ ਸੋਚਦਾ ਜਿਵੇਂ ਮੈਂ ਕਿਸੇ ਕਾਲਜ ਸਿਖਲਾਈ ਮਾਹਿਰ ਦਾ ਲੈਕਚਰ ਸੁਣ ਰਿਹਾ ਹੋਵਾਂ। ਪਰ ਉਹ ਤੇ ਸਿਰਫ਼ ਇਕ ਸਾਧਾਰਨ ਸੂਰ-ਪਾਲਕ ਸੀ। ਸਾਂਝੇ ਖੇਤ ਵਿਚ ਲਗੇ ਸਾਂਝੇ ਕਿਸਾਨਾਂ ਵਾਂਗ ਉਹਨੇ ਵੀ ਸਾਂਝੇ ਖੇਤ ਵਿਚ ਪਸ਼ੂ-ਪਾਲਣਾ ਦੇ ਮਾਹਿਰਾਂ ਲਈ ਦੋ-ਸਾਲਾ ਕੋਰਸ ਪੜ੍ਹਿਆ ਹੋਇਆ ਸੀ, ਤੇ "ਮਾਹਿਰ ਸੂਰ-ਪਾਲਕ" ਦਾ ਖਤਾਬ ਪਾਇਆ ਹੋਇਆ ਸੀ।

ਸੂਰਾਂ ਦੀ ਪਾਲਣਾ ਬੜਾ ਰੁੱਖਾ ਰੁਝੇਵਾਂ ਜਾਪੇਗਾ, ਪਰ ਜੇ ਤੁਸੀਂ ਅਨਾਸਤਾਸੀਆ ਕੋਪੀਲੋਵਾ, ਜ਼ੀਨਾ ਕਲੋਚਕੋਵਾ ਤੇ ਖੇਤ ਵਿਚ ਲਗੀਆਂ ਹੋਰਨਾਂ ਕੁੜੀਆਂ ਨਾਲ ਗਲਾਂ ਕਰੋ, ਤਾਂ ਉਹ ਤੁਹਾਨੂੰ ਦਸਣਗੀਆਂ :

"ਇਹ ਜ਼ਰੂਰ ਤੁਹਾਡੀ ਗਲਤ ਫ਼ਹਿਮੀ ਏ! ਕੀ ਚੰਗੀ ਨਸਲ ਦੇ ਡੰਗਰ ਦੀ ਨਸਲ ਪਾਲਣਾ, ਜਾਂ ਸੂਰਾਂ ਦੀ ਨਸਲ ਦੀ ਉਨਤੀ ਕਰਨਾ ਤੇ ਉਹਨਾਂ ਨੂੰ ਹੋਰ ਉਪਜਾਊ ਬਣਾਨਾ ਦਿਲਚਸਪ ਨਹੀਂ? ਤੁਹਾਨੂੰ ਪਤੈ, ਸਾਡੇ ਦੇਸ ਨੂੰ ਹੋਰ ਮਾਸ ਦੀ ਲੋੜ ਏ ਤੇ ਸਾਡਾ ਇਹ ਫਰਜ਼ ਬਣਦਾ ਏ, ਕਿ ਅਸੀਂ ਇਹ ਵਧ ਤੋਂ ਵਧ ਦਈਏ। ਇਹਦੇ ਲਈ ਹੁਨਰ ਤੇ ਗਿਆਨ ਦੀ ਲੋੜ ਏ ਕਿਉਂਕਿ ਸਿਰਫ ਸਾਡੇ ਜ਼ਿਮੇ ਹੀ ਇਕ ਸੌ ਸੂਰਨੀਆਂ ਹਨ। ਇਹ ਸਾਡੇ ਸਾਂਝੇ ਖੇਤ ਦੀ ਦੌਲਤ ਹਨ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝ ਖੇਤ ਦੇ ਪ੍ਰਬੰਧਕ ਬੋਰਡ ਦੀ ਮੈਂਬਰ, ਨਾਦੇਜ਼ਦਾ ਗਨੀਚੇਵਾ ਉਦੋਂ ਤੋਂ ਸੂਰਾਂ ਦੀ ਨਸਲ-ਪਾਲਣਾ ਦੇ ਵਿਭਾਗ ਦੀ ਮਨੇਜਰ ਹੈ, ਜਦੋਂ ਦਾ ਇਹ ਜਥੇਬੰਦ ਕੀਤਾ ਗਿਆ ਹੈ। ਮੈਂ ਉਹਦੇ ਬਾਰੇ ਕਾਫ਼ੀ ਕੁਝ ਸੁਣਿਆ ਹੋਇਆ ਸੀ, ਉਹ ਆਪਣੀ ਖੁੱਲੀ ਤਬੀਅਤ, ਮਿਹਨਤ ਤੇ ਸਿਰੜ ਕਰਕੇ ਪਿਆਰੀ ਤੇ ਸਤਿਕਾਰੀ ਜਾਂਦੀ ਹੈ। ਉਹਦੀ ਜੀਵਨੀ ਸਰਲ ਤੇ ਸਿਖਿਆਦਾਇਕ ਹੈ। ਇਹ ਹਜ਼ਾਰਹਾ ਸੋਵੀਅਤ ਇਸਤ੍ਰੀਆਂ ਦੇ ਜੀਵਨ ਵਰਗਾ ਹੈ, ਜਿਹੜੀਆਂ ਸਾਂਝੇ ਖੇਤ ਦੀ ਤਰੱਕੀ ਦੇ ਨਾਲ ਨਾਲ ਅਗੇ ਵਧੀਆਂ ਹਨ, ਸ਼ਾਨਦਾਰ ਜਥੇਬੰਦਕ ਯੋਗਤਾ ਦੀਆਂ ਮਾਲਕ ਹੋ ਗਈਆਂ ਹਨ ਤੇ ਆਪਣੇ ਕੰਮ ਦੀਆਂ ਸੱਚੀਆਂ ਮਾਹਿਰ ਬਣ ਗਈਆਂ ਹਨ।

ਬਾਲ ਵਿਰੇਸ ਵਿਚ ਹੀ ਨਾਦੇਜ਼ਦਾ ਗਾਨੀਚੇਵਾ ਦਾ ਪਿਓ ਗੁਜ਼ਰ ਗਿਆ, ਤੇ ਇਸ ਬਾਲੜੀ ਨੂੰ ਰੋਟੀ ਕਮਾਣ ਲਈ ਕਮ ਕਰਨਾ ਪੈ ਗਿਆ। ਉਹਨੇ ਬੜੀ ਔਖਿਆਈ ਨਾਲ ਪ੍ਰਾਇਮਰੀ ਸਕੂਲ ਪਾਸ ਕੀਤਾ। ਉਹਦੀ ਜ਼ਿੰਦਗੀ ਆਸ-ਹੀਣੀ ਹੀ ਰਹਿਣੀ ਸੀ, ਜੇ ਕਿਤੇ ਸਾਂਝਾ ਖੇਤ ਜਥੇਬੰਦ ਨਾ ਹੁੰਦਾ। ਉਹਨੇ ਦਿਲ ਜਾਨ ਨਾਲ ਕੰਮ ਕੀਤਾ। ਉਹਨੇ ਤੀਬਰ ਚਾਹ ਨਾਲ ਵਿਸ਼ੇਸ਼ ਸਾਹਿਤ ਪੜ੍ਹਿਆ ਤੇ ਜ਼ੂ-ਟੈਕਨੀਸ਼ਨ ਤੋਂ ਸਿਖਿਆ ਲਈ। ਪਿਛੋਂ ਉਹਨੂੰ ਪਸ਼ੂਆਂ ਦੀ ਨਸਲ-ਪਾਲਣਾ ਦੇ ਦੋ-ਮਾਹੀ ਕੋਰਸ ਦਾ ਪੜ੍ਹਾਈ ਲਈ ਗੋਰਦਤਸ ਘਲਿਆ ਗਿਆ। ਉਹਨੇ ਆਪਣੀ ਪੜ੍ਹਾਈ ਸਫ਼ਲਤਾ ਨਾਲ ਪੂਰੀ ਕੀਤੀ। ਉਹਨੇ ਉਥੇ ਕਿੰਨੀਆਂ ਸਾਰੀਆਂ ਦਿਲਚਸਪ ਚੀਜ਼ਾਂ ਸਿਖੀਆਂ ਤੇ ਜਦੋਂ ਉਹ ਖੇਤ ਵਿਚ ਪੁਜੀ ਤਾਂ ਓਹਨੇ ਇਹਨਾਂ ਨਵੇਂ ਢੰਗਾਂ ਨੂੰ ਅਮਲ ਵਿਚ ਵਰਤਿਆ। ਉਹਨੇ ਇਹ ਬੜੇ ਉਤਸ਼ਾਹ ਨਾਲ ਕੀਤਾ, ਬੜੇ ਧਿਆਨ ਨਾਲ ਪਸ਼ੂਆਂ ਦੀ ਪਾਲਣਾ ਕੀਤੀ। ਉਹਨੇ ਕੁੜੀਆਂ ਨੂੰ ਦਸਿਆ :

"ਜੇ ਅਸੀਂ ਸੂਰਾਂ ਨੂੰ ਪੁਰਾਣੇ ਢੰਗਾਂ ਨਾਲ ਹੀ ਪਾਲਦੇ ਰਹੇ, ਤਾਂ ਅਸੀਂ ਏਥੋਂ ਦੇ ਏਥੇ ਹੀ ਰਹਿ ਜਾਂਗੇ, ਸਾਨੂੰ ਜਿਸ ਚੀਜ਼ ਦੀ ਲੋੜ ਏ, ਉਹ ਡੰਗਰਾਂ ਲਈ ਬੱਝੀ ਤੇ ਅਮੀਰ ਖੁਰਾਕ ਏ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਨੀਚੇਵਾ ਨੇ ਖੁਰਾਕ ਦੀ ਤਾਕਤ ਤੇ ਕੇਲੋਰੀਜ਼ ਦੇ ਹਿਸਾਬ ਅਨੁਸਾਰ ਯੋਗ ਤੌਰ ਤੇ ਸਾਵੇਂ ਰਾਸ਼ਨ ਬਣਾਨ ਦੀ ਜਾਚ ਸਿਖ ਲਈ। ਖੇਤ ਵਿਚ ਨਮੂਨੇ ਦਾ ਤਰੀਕਾ ਚਾਲੂ ਹੋ ਗਿਆ : ਸੂਰਾਂ ਨੂੰ (੩ ਵਾਰੀ ਦਿਨ ਵਿਚ) ਖੁਆਣ, ਉਹਨਾਂ ਦੀਆਂ "ਮੈਰਾਂ" ਤੇ ਸਫ਼ਾਈ ਦਾ ਪੂਰਾ ਪਰੋਗਰਾਮ ਬਣ ਗਿਆ। ਸਭ ਤੋਂ ਵਧ ਚੰਗੀਆਂ ਤੇ ਉਪਜਾਊ ਸੂਰਨੀਆਂ ਦੀ ਔਲਾਦ ਨਸਲ-ਪਾਲਣਾ ਲਈ ਚੁਣੀ ਗਈ। ਰਾਸ਼ਨ ਵਿਚ ਹਰਾ ਚਾਰਾ, ਘਾਹ, ਖਾਣਾ, ਲੂਣ, ਚੂਨਾ ਤੇ ਚਾਕ ਸ਼ੁਰੂ ਕੀਤੇ ਗਏ।

ਇਹਨਾਂ ਨਵੇਂ-ਢੰਗਾਂ,ਦੀ ਵਰਤੋਂ ਨਾਲ ਕਾਮਯਾਬੀਆਂ ਹੋਈਆਂ। ਸੰਨ ੧੯੫੨ ਵਿਚ ਖੇਤ ਨੇ ੧੯੨ ਸੂਰਾਂ ਨੂੰ ਮੋਟਿਆਂ ਕੀਤਾ ਤੇ ੨੨੨ *ਟਨ ਸੂਰ ਦਾ ਮਾਸ ਹਾਸਲ ਕੀਤਾ। ੮੦੦ ਸੂਰ ਬੱਚੇ ਵੇਚੇ ਗਏ। ਖੇਤ ਦੇ ਕਾਮਿਆਂ ਨੂੰ ਭਰੋਸਾ ਹੈ ਕਿ ਇਕ ਦੋ ਵਰ੍ਹਿਆਂ ਵਿਚ ਸੂਰਾਂ ਦੀ ਨਸਲ-ਪਾਲਣਾ ਵਿਚ ਵਧੇਰੇ ਮੁਨਾਫ਼ੇ ਹੋਣਗੇ।

<u>ਭੇਡਾਂ ਦੀ ਨਸਲ-ਪਾਲਣਾ</u>—ਸਾਂਝੇ ਖੇਤ ਦੇ ਪਰਧਾਨ, ਈਵਾਨ ਯੇਮੇਲਯਾਨੋਵ ਨਾਲ ਰਲ ਕੇ ਅਸੀਂ ਮੋਟਰ ਤੇ ਚੜ੍ਹ ਸਾਰਿਆਂ ਪਿੰਡਾਂ ਤੇ ਵਿਭਾਗਾਂ ਵਿਚੋਂ ਲੰਘੇ। ਖੇਤ ਦੇ ਕੇਂਦਰੀ ਵਿਭਾਗ ਤੋਂ ੩ ਮੀਲਾਂ ਦੇ ਫਾਸਲੇ ਤੇ ਇਕ ਝਾੜੀਆਂ ਦਾ ਜੰਗਲ ਪਸਰਿਆ ਦਿਸ ਰਿਹਾ ਸੀ। ਨਾਲ ਹੀ ਉਚੇਰੀ ਚਰਾਂਦ ਵਿਚ ਭੇਡਾਂ ਦਾ ਇੱਜੜ ਚਰ ਰਿਹਾ ਸੀ। ਸਾਡੇ ਨੇੜੇ ਪਹੁੰਚਣ ਤੇ ਇੱਜੜ ਦੇ ਦੋ ਕੁਤਿਆਂ ਨੇ ਕੰਨ ਖੜੇ ਕਰ ਲਏ।

"ਇਹ ਤੁਹਾਡੀਆਂ ਭੇਡਾਂ ਨੇ ?"

"ਹਾਂ, ਸਾਡੀਆਂ", ਪ੍ਰਧਾਨ ਨੇ ਦਿਸਵੀਂ ਖੁਸ਼ੀ ਨਾਲ ਜੁਆਬ ਦਿਤਾ।

ਮੈਨੂੰ ਪਤਾ ਸੀ ਕਿ ਗੋਰਕੀ ਖੰਡ ਵਿਚ ਵਿਸ਼ਾਲ ਦਲਦਲੀ ਰਕਬਿਆਂ, ਦਲਦਲੀ ਕੋਲੇ, ਝੀਲਾਂ ਤੇ ਚੋਖੇ ਮੀਂਹ ਦੇ ਕਾਰਨ ਭੇਡਾਂ ਦੀ

---

*੧ ਟਨ=੨੮ ਮਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਸਲ-ਪਾਲਣਾ ਲਈ ਹਾਲਤਾਂ ਕੁਝ ਅਣ-ਸੁਖਾਵੀਆਂ ਹਨ। ਨਮੀ ਭੇਡਾਂ ਦੀ ਵੈਰਨ ਹੈ। ਉਹਨਾਂ ਦੀਆਂ ਆਂਦਰਾਂ ਵਿਚ ਕੀੜੇ ਪੈ ਜਾਂਦੇ ਹਨ ਤੇ ਉਹ ਮਰ ਮੁਕ ਜਾਂਦੀਆਂ ਹਨ। ਬੀਤੇ ਵਿਚ, ਏਥੇ ਮਧਰੀਆਂ ਉਤਰੀ ਭੇਡਾਂ, ਜਿਹੜੀਆਂ ਏਥੋਂ ਦੀ ਸਖਤ ਆਬੋ-ਹਵਾ ਝਲ ਸਕਦੀਆਂ ਹਨ, ਪਾਲੀਆਂ ਜਾਂਦੀਆਂ ਸਨ। ਇਹਨਾਂ ਤੋਂ ਉੱਨ ਬੜੀ ਥੋੜੀ ਲਹਿੰਦੀ ਹੈ। ਇਸਤੋਂ ਇਲਾਵਾ ਉਹ ਹੁੰਦੀ ਵੀ ਖਰ੍ਹਵੀ ਹੈ ਤੇ ਉੱਨ-ਲੱਥੀ ਖਲ ਵੀ ਕੋਈ ਉਚੇਰੇ ਗੁਣਾਂ ਵਾਲੀ ਨਹੀਂ ਹੁੰਦੀ। ਉਤਰੀ ਭੇਡਾਂ ਦਾ ਇਕੋ ਗੁਣ ਇਹ ਹੁੰਦਾ ਹੈ, ਕਿ ਉਹ ਬੜੀਆਂ ਉਪਜਾਊ ਹੁੰਦੀਆਂ ਹਨ।

ਮਸ਼ੀਨ ਤੇ ਟਰੈਕਟਰ ਸਟੇਸ਼ਨ ਤੋਂ ਮਿਲੀਆਂ ਮਸ਼ੀਨਾਂ ਦੀ ਸਹਾਇਤਾ ਨਾਲ ਸਾਂਝੇ ਖੇਤ ਨੇ ਵਡੇ ਪੈਮਾਨੇ ਤੇ ਸੁਧਾਰਕ ਕੰਮ ਸ਼ੁਰੂ ਕੀਤਾ। ਦਲਦਲੀ ਚਰਾਂਦਾਂ ਤੇ ਘਾਹ-ਮੈਦਾਨ ਸੁਕਾਏ ਗਏ। ਜੰਗਲਾਂ ਤੇ ਝਾੜੀਆਂ-ਭਰੇ ਬੇਲਿਆਂ ਦੀ ਜ਼ਮੀਨ ਵੀ ਪਹਿਲਾਂ ਨਾਲੋਂ ਸੱਕੀ ਹੋ ਗਈ।

ਭੇਡਾਂ ਇਹਨਾਂ ਨਵੀਆਂ ਹਾਲਤਾਂ ਵਿਚ ਰਸ ਗਈਆਂ। ਨਤੀਜਾ ਇਹ ਨਿਕਲਿਆ ਕਿ ਇਸ ਜਾਨਵਰ ਵਲ ਕਿਸਾਨਾਂ ਦਾ ਵਤੀਰਾ ਵੀ ਬਦਲ ਗਿਆ: ਉਹਨਾਂ ਇਹਦੀ ਕਦਰ ਕੀਮਤ ਪਛਾਣੀ ਤੇ ਮਹਿਸੂਸ ਕੀਤਾ ਕਿ ਭੇਡਾਂ ਦੀ ਨਸਲ-ਪਾਲਣਾ ਲਾਭਵੰਦ ਹੈ ਕਿਉਂਕਿ ਉਹ ਉੱਨ, ਮੁੰਨੀਆਂ ਹੋਈਆਂ ਖਲਾਂ ਤੇ ਮਾਸ ਦੇਂਦੀਆਂ ਹਨ।

ਗੋਰਕੀ ਪਸ਼ੂ-ਪਾਲਣਾ ਦੇ ਸਟੇਸ਼ਨ ਦੇ ਮਾਹਿਰਾਂ ਦੀ ਸਹਾਇਤਾ ਸਦਕਾ ਸਾਂਝੇ ਕਿਸਾਨ ਕਿੰਨੇ ਵਰ੍ਹਿਆਂ ਤੋਂ ਭੇਡਾਂ ਦੀ ਇਕ ਨਵੀਂ ਨਸਲ, ਗੋਰੋਦਤਸ ਨਸਲ ਉਤੇ ਕੰਮ ਕਰ ਰਹੇ ਹਨ, ਜਿਹੜੀ ਮਾਸ, ਉੱਨ ਤੇ ਚੋਖੇ ਬੱਚੇ ਦੇਂਦੀ ਹੈ। ਮੇਲਣ ਦੇ ਮੀਚੂਰਨਵਾਦੀ ਢੰਗ ਦੀ ਵਰਤੋਂ ਨਾਲ ਉਹ ਵਖ ਵਖ ਆਬੋ ਹਵਾ ਵਿਚ ਪਾਲੇ ਵਖ ਵਖ ਨਸਲਾਂ ਵਾਲੇ ਜਾਨਵਰਾਂ ਨੂੰ ਮੇਲ ਰਹੇ ਹਨ। ਸਥਾਨਕ ਉਤਰੀ ਭੇਡ (ਛੋਟੀ ਪੂਛ ਤੇ ਖਰ੍ਹਵੀ ਉੱਨ ਵਾਲੀ ਭੇਡ) ਨੂੰ ਤੇ ਸੋਵੀਅਤ ਯੂਨੀਅਨ ਦੇ ਪੂਰਬ ਵਿਚ ਕਾਮਯਾਬੀ ਨਾਲ ਪਾਲੀ ਜਾ ਰਹੀ ਸੁਹਣੇ ਪਸ਼ਮੀਨੇ ਵਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭੇਡ "ਪਰੀਕੋਸ" ਨਾਲ ਮੇਲ ਕੇ ਉਹਨਾਂ ਭੇਡਾਂ ਦੀ ਇਕ ਨਵੀਂ ਨਸਲ ਤਿਆਰ ਕੀਤੀ, ਜਿਹੜੀ ਬੜੇ ਕੀਮਤੀ ਗੁਣਾਂ ਦੀ ਮਾਲਕ ਹੈ। ਇਹਦਾ ਔਸਤ ਭਾਰ ੫੩ ਕਿਲੋਗਰਾਮ ਹੈ, ਜ਼ਦੋਂ ਕਿ ਉਤਰੀ ਭੇਡ ਦਾ ਭਾਰ ੩੦ ਤੋਂ ੩੨ ਕਿਲੋਗਰਾਮ ਹੁੰਦਾ ਸੀ। ਇਸ ਭੇਡ ਤੋਂ ਦੂਣੀ ਤੇ ਵਧ ਉੱਨ ਮੁੰਨੀ ਜਾਂਦੀ ਹੈ ਤੇ ਉੱਨ ਏਨੀ ਹੀ ਚੰਗੀ ਹੁੰਦੀ ਹੈ ਜਿੰਨਾ ਕਿ ਸੁਹਣਾ ਪਸ਼ਮੀਨਾ।

ਮਾਹਿਰਾਂ ਤੇ ਖੇਤ ਦੇ ਕਾਮਿਆਂ ਦਾ ਕੰਮ ਇਹ ਹੈ ਕਿ ਨਵੀਂ ਨਸਲ ਦੇ ਗੁਣਾਂ ਨੂੰ ਜਿੰਨੀ ਛੇਤੀ ਹੋ ਸਕੇ, ਜੱਦੀ ਖ਼ੂਬੀਆਂ ਬਣਾ ਦਿਤਾ ਜਾਏ।

ਮੈਨੂੰ ਇਹ ਸਾਰਾ ਕੁਝ ਸਾਂਝੇ ਕਿਸਾਨਾਂ ਤੋਂ ਪਤਾ ਲਗਿਆ। ਤੇ ਸਿਰਫ ਇਹ ਹੀ ਆਪਣੇ ਆਪ ਵਿਚ ਵਿਖਾ ਦੇਂਦਾ ਹੈ ਕਿ ਸਾਂਝੇ ਖੇਤ ਦੇ ਕੰਮ ਵਿਚ ਕੀ ਤਬਦੀਲੀਆਂ ਆਈਆਂ ਹਨ। ਬੀਤੇ ਦੀ ਕਿਸਾਨ ਲਈ ਸਾਇੰਸ ਓਪਰੀ ਚੀਜ਼ ਸੀ। ਸੋਵੀਅਤ ਵਾਹੀਕਾਰ,ਸਾਂਝਾ ਕਿਸਾਨ ਸਾਇੰਸ ਦੀਆਂ ਜਿੱਤਾਂ ਦੀ ਕਦਰ ਪਾਂਦਾ ਹੈ ਤੇ ਨਵੇਂ ਢੰਗ ਵਰਤੋਂ ਵਿਚ ਲਿਆਉਂਦਾ ਹੈ। ਉਹ ਸਾਇੰਸਦਾਨਾਂ ਨਾਲ ਮੋਢਾ ਮੇਲ ਕੇ ਕੰਮ ਕਰਦਾ ਹੈ। ਉਹ ਸਿਰਫ਼ ਜ਼ਮੀਨ ਤੇ ਬੂਟੇ ਹੀ ਨਹੀਂ, ਪਸ਼ੂ-ਸੰਸਾਰ ਵੀ ਬਦਲ ਰਿਹਾ ਹੈ।

<u>ਮੁਰਗੀਆਂ, ਮਾਖਿਓਂ ਤੇ ਸਹੇ</u>—ਯਾਸਨਾਯਾ ਪੋਲਯਾਨਾ ਦੇ ਸਿਰੇ ਤੇ ਤਿੰਨ ਨੀਵੀਆਂ ਨੀਵੀਆਂ, ਪਰ ਖੁਲੀਆਂ ਤੇ ਚਾਨਣੀਆਂ ਇਮਾਰਤਾਂ ਹਨ। ਉਹਨਾਂ ਦੇ ਦੁਆਲੇ ਵਾੜ ਲਗੀ ਹੋਈ ਹੈ। ਖ਼ੂਬਸੂਰਤ ਕੁਕੜੀਆਂ ਮੈਦਾਨ ਵਿਚ ਤਿੰਨ-ਪੱਤੀ ਘਾਹ ਡੂੰਗ ਰਹੀਆਂ ਹਨ। ਕੁਕੜੀਆਂ ਦੀ ਗਿਣਤੀ ਦੋ ਹਜ਼ਾਰਾਂ ਤੋਂ ਉਤੇ ਹੈ ਤ ਖੇਤ ਚੂਚਿਆਂ ਤੋਂ ਆਪਣੀ ਪਹਿਲੀ ਆਮਦਨ ਵੀ ਕਮਾ ਚੁਕਿਆ ਹੈ।

ਜ਼ੂ-ਟੈਕਨੀਸ਼ਨ ਦੀ ਰਾਹ ਨੁਮਾਈ ਹੇਠ ਦੋ ਸਾਂਝੀਆਂ ਕਿਸਾਨਾਂ

੧ ਕਿਲੋਗਰਾਮ=੧ ਸੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤਿੰਨ ਪੱਤੀ ਘਾਹ ਦੇ ਖੇਤ ਵਿਚ ਮੁਰਗੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਕੁਕੜੀਆਂ ਕੁਝ ਵਧੀਆ ਹਨ, ਜਿਹੜੀਆਂ ਸਭ ਤੋਂ ਵਧ—ਸਾਲ ਵਿਚ ੨੦੦ ਤੇ ਇਸ ਤੋਂ ਵਧੇਰੇ—ਆਂਡੇ ਦੇਂਦੀਆਂ ਹਨ। ਉਹਨਾਂ ਦੀ ਬੜੀ ਸੰਭਾਲ ਹੁੰਦੀ ਹੈ, ਦਾਣਿਆਂ ਦੇ ਚੋਗੇ ਤੋਂ ਇਲਾਵਾ ਉਹਨਾਂ ਨੂੰ ਰਸ-ਭਰਿਆ ਚਾਰਾ, ਵਿਟਾਮਨ ਤੇ ਤਿੰਨ-ਪਤੀ ਘਾਹ ਦਾ ਖਾਣਾ ਵੀ ਮਿਲਦਾ ਹੈ। ਇਸ ਤਰ੍ਹਾਂ ਕੁਕੜੀਆਂ ਦੀ ਸਰੀਰਕ ਬਣਤਰ ਤਕੜੀ ਹੋ ਜਾਂਦੀ ਹੈ ਤੇ ਉਹਨਾਂ ਦੀ ਆਂਡੇ ਦੇਣ ਦੀ ਯੋਗਤਾ ਵੀ ਵਧ ਜਾਂਦੀ ਹੈ।

ਸਾਂਝੇ ਖੇਤ ਦੀ ਵੰਨ-ਸੁਵੰਨੀ ਆਰਥਕਤਾ ਵਿਚ ੭੫ ਛੱਤਿਆਂ ਵਾਲਾ ਮਾਖਿਓਂ ਪਾਲਣ ਦਾ ਕੇਂਦਰ ਵੀ ਬੜੀ ਅਹਿਮੀਅਤ ਰਖਦਾ ਹੈ। ਸ਼ਹਿਦ ਦੀਆਂ ਮਖੀਆਂ ਤੋਂ ਸਿਰਫ਼ ਸ਼ਹਿਦ ਤੇ ਮੋਮ ਹੀ ਨਹੀਂ, ਚੰਗੀ ਫਸਲ ਵੀ ਜੁੜਦੀ ਹੈ। ਸਾਂਝਾ ਖੇਤ ਸਣ ਦੇ ਬੀਜ, ਸਬਜ਼ੀਆਂ, ਘਾਹਾਂ, ਫਲ ਤੇ ਬੈਰੀਆਂ ਉਗਾਂਦਾ ਹੈ ਤੇ ਇਹਦਾ ਭਾਵ ਹੈ ਕਿ ਸ਼ਹਿਦ ਦੀਆਂ ਮੱਖੀਆਂ ਦੀ ਹੋਂਦ ਤੋਂ ਬਿਨਾਂ ਗੁਜ਼ਾਰਾ ਨਹੀਂ, ਕਿਉਂਕਿ ਉਹਨਾਂ ਦੀ ਫਲ ਦਾ ਜੀਰਾ ਛਿੜਕਾਊ ਭਖਵੀਂ ਸਰਗਰਮੀ ਚੰਗੀ ਫਸਲ ਲਈ ਜ਼ਰੂਰੀ ਹੈ। ਸਾਂਝੇ ਕਿਸਾਨ ਇਹ ਸਾਰਾ ਕੁਝ ਜਾਣਦੇ ਹਨ ਤੇ ਉਹ ਮਾਖਿਓਂ-ਪਾਲਣਾ ਵਲ ਯੋਗ ਧਿਆਨ ਦੇ ਰਹੇ ਹਨ।

ਸਾਂਝੇ ਖੇਤ ਨੇ ਹੁਣੇ ਹੁਣੇ ਸਹਿਆਂ ਦੀ ਨਸਲ ਪਾਲਣੀ ਸ਼ੁਰੂ ਕੀਤੀ ਹੈ। ਇਹ ਸਥਾਨਕ ਕਿਸਾਨਾਂ ਲਈ ਉੱਕੀ ਨਵੀਂ ਗੱਲ ਹੈ। ਪਰ ਹਰ ਇਕ ਨੂੰ ਭਰੋਸਾ ਹੈ ਕਿ ਇਕ ਦੋ ਵਰ੍ਹਿਆਂ ਦੇ ਅੰਦਰ ਅੰਦਰ ਇਹ ਇਕ ਲਾਭਵੰਦ ਵਿਹਾਰ ਬਣ ਜਾਏਗਾ ਤੇ ਸਹਿਆਂ ਦਾ ਖੇਤ ਮੁੜ-ਉਪਜਾਊ ਮਨੋਰਥਾਂ ਲਈ ੨੫੦—੩੦੦ ਟੱਬਰਾਂ ਦਾ ਮਾਲਕ ਹੋ ਜਾਏਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਕ ਅਦਾਰੇ

ਦਰਸ਼ਕ, ਜਿਹੜਾ ਪਹਿਲੋਂ ਕਦੀ ਤਮੀਰੀਯਾਜ਼ੇਵ ਸਾਂਝੇ ਖੇਤ ਨਾ ਗਿਆ ਹੋਵੇ, ਉਹਨੂੰ ਬੇਸ਼ੁਮਾਰ ਸਹਾਇਕ ਅਦਾਰਿਆਂ ਦੇ ਕੰਮ ਵੇਖ ਕੇ ਸੁਖਾਵੀਂ ਹੈਰਾਨੀ ਹੋਵੇਗੀ। ਉਹਨੂੰ ਦੂਰੋਂ ਹੀ ਹਥੌੜਿਆਂ ਦੇ ਧਮਾਕੇ ਸੁਣਾਈ ਦੇਣਗੇ। ਸਾਂਝੇ ਖੇਤ ਦਾ ਚੰਗਾ ਵਡਾ ਲੁਹਾਰ ਖਾਨਾ ਹੈ, ਜਿਦ੍ਹੇ ਵਿਚ ਤਿੰਨ ਢਾਲਣੀਆਂ ਭੱਠੀਆਂ ਹਨ। ਇਹ ਪੁਰਾਣੇ ਪਿੰਡ ਦੀ ਥਾਂ ਨਹੀਂ, ਜਿਹੜੀ ਸਾਨੂੰ ਚੇਤੇ ਹੈ, ਸਗੋਂ ਇਹ ਇਕ ਨਵੀਨ, ਪੂਰੇ ਸਾਮਾਨ ਨਾਲ ਲਸ ਵਰਕਸ਼ਾਪ ਹੈ, ਜਿਥੇ ਅਠ ਸਾਂਝੇ ਕਿਸਾਨ ਮਸ਼ੀਨ-ਓਪਰੇਟਰਾਂ ਦਾ ਕੰਮ ਕਰਦੇ ਹਨ। ਵਰਕਸ਼ਾਪ ਵਿਚ ਖਰਾਦ, ਡਰਿਲ ਪ੍ਰੈਸ ਤੇ ਆਟੋਜੀਨਸ ਵੈਲਡਿੰਗ ਦਾ ਸਾਮਾਨ ਹੈ। ਓਪਰੇਟਰਾਂ ਕੋਲ ਏਨਾ ਕੰਮ ਹੁੰਦਾ ਹੈ ਕਿ ਉਹ ਸਾਰਾ ਸਾਲ ਰੁਝੇ ਰਹਿ ਸਕਦੇ ਹਨ। ਇਹਦੇ ਵਿਚ ਖੇਤੀ ਦੇ ਸੰਦਾਂ ਤੇ ਮੋਟਰ ਕਾਰਾਂ ਦੀ ਮੁਰੰਮਤ, ਘੋੜਿਆਂ ਦੀਆਂ ਖੁਰੀਆਂ ਲਾਣੀਆਂ ਤੇ ਇਕ ਵਡੇ ਸਾਂਝੇ ਖੇਤ ਵਿਚਲੇ ਹੋਰ ਬਹੁਤ ਸਾਰੇ ਲੋੜੀਂਦੇ ਕੰਮ ਕੀਤੇ ਜਾਂਦੇ ਹਨ।

ਲਕੜੀ ਦੇ ਕੰਮ ਵਾਲੀ ਸ਼ਾਪ ਸਾਰਾ ਦਿਨ ਆਰਿਆਂ ਦੀ ਸ਼ਰਰ ਸ਼ਰਰ ਤੇ ਕੁਹਾੜਿਆਂ ਦੇ ਖੜਕ ਨਾਲ ਭਰੀ ਰਹਿੰਦੀ ਹੈ। ਤੇ ਏਥੇ ਵੀ ਕਰਨ ਨੂੰ ਚੋਖਾ ਕੁਝ ਹੈ: ਤਰਖਾਨ ਤੇ ਜੋੜ ਲਾਣ ਵਾਲੇ ।ਮਸਤਰੀ ਗੱਡੇ, ਵਡੇ ਹਥੌੜੇ, ਬੂਹੇ, ਬਾਰੀਆਂ ਦੇ ਫਰੇਮ ਤੇ ਖੇਤੀ ਉਸਾਰੀ ਦੀਆਂ ਹੋਰ ਲੋੜਾਂ ਬਣਾਨ ਵਿਚ ਰੁਝੇ ਹੁੰਦੇ ਹਨ।

ਇਹ ਸ਼ਾਪ ਉਸਾਰੀ ਜੱਥੇ ਲਈ ਮਹਾਨ ਸਹਾਇਤਾ ਹੈ। ਸੰਨ ੧੯੫੨ ਵਿਚ ਸਾਂਝੇ ਖੇਤ ਨੇ ਆਪਣੇ ਸੈਨੀਟੋਰੀਅਮ ਲਈ ਦੋ-ਮੰਜ਼ਲਾ ਮਕਾਨ, ਸਾਂਝੇ ਕਿਸਾਨਾਂ ਲਈ ੧੧ ਘਰ, ਦੋ ਤਬੇਲੇ,

पुस्तकालय

गुरुकुल काँगड़ी
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਟਾਂ ਸੁਕਾਣ ਲਈ ਇਕ ਸ਼ੈਡ, ਗਰਮ ਖਾਨਿਆਂ ਦੇ ੨੦੦ ਫਰੇਮ ਉਸਾਰੇ, ਸੂਰਾਂ ਦੇ ਸ਼ੈਡ ਵਿਚ ਕਨਕਰੀਟ ਦੇ ਫਰਸ਼ ਪਾਏ ਤੇ ਸਣ ਦੇ ਤੀਲਿਆਂ ਲਈ ਇਕ ਸਟੋਰ ਬਣਾਇਆ।

ਸੰਨ ੧੯੫੩ ਵਿਚ ਬਚਿਆਂ ਦੀ ਇਕ ਨਰਸਰੀ ਦੀ ਇਮਾਰਤ, ਨਵ-ਵਿਆਹੇ ਜੋੜਿਆਂ ਲਈ ਕਿੰਨੇ ਹੀ ਘਰ, ੬੦ ਘੋੜਿਆਂ ਲਈ ਦੋ ਤਬੇਲੇ, ੨,੫੦੦ ਮੁਰਗੀਆਂ ਲਈ ਨਵੇਂ ਡਰਬੇ, ਪੰਜਾਂ ਟਰੱਕਾਂ ਲਈ ਇਕ ਗੈਰਜ ਤੇ ੨੨੫ ਮੁਰੱਬਾ ਮੀਟਰ ਰਕਬੇ ਵਾਲਾ ਇਕ ਗਰਮ ਖਾਨਾ ਉਸਾਰੇ ਗਏ।

ਇਹ ਉਸਾਰੀ ਚੋਖੇ ਵਿਸ਼ਾਲ ਪੈਮਾਨੇ ਦੀ ਹੈ। ਇਸ ਲਈ ਸਾਂਝੇ ਖੇਤ ਨੇ ਬਿਜਲੀ ਨਾਲ ਚਲਣ ਵਾਲਾ ਇਕ ਖੇਤੀ ਦਾ ਆਰਾ ਖਰੀਦਿਆ। ਸਾਂਝੇ ਖੇਤ ਦੀ ਮਸ਼ੀਨਾਈ ਚਿਰਾਈ-ਮਿਲ ਹਜ਼ਾਰਹਾ ਕਿਊਬਕ ਮੀਟਰ ਲਕੜ ਚੀਰਦੀ ਹੈ।

ਇਮਾਰਤੀ ਸਾਮਾਨ ਇੱਟਾਂ, ਟਾਇਲਾਂ, ਆਦਿ......ਦੀ ਚੋਖੀ ਮੰਗ ਨੇ ਸਾਂਝੇ ਕਿਸਾਨਾਂ ਨੂੰ ਇੱਟਾਂ ਦੀ ਪੈਦਾਵਾਰ ਆਪ ਜਥੇਬੰਦ ਕਰਨ ਦਾ ਖਿਆਲ ਸੁਝਾਇਆ। ਇੱਟਾਂ ਦੇ ਮਸ਼ੀਨਾਏ ਭੱਠੇ ਵਰ੍ਹੇ ਵਿਚ ਪੰਜ ਲਖਾਂ ਪੱਕੀਆਂ ਲਾਲ ਸੂਹੀਆਂ ਇੱਟਾਂ ਦੇਂਦੇ ਹਨ। ਇਹਦੇ ਸਦਕਾ ਸਾਂਝਾ ਖੇਤ ਸੁਹਣੀਆਂ ਤੇ ਪੱਕੀਆਂ ਇਮਾਰਤਾਂ ਪਾਣ ਦੇ ਯੋਗ ਹੋ ਜਾਂਦਾ ਹੈ। ਸਾਂਝੇ ਖੇਤ ਨੇ ਕਿੰਨੇ ਚਿਰ ਤੋਂ ਹੀ ਇਸ ਸਿਆਣੇ ਅਸੂਲ ਨੂੰ ਆਪਣਾ ਅਣ-ਲਿਖਿਆ ਕਾਨੂੰਨ ਮੰਨ ਲਿਆ ਹੈ : ਲਾਭ ਤੇ ਸੁੰਦਰਤਾ ਨੂੰ ਸਮੇਲਿਆ ਜਾਏ।

ਸਾਂਝੇ ਖੇਤ ਦੀ ਆਪਣੀ ਆਟੇ ਦੀ ਮਿਲ, ਘੋੜਿਆਂ ਤੇ ਪਸ਼ੂਆਂ ਨੂੰ ਜੋਣ ਦੇ ਸਾਜ਼ ਬਣਾਨ ਦੀ ਸ਼ਾਪ ਤੇ ਹੋਰ ਵਰਕਸ਼ਾਪਾਂ ਹਨ, ਇਹਦੀ ਆਪਣੀ ਇਕ ਦਰਜ਼ੀ ਦੀ ਦੁਕਾਨ, ਇਕ ਜੁੱਤੀਆਂ ਬਣਾਨ ਦੀ ਸ਼ਾਪ, ਇਕ ਨਮਦੇ ਦੇ ਬੂਟ ਬਣਾਨ ਦੀ ਸ਼ਾਪ ਤੇ ਸਾਂਝੇ ਕਿਸਾਨ ਦੀ ਹੋਰ ਸੇਵਾ ਲਈ ਅਦਾਰੇ ਹਨ। ਇਸ ਤਰ੍ਹਾਂ ਕਿਸਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਟੱਬਰ ਆਪਣੇ ਕਪੜੇ ਸਿਵਾ ਸਕਦਾ ਹੈ, ਆਪਣੇ ਜੋੜੇ ਮੁਰੰਮਤ ਕਰਵਾ ਸਕਦਾ ਹੈ ਤੇ ਸਰਦੀਆਂ ਲਈ ਬਿਲਕੁਲ ਪਿੰਡ ਵਿਚੋਂ ਹੀ ਚੱਗੇ, ਨਿਘੇ ਨਮਦੇ ਦੇ ਬੂਟ ਖਰੀਦ ਸਕਦਾ ਹੈ, ਜਿਦ੍ਹੇ ਨਾਲ ਸਮੇਂ ਤੇ ਰਕਮ ਦੀ ਬੱਚਤ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਸ਼ੀਨ ਤੇ ਟਰੈਕਟਰ ਸਟੇਸ਼ਨ ਦੀ ਸੇਵਾ

ਸਾਂਝੇ ਖੇਤ ਦੀ ਪੈਦਾਵਾਰ ਦੇ ਹਰ ਖੇਤਰ ਵਿਚ—ਖੇਤ-ਵਾਹੀ ਵਿਚ, ਪਸ਼ੂ-ਪਾਲਣਾ ਤੇ ਸਹਾਇਕ ਅਦਾਰਿਆਂ ਵਿਚ—ਕਿਸਾਨ ਦੀ ਮਿਹਨਤ ਦਾ ਬਦਲਿਆ ਲੱਛਣ ਨਜ਼ਰ ਆਉਂਦਾ ਹੈ। ਪੁਰਾਣੇ ਪਛੜੇ ਹੋਏ ਸੰਦਾਂ ਦੀ ਥਾਂ ਕਈ ਜਥਿਆਂ ਵਾਲੇ ਤਕੜੇ ਟਰੈਕਟਰਾਂ ਤੇ ਦਾਣਿਆਂ ਤੇ ਆਲੂਆਂ ਦੀਆਂ ਵਾਢੀ ਤੇ ਹੋਰ ਸਬੰਧਤ ਅਮਲ ਪੂਰੇ ਕਰਨ ਵਾਲੀਆਂ ਮਸ਼ੀਨਾਂ ਨੇ ਲੈ ਲਈ ਹੈ।

ਰੂਸੀ ਕਿਸਾਨ ਸਦੀਆਂ ਤੋਂ ਸਣ ਲਾ ਰਿਹਾ ਸੀ, ਪਰ ਉਹਦੇ ਲਾਣ ਤੇ ਵੱਢਣ ਦੇ ਤਰੀਕੇ ਉਹ ਹੀ ਰਹੇ, ਜਿਹੜੇ ਉਹਦੇ ਦਾਦਿਆਂ ਪੜਦਾਦਿਆਂ ਦੇ ਹੁੰਦੇ ਸਨ। ਹੁਣ ਕਿੰਨੇ ਹੀ ਵਰ੍ਹਿਆਂ ਤੋਂ ਸਾਂਝਾ ਖੇਤ ਟਰੈਕਟਰ ਨਾਲ ਖਿਚਿਆ ਜਾਣ ਵਾਲਾ ਸਣ-ਪੁਟ ਵਰਤ ਰਿਹਾ ਹੈ। ਸਣ ਦੀ ਪੈਦਾਵਾਰ ਵਿਚ ਸਭ ਤੋਂ ਤਾਜ਼ੀ ਕਾਢ, ਸਣ ਦੀ ਵਾਹੀ ਨਾਲ ਸਬੰਧਤ ਕਿੰਨੇ ਹੀ ਅਮਲ ਇਕੋ ਵੇਲੇ ਸਿਰੇ ਚਾੜ੍ਹਨ ਵਾਲੀ ਮਸ਼ੀਨ ਹੈ, ਜਿਹੜੀ ਸਣ ਪੁਟਦੀ ਹੈ, ਬੀਜਾਂ ਦੀਆਂ ਡੋਡੀਆਂ ਵਖ ਕਰ ਦੇਂਦੀ ਹੈ ਤੇ ਤੀਲਿਆਂ ਦੀਆਂ ਭਰੀਆਂ ਬੰਨ੍ਹ ਦੇਂਦੀ ਹੈ। ਹਰ ਹੈਕਟੇਅਰ ਪਿਛੇ ਇਹ ਮਸ਼ੀਨ ੧੫ ਜਣਿਆਂ ਦੀ ਮਿਹਨਤ ਬਚਾਂਦੀ ਹੈ। ਇਸ ਮਸ਼ੀਨ ਨੇ ਵਾਢੀ ਵਿਚ ਲਗਣ ਵਾਲੇ ਸਮੇਂ ਵਿਚ ੮–੧੦ ਦਿਨ ਘਟਾ ਦਿਤੇ ਹਨ।

ਖੇਤ ਵਿਚ ਸਣ ਦੀ ਮੁਖ ਕਾਸ਼ਤਕਾਰ, ਯੇਕਾਤਰੀਨਾ ਕੋਨਗੀਨਾ ਤੇ ਉਹਦੀਆਂ ਸਾਥਣਾਂ ਸਣ ਦੀ ਵਾਹੀ ਦੀ ਇਸ ਮਸ਼ੀਨ ਦੇ ਕੰਮ ਦੀ ਬਹਤ ਪ੍ਰਸੰਸਾ ਕਰਦੀਆਂ ਹਨ।

ਮੈਂ ਸੰਨ ੧੯੫੩ ਦੇ ਹੁਣਾਲੇ ਵਿਚ ਖੇਤ ਵੇਖੇ। ਸਣ ਖਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੌਰ ਤੇ [illegible] ਉੱਚਾ ਤੇ [illegible] ਰੇਸ਼ੇ ਵਾਲਾ।

ਆਲੂਆਂ ਤੇ ਸਬਜ਼ੀਆਂ ਦੀਆਂ ਪੈਲੀਆਂ ਵੇਖ ਕੇ ਵੀ ਖ਼ੁਸ਼ੀ ਹੁੰਦੀ ਸੀ। ਏਸੇ ਤਰ੍ਹਾਂ ਦਰਸ਼ਕ ਖ਼ਾਲੀ ਪਈ ਜ਼ਮੀਨ ਦੀ ਆਦਰਸ਼ਕ ਕਾਸ਼ਤ ਤੇ ਪੈਲੀਆਂ ਦੀ ਸਫ਼ਾਈ ਵੇਖ ਪਰਭਾਵਤ ਹੋ ਜਾਂਦਾ ਸੀ— ਪੈਲੀਆਂ ਵਿਚ ਇਕ ਤੀਲਾ ਵੀ ਵਾਧੂ ਨਜ਼ਰ ਨਹੀਂ ਸੀ ਆਉਂਦਾ। ਕਿਸਾਨ ਸਮਝਦੇ ਹਨ ਕਿ ਇਹ ਮਸ਼ੀਨ ਤੇ ਟਰੈਕਟਰ ਸਟੇਸ਼ਨ ਦੀਆਂ ਨਵੀਆਂ ਮਸ਼ੀਨਾਂ ਦੇ ਸਦਕਾ ਹੈ, ਜਿਹੜੀਆਂ ਮਿਹਨਤ ਹੌਲੀ ਕਰ ਦੇਂਦੀਆਂ ਹਨ ਤੇ ਜ਼ਮੀਨ ਦੀ ਕਾਸ਼ਤ ਦੀ ਖ਼ੂਬੀ ਵਧਾ ਦੇਂਦੀਆਂ ਹਨ।

ਬੀਤੇ ਨੂੰ ਚੇਤੇ ਕਰਦਿਆਂ ਜੱਥੇ ਦੇ ਲੀਡਰ ਨਿਕਾਨੋਰ ਵੇਲੀ-ਕਾਨੋਵ ਨੇ ਕਿਹਾ: "ਜਦੋਂ ਸਾਡੇ ਵਡੇਰੇ ਜ਼ਮੀਨ ਦੇ ਨਿੱਕੇ ਨਿੱਕੇ ਟੋਟੇ ਵਾਂਹਦੇ ਸਨ, ਉਹ ਸਾਇੰਸ ਤੋਂ ਨਹੀਂ, ਨਿਸ਼ਾਨੀਆਂ ਤੋਂ ਰਾਹਨੁਮਾਈ ਲੈਂਦੇ ਸਨ। ਸਾਨੂੰ ਦਿਨ ਵਿਚ ਦੋ ਵਾਰੀ ਮੌਸਮ ਦੀ ਰਿਪੋਰਟ ਮਿਲਦੀ ਏ। ਤੇ ਸਾਨੂੰ ਇਕ ਮਹੀਨਾ ਪਹਿਲੋਂ ਪਤਾ ਹੁੰਦਾ ਏ ਕਿ ਮੌਸਮ ਕਿਹੋ ਜਿਹਾ ਹੋਵੇਗਾ। ਖੇਤੀ-ਵਗਿਆਨ ਦੀ ਪੁਸਤਕ ਸਾਂਝੇ ਕਿਸਾਨਾਂ ਦੀ ਦਸਤੀ ਕਿਤਾਬ ਬਣ ਗਈ ਏ।"

ਕਿਸਾਨ ਦੀ ਮਿਹਨਤ ਦਾ ਲੱਛਣ ਬਦਲਣ, ਉਹਨੂੰ ਹੌਲਾ ਕਰਨ ਤੇ ਉਹਦੀ ਪੈਦਾਵਾਰੀ ਯੋਗਤਾ ਨੂੰ ਵਧਾਣ ਵਿਚ ਮਸ਼ੀਨ ਤੇ ਟਰੈਕਟਰ ਸਟੇਸ਼ਨ ਫ਼ੈਸਲਾ ਕੁਨ ਹਿਸਾ ਪਾਂਦਾ ਹੈ।

ਸੋਵੀਅਤ ਯੂਨੀਅਨ ਦੇ ੯,੦੦੦ ਮਸ਼ੀਨ ਤੇ ਟਰੈਕਟਰ ਸਟੇਸ਼ਨਾਂ ਵਾਂਗ ਗੋਰੋਦਤਸ ਦਾ ਮਸ਼ੀਨ ਤੇ ਟਰੈਕਟਰ ਸਟੇਸ਼ਨ ਵੀ ਨਵੀਨ ਮਸ਼ੀਨਾਂ ਨਾਲ ਲੈਸ ਇਕ ਵਡਾ ਸਟੇਟ ਅਦਾਰਾ ਹੈ। ਮਸ਼ੀਨ ਤੇ ਟਰੈਕਟਰ ਸਟੇਸ਼ਨ ਨੇ ਐਂਜਿਨੀਅਰ, ਖੇਤੀ-ਮਾਹਿਰ, ਟੈਕਨੀਸ਼ਨ, ਟਰੈਕਟਰ ਡਰਾਇਵਰ ਤੇ ਕੰਬਾਇਨ ਚਾਲਕ ਰਖੇ ਹੋਏ ਹਨ। ਉਹਨਾਂ ਦਾ ਫ਼ਰਜ਼ ਹੈ ਕਿ ਉਹ ਖੇਤ ਦੇ ਕੰਮ ਨੂੰ ਵਡੇ ਪੈਮਾਨੇ ਤੇ ਮਸ਼ੀਨੀ ਬਣਾ ਕੇ ਪੈਦਾਵਾਰ ਵਿਚ ਸਾਇੰਸ ਦੀਆਂ ਜਿੱਤਾਂ ਤੇ ਆਗੂ ਖੇਤਾਂ ਦੇ ਤਜਰਬੇ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਰਤ ਕੇ ਸਾਂਝੇ ਖੇਤ ਦੀ ਰੋਜ਼ਾਨਾ ਸਹਾਇਤਾ ਕਰਨ ।

ਤਮੀਰੀਯਾਜ਼ੇਵ ਸਾਂਝੇ ਖੇਤ ਵਿਚ ਸਾਰੇ ਬਹੁਤੀ ਮਿਹਨਤ-ਖਾਣੇ ਧੰਦੇ ਮਸ਼ੀਨਾਂ ਦੀ ਸਹਾਇਤਾ ਨਾਲ ਪੂਰੇ ਕੀਤੇ ਜਾ ਰਹੇ ਹਨ ।

ਸਾਂਝੇ ਕਿਸਾਨ ਆਪਣੇ ਆਪ ਚਲਣ ਵਾਲੀ ਵਾਢੀ-ਕੰਬਾਇਨ ਦੀ ਪ੍ਰਸੰਸਾ ਬੜੇ ਜ਼ੋਸ਼ ਨਾਲ ਕਰਦੇ ਹਨ । ਇਹ ਅਨਾਜ ਦੀ ਵਾਢੀ ਲਈ ਹੀ ਨਹੀਂ, ਸਗੋਂ ਸਦਾ-ਬਹਾਰ ਘਾਹਾਂ ਦਾ ਬੀਜ ਲਾਹਣ ਲਈ ਵੀ ਇਕ ਸ਼ਾਨਦਾਰ ਮਸ਼ੀਨ ਹੈ। ਚਾਰ ਦਿਨਾਂ ਵਿਚ ਇਹ ਮਸ਼ੀਨ ਘਾਹ-ਹੇਠਲੇ ਸਾਰੇ ਰਕਬੇ ਦੀ ਵਾਢੀ ਤੇ ਗਹਾਈ ਕਰ ਲੈਂਦੀ ਹੈ ਤੇ ਬੀਜ ਨੂੰ ਆਪੋ ਆਪਣੇ ਨਮੂਨੇ ਵਾਰ ਵੰਡ ਦੇਂਦੀ ਹੈ । ਸਾਂਝੇ ਖੇਤ ਨੇ ੧੭੫ ਸੈਂਟਨਰ ਅਸਲੀ ਚੋਣਵੇਂ ਬੀਜ ਸਟੋਰ ਵਿਚ ਸਾਂਭ ਰਖੇ ਹਨ । ਜੇ ਵਾਢੀ ਹਥ ਨਾਲ ਕੀਤੀ ਜਾਂਦੀ ਤਾਂ ਅੱਧੇ ਕੁ ਬੀਜ ਗੁਆਚ ਜਾਣੇ ਸਨ ।

ਇਕ ਨਵੀਂ ਮਸ਼ੀਨ, ਸ ਕ ਜ—੪ (ਚਕੋਰ ਬੀਜਾਈ ਲਈ ਚਾਰ-ਕਤਾਰੀ ਬੀਜਾਈ-ਮਸ਼ੀਨ) ਸੰਨ ੧੯੫੩ ਵਿਚ ਤਮੀਰੀਯਾਜ਼ੇਵ ਸਾਂਝੇ ਖੇਤ ਦੀਆਂ ਪੈਲੀਆਂ ਵਿਚ ਆਈ । ਇਸ ਤਰ੍ਹਾਂ ਖੇਤ ਆਲੂ ਬੀਜਣ ਦਾ ਢੇਰਾਂ ਵਿਚ ਚਕੋਰ ਬੀਜਾਈ ਦਾ ਉੱਨਤ ਢੰਗ ਵਰਤ ਸਕਿਆ, ਜਿਦ੍ਹੇ ਨਾਲ ਇਕ ਢੇਰ ਪਿਛੇ ੨–੩ ਟਿਊਬਰਜ਼ ਆਲੂਆਂ ਦੀ ਚਕੋਰ ਬੀਜਾਈ ਹੋ ਸਕਦੀ ਹੈ । ਢੇਰ ਲੰਬਾਈ ਤੇ ਚੌੜਾਈ ਵਿਚ ੭੦ ਸੈਂਟੀਮੀਟਰਾਂ ਦੇ ਬਰਾਬਰ ਫਾਸਲੇ ਤੇ ਰਖੇ ਜਾਂਦੇ ਹਨ । ਇਸ ਤਰ੍ਹਾਂ ਬੂਟਿਆਂ ਦੀ ਉਨਤੀ ਲਈ ਸਭ ਤੋਂ ਵਧ ਸੁਖਾਂਵੀਆਂ ਹਾਲਤਾਂ ਪਦਾ ਹ ਜਾਂਦੀਆਂ ਹਨ ਤੇ ਕਤਾਰਾਂ-ਵਿਚਲੀ ਵਾਹੀ ਲਈ ਟਰੈਕਟਰ ਦੀ ਵਰਤੋਂ ਸੰਭਵ ਹੋ ਜਾਂਦੀ ਹੈ। ਤਜਰਬੇ ਨੇ ਵਿਖਾਇਆ ਹੈ ਕਿ ਇਸ ਢੰਗ ਨਾਲ ਆਲੂਆਂ ਦੀ ਹੈਕਟੇਅਰ ਪ੍ਰਤੀ ਉਪਜ ੪੦ ਸੈਂਟਨਰ ਵਧ ਜਾਂਦੀ ਹੈ, ਤੇ ਹੋਰ ਜਿਹੜੀ ਕਿ ਓਨੀ ਹੀ ਅਹਿਮ ਗਲ ਹੈ, ਲੋੜੀਂਦੀ ਮਿਹਨਤ ਘਟ ਕੇ ੧/੧੫ —੧/੨੦ ਹੋ ਜਾਂਦੀ ਹੈ।

ਉਹ ਵਕਤ ਦੂਰ ਨਹੀਂ, ਜਦੋਂ ਆਲੂ-ਉਗਾਈ, ਬੀਜਾਈ, ਕਤਾਰਾਂ-ਵਿਚਲੀ ਵਾਹੀ, ਢੇਰ ਲਵਾਈ, ਖੁਦਾਈ ਤੇ ਢੁਆਈ—ਸਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਸਾਰੀ ਮਸ਼ੀਨਾਂ ਰਾਹੀਂ ਹੋਇਆ ਕਰੇਗੀ। ਆਰਥਕ-ਮਾਹਿਰਾਂ ਨੇ ਹਿਸਾਬ ਕੀਤਾ ਹੈ ਕਿ ਸਮੁੱਚੀ ਆਲੂ-ਉਗਾਈ ਨੂੰ ਮਸ਼ੀਨਾਂ ਰਾਹੀਂ ਕਰਨ ਨਾਲ ਸਾਲ ਵਿਚ ੧ ਕਰੋੜ ੬੦ ਲਖ ਮਨੁਖ-ਦਿਹਾੜੀਆਂ ਦੀ ਬੱਚਤ ਹੋਵੇਗੀ।

ਪਹਿਲੋਂ ਦੇ ਸਾਂਝੇ ਕਿਸਾਨ ਤੇ ਤਜਰਬਾਕਾਰ ਟਰੈਕਟਰ ਡਰਾਇਵਰ, ਗਿਰੋਗੋਰੀ ਦੀਦੈਂਕੋ ਦੀ ਅਗਵਾਈ ਹੇਠ ਇਕ ਵਿਸ਼ੇਸ਼ ਟਰੈਕਟਰ ਜੱਥਾ ਤਮੀਰੀਯਾਜ਼ੇਵ ਸਾਂਝੇ ਖੇਤ ਦਾ ਕੰਮ ਕਰਦਾ ਹੈ। ਜੱਥੇ ਵਿਚ ਪੰਜ ਟਰੈਕਟਰ ਹਨ, ਜਿਨ੍ਹਾਂ ਵਿਚ ਦੋ ੮੦ ਘੋੜੇ ਤਾਕਤ ਦੇ ਪੱਟੀ ਵਾਲੇ ਤੇ ਤਿੰਨ ੧੫ ਘੋੜੇ ਤਾਕਤ ਦੇ ਪਹੀਆਂ ਵਾਲੇ ਟਰੈਕਟਰ ਹਨ। ਇਕ ਅਨਾਜ ਦੀ ਵਾਢੀ-ਕੰਬਾਇਨ ਇਕ ਸਣ-ਕੰਬਾਇਨ ਤੇ ਹੋਰ ਮਸ਼ੀਨਾਂ ਵੀ ਹਨ।

ਮਸ਼ੀਨ ਤੇ ਟਰੈਕਟਰ ਸਟੇਸ਼ਨ ਸਾਂਝੇ ਖੇਤ ਲਈ ਸਾਰਾ ਕੰਮ ਠੇਕੇ ਦੇ ਆਧਾਰ ਤੇ ਕਰਦਾ ਹੈ। ਠੇਕਾ ਆਮ ਤੌਰ ਤੇ ਸਿਆਲੇ ਵਿਚ ਬਸੰਤ ਰੁਤ ਦੇ ਆਰੰਭ ਤੋਂ ਕਿੰਨਾਂ ਹੀ ਪਹਿਲੋਂ ਤੈ ਕੀਤਾ ਜਾਂਦਾ ਹੈ। ਇਹ ਠੋਸ ਕੰਮ ਤੇ ਤਰੀਕਾਂ ਨੀਯਤ ਕਰਦਾ ਹੈ, ਜਦੋਂ ਤਕ ਮਸ਼ੀਨ ਤੇ ਟਰੈਕਟਰ ਸਟੇਸ਼ਨ ਨੇ ਕੰਮ ਕਰ ਲੈਣਾ ਹੁੰਦਾ ਹੈ। ਮਸ਼ੀਨ ਤੇ ਟਰੈਕਟਰ ਸਟੇਸ਼ਨ ਦੀ ਸੇਵਾ ਦੀ ਉਜਰਤ-ਅਦਾਇਗੀ ਵਾਢੀਆਂ ਪਿਛੋਂ ਫ਼ਸਲ ਵਿਚ ਕੀਤੀ ਜਾਂਦੀ ਹੈ। ਜਿਨ੍ਹਾਂ ਭਾਆਂ ਤੇ ਕੰਮ ਕੀਤਾ ਜਾਂਦਾ ਹੈ, ਉਹ ਮਹਿੰਗੇ ਨਹੀਂ ਹੁੰਦੇ, ਤੇ ਸਾਂਝੇ ਖੇਤ ਲਈ ਲਾਭਵੰਦ ਹੁੰਦੇ ਹਨ।

ਸੰਨ ੧੯੫੩ ਲਈ ਕੀਤੇ ਠੇਕੇ ਵਿਚ ਲਿਖਿਆ ਹੈ :

"ਅਸੀਂ ਹੇਠ-ਹੋਏ ਦਸਖ਼ਤਾਂ ਵਾਲੇ, ਗੋਰੋਦਤਸ ਮਸ਼ੀਨ ਤੇ ਟਰੈਕਟਰ ਸਟੇਸ਼ਨ, ਜਿਸ ਦੀ ਨੁਮਾਇੰਦਗੀ ਉਹਦਾ ਡਾਇਰੈਕਟਰ ਐਸ. ਐਮ. ਫਿਓਦਰੋਵ ਕਰ ਰਿਹਾ ਹੈ, ਤੇ ਤਮੀਯਾਜ਼ੇਵ ਸਾਂਝਾ ਖੇਤ, ਜਿਸ ਦੀ ਨੁਮਾਇੰਦਗੀ ਸਾਂਝੇ ਖੇਤ ਦਾ ਪਰਧਾਨ, ਆਈ. ਏ. ਯੇਮੇਲਯਾਨੋਵ ਕਰ ਰਿਹਾ ਹੈ, ਖੇਤੀ ਦੇ ਅਦਲ ਬਦਲ ਕੇ ਫਸਲਾਂ ਦੀ ਕਾਸ਼ਤ ਦੇ ਨਜ਼ਾਮ ਦੀ ਤੇਜ਼ ਉਸਤਾਦੀ ਤੇ ਉਹਦੀ ਯੋਗ ਵਰਤੋਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿਸ਼ਾਨੇ ਨਾਲ ਇਹ ਠੇਕਾ ਕੀਤਾ ਹੈ, ਜਿਸ ਰਾਹੀਂ ਖੇਤ-ਵਾਹੀ, ਚਾਰੇ ਦੀ ਪੈਦਾਵਾਰ ਤੇ ਪਸ਼ੂ-ਪਾਲਣਾ ਵਿਚ ਮਿਹਨਤ-ਖਾਣੇ ਅਮਲਾਂ ਨੂੰ ਵਧ ਤੋਂ ਵਧ ਮਸ਼ੀਨੀ ਬਣਾਨ, ਫਸਲਾਂ ਦੀ ਉਪਜ ਤੇ ਪਸ਼ੂਆਂ ਦੀ ਪੈਦਾਵਾਰੀ ਯੋਗਤਾ ਘਟੋ ਘਟ........" ਠੇਕੇ ਵਿਚ ਮਸ਼ੀਨ ਤੇ ਟਰੈਕਟਰ ਸਟੇਸ਼ਨ ਤੇ ਸਾਂਝੇ ਖੇਤ ਦੇ ਸਾਂਝੇ ਜਤਨਾਂ ਰਾਹੀਂ ਹਾਸਲ ਕੀਤੀ ਜਾਣ ਵਾਲੀਆਂ ਫਸਲਾਂ ਤੇ ਪਸ਼ੂਆਂ ਦੀ ਪੈਦਾਵਾਰੀ ਯੋਗਤਾ ਦੇ ਠੋਸ ਅੰਕੜੇ ਦਸੇ ਹੋਏ ਹਨ।

ਮਸ਼ੀਨ ਤੇ ਟਰੈਕਟਰ ਸਟੇਸ਼ਨ ਸਿਰਫ ਵਾਹੀ ਦੇ ਕੰਮਾਂ ਵਿਚ ਹੀ ਸਹਾਇਤਾ ਨਹੀਂ ਦੇਂਦਾ। ਇਹ ਪੈਦਾਵਾਰੀ ਸਕੀਮ ਬਣਾਨ, ਹਰ ਤਰ੍ਹਾਂ ਦੇ ਮਾਹਿਰ ਸਿਖਲਾਣ ਵਿਚ ਵੀ ਸਾਂਝੇ ਖੇਤ ਦਾ ਸਹਾਈ ਹੁੰਦਾ ਹੈ, ਐਗਰੋ ਟੈਕਨੀਕਲ ਸਲਾਹ ਤੇ ਹਦਾਇਤਾਂ ਵੀ ਦੇਂਦਾ ਹੈ। ਮਸ਼ੀਨ ਤੇ ਟਰੈਕਟਰ ਸਟੇਸ਼ਨ ਦੇ ਖੇਤੀ-ਮਾਹਿਰ ਖਾਦਾਂ ਦੀ ਯੋਗ ਵਰਤੋਂ, ਫਸਲਾਂ ਦੀ ਸਭ ਤੋਂ ਚੰਗੀਆਂ ਕਿਸਮਾਂ ਚੁਣਨ ਤੇ ਲਾਣ ਵਿਚ ਮਦਦ ਦੇਂਦੇ ਹਨ। ਉਹ ਖੇਤ-ਵਾਹੀ ਦੇ ਕੰਮ ਦੇ ਮਿਆਰ ਦੀ ਪੜਤਾਲ ਕਰਦੇ ਹਨ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਟਰੈਕਟਰ ਜੱਥੇ ਲੋੜੀਂਦੀ ਡੂੰਘਾਈ ਤਕ ਵਾਂਹਦੇ ਹਨ ਜਾਂ ਨਹੀਂ ਤੇ ਧਿਆਨ ਰਖਦੇ ਹਨ ਕਿ ਵਾਢੀ ਵਿਚ ਦਾਣਿਆਂ ਦਾ ਰੱਤੀ ਭਰ ਨੁਕਸਾਨ ਨਾ ਹੋਵੇ।

ਇਹ ਸੇਵਾ ਹੁਣ ਸਾਂਝੇ ਖੇਤਾਂ ਦੇ ਲਾਭ ਲਈ ਹੋਰ ਉੱਨਤ ਕੀਤੀ ਜਾ ਰਹੀ ਹੈ। ਹਕੂਮਤ ਨੇ ਸਾਂਝੇ ਖੇਤਾਂ ਵਿਚ ਲਗੇ ਖੇਤੀ-ਮਾਹਿਰਾਂ ਦੀ ਗਿਣਤੀ ਵਧਾਣ ਦਾ ਫ਼ੈਸਲਾ ਕੀਤਾ ਹੈ। ਹਰ ਸਾਂਝੇ ਖੇਤ ਕੋਲ ਇਕ ਜਾਂ ਦੋ ਸਪੈਸ਼ਲਿਸਟ, ਇਕ ਖੇਤੀ-ਮਾਹਿਰ ਤੇ ਇਕ ਜ਼ੂ-ਟੈਕਨੀਸ਼ਨ ਹੋਇਆ ਕਰਨਗੇ। ਉਹਨਾਂ ਨੂੰ ਮਸ਼ੀਨ ਤੇ ਟਰੈਕਟਰ ਸਟੇਸ਼ਨਾਂ ਤੋਂ ਤਨਖਾਹਵਾਂ ਮਿਲਣਗੀਆਂ।

ਮਸ਼ੀਨ ਤੇ ਟਰੈਕਟਰ ਸਟੇਸ਼ਨ ਦੀ ਸਹਾਇਤਾ ਖੇਤ ਵਾਹੀ ਤੇ ਹੀ ਬਸ ਨਹੀਂ ਹੋ ਜਾਂਦੀ।

ਮਸ਼ੀਨ ਤੇ ਟਰੈਕਟਰ ਸਟੇਸ਼ਨ, ਆਪਣੇ ਹੁਨਰ-ਮੰਦ ਮਾਹਿਰਾਂ ਦੇ ਅਮਲੇ ਸਦਕਾ ਪਸ਼ੂ-ਪਾਲਣਾ ਦੇ ਬਹੁਤੇ ਮਿਹਨਤ-ਖਾਣੇ ਕੰਮਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਸ਼ੀਨੀ ਬਣਾਨ ਵਿਚ ਸਹਾਇਤਾ ਕਰ ਸਕਦਾ ਹੈ। ਮਸ਼ੀਨ ਤੇ ਟਰੈਕਟਰ ਸਟੇਸ਼ਨ ਦੇ ਟੈਕਨੀਸ਼ਨ ਦੀ ਮਦਦ ਨਾਲ, ਸਾਂਝੇ ਖੇਤ ਨੇ ਚਾਰਾ ਲਜਾਣ ਤੇ ਖਾਦ ਢੁਕਣ ਲਈ ਪਟੜੀਆਂ ਉਸਾਰੀਆਂ ਹਨ, ਪਾਣੀ ਦੇ ਖ਼ੁਦਕਾਰ ਟਪ, ਦੁਧ-ਚੁਆਈ ਦੀਆਂ ਬਿਜਲੀ ਨਾਲ ਚਲਣ ਵਾਲੀਆਂ ਮਸ਼ੀਨਾਂ ਲਾਈਆਂ ਹਨ ਤੇ ਚਾਰੇ ਦੀ ਰਸੋਈ ਦਾ ਸਾਜ਼ ਸਮਾਨ ਬਣਾਇਆ ਹੈ।

ਗੋਰੋਦਤਸ ਮਸ਼ੀਨ ਤੇ ਟਰੈਕਟਰ ਸਟੇਸ਼ਨ ਨੂੰ ਹਰ ਵਰ੍ਹੇ ਨਵੀਆਂ ਮਸ਼ੀਨਾਂ ਮਿਲਦੀਆਂ ਹਨ। ਸੋਵੀਅਤ ਸਰਕਾਰ ਖੇਤ ਦੀ ਮਿਹਨਤ ਨੂੰ ਮਸ਼ੀਨੀ ਬਣਾਨ ਲਈ ਖੁਲ੍ਹ ਦਿਲੀ ਨਾਲ ਰਕਮਾਂ ਖਰਚ ਰਹੀ ਹੈ। ਮਸ਼ੀਨ ਤੇ ਟਰੈਕਟਰ ਸਟੇਸ਼ਨ ਵਲੋਂ ਮਿਲੀਆਂ ਟੋਏ-ਪੁਟ ਮਸ਼ੀਨਾਂ ਸਦਕਾ ਤਮੀਰੀਯਾਜ਼ੇਵ ਸਾਂਝਾ ਖੇਤ ਰਸ-ਭਰੇ ਤੇ ਅਮੀਰ ਖ਼ੁਰਾਕ ਵਾਲੇ ਚਾਰੇ ਦੇ ਵਧੇਰੇ ਸਟਾਕ ਪਿਛੇ ਪਾ ਸਕਿਆ। ਖਾਦ ਦੀ ਵਰਤੋਂ ਲਈ ਦਲਦਲੀ ਕੋਲਾ ਮਸ਼ੀਨਾਂ ਰਾਹੀਂ ਪੁਟਿਆ ਜਾਂਦਾ ਹੈ। ਗੋਰੋਦਤਸ ਮਸ਼ੀਨ ਤੇ ਟਰੈਕਟਰ ਸਟੇਸ਼ਨ ਇਸ ਮਨੋਰਥ ਲਈ ਪੱਟੀ ਵਾਲੇ ਟਰੈਕਟਰ ਵਰਤਦਾ ਹੈ, ਜਿਨ੍ਹਾਂ ਤੇ ਗੋਲ ਵਾਹੀ-ਸੁਹਾਗੇ ਤੇ ਝਾੜੀ-ਪੁਟ ਹਲ ਜਹੇ ਸੰਦ ਚਾੜ੍ਹੇ ਹੁੰਦੇ ਹਨ। ਦਲਦਲੀ ਕੋਲੇ ਨੂੰ ਲੋੜ ਵਾਲੀ ਥਾਂ ਤੇ ਫਾਸਫੋਰਾਇਟ ਪਾਊਡਰ ਨਾਲ ਰਲਾਇਆ ਜਾਂਦਾ ਹੈ। ਇਹ ਰਲਵੀਂ ਖਾਦ ਫਿਰ ਪੈਲੀਆਂ ਵਿਚ ਲਿਆਈ ਜਾਂਦੀ ਹੈ।

ਦਲਦਲੀ ਜ਼ਮੀਨਾਂ ਨੂੰ ਵਾਹੀ-ਯੋਗ ਬਣਾਨ ਲਈ ਵਿਸ਼ੇਸ਼ ਟੋਏ-ਪੁਟ ਮਸ਼ੀਨਾਂ ਵਰਤੀਆਂ ਜਾਂਦੀਆਂ ਹਨ।

ਬਿਜਲੀ ਸੋਵੀਅਤ ਕਿਸਾਨ ਦੀ ਮਿਹਨਤ ਨੂੰ ਹੌਲਾ ਕਰਦੀ ਹੈ। ਇਹ ਪੈਦਾਵਾਰ ਦੀ ਹਰ ਸ਼ਾਖ ਵਿਚ ਵਰਤੀ ਜਾਂਦੀ ਹੈ। ਤਮੀਰੀਯਾਜ਼ੇਵ ਸਾਂਝੇ ਖੇਤ ਵਿਚ ਬਿਜਲੀ ਗਹਾਈ, ਸਫ਼ਾਈ, ਦਾਣਿਆਂ ਦੀ ਨਮੂਨੇ ਵਾਰ ਚੁਣਾਈ, ਚਾਰੇ ਦੀ ਤਿਆਰੀ, ਪਸ਼ੂ-ਪਾਲਣਾ ਦੇ ਵਿਭਾਗ ਤਕ ਪਾਣੀ ਲਿਆਉਣ, ਗਾਂਵਾਂ ਦੀ ਚੁਆਈ ਤੇ ਭੇਡਾਂ ਦੀ ਮੁਨਾਈ ਲਈ ਵਰਤੀ ਜਾਂਦੀ ਹੈ। ਬਿਜਲੀ ਆਟੇ ਦੀ ਮਿਲ ਚਲਾਣ ਛਿੜਕਾਊ-ਮਸ਼ੀਨ ਚਲਾਣ, ਖੇਤੀ ਦਾ ਆਰਾ ਚਲਾਣ, ਤੇ ਸਾਂਝੇ ਖੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਵਰਕਸ਼ਾਪ ਵਿਚ ਖਰਾਦ ਚਲਾਣ ਲਈ ਵਰਤੀ ਜਾਂਦੀ ਹੈ ।

ਮਸ਼ੀਨ ਤੇ ਟਰੈਕਟਰ ਸਟੇਸ਼ਨ ਤੋਂ ਮਿਲੀਆਂ ਮਸ਼ੀਨਾਂ ਤੇ ਬਿਜਲੀ ਸਦਕਾ ਸਾਂਝੇ ਕਿਸਾਨ ਆਪਣੀ ਮਿਹਨਤ ਹੌਲੀ ਕਰ ਸਕੇ ਹਨ, ਪੈਦਾਵਾਰੀ ਯੋਗਤਾ ਵਧਾ ਸਕੇ ਹਨ ਤੇ ਸਾਂਝੀ ਵਾਹੀ ਤੇ ਸੋਵੀਅਤ ਕਿਸਾਨਾਂ ਦੇ ਭਲੇ ਦੀ ਉਨਤੀ ਲਈ ਬੇਅੰਤ ਸੰਭਾਵਨਾਵਾਂ ਪੈਦਾ ਕਰ ਸਕੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਲਖ ਪਤੀ

ਅੰਕੜਿਆਂ ਵਿਚ ਵੀ ਕਵਿਤਾ ਹੁੰਦੀ ਹੈ, ਖਾਸ ਤੌਰ ਤੇ ਜਦੋਂ ਉਹ ਲੋਕਾਂ ਦੀਆਂ ਕਾਢਾਂ ਤੇ ਜਿੱਤਾਂ ਦਾ ਝਲਕਾਰਾ ਹੋਣ। ਸਾਂਝੇ ਖੇਤ ਦੇ ਹਿਸਾਬੀਏ, ਆਂਦਰੀ ਕੋਰਾਬਲਯੋਵ ਨੂੰ ਇਸ ਗਲ ਦਾ ਪੂਰਾ ਯਕੀਨ ਹੈ। ਸਾਂਝੇ ਖੇਤ ਦੀ ਬੁਨਿਆਦ ਤੋਂ ਹੁਣ ਤੀਕ ਦੇ ਸਾਲਾਨਾ ਹਿਸਾਬ ਚਿਠੇ ਵਿਖਾਂਦਿਆਂ ਤੇ ਰਕਮਾਂ ਦੀ ਚਰਚਾ ਕਰਦਿਆਂ ਉਹਨੇ ਕਿਹਾ :

"ਵੀਹ ਵਰ੍ਹੇ ਪਹਿਲਾਂ ਇਹ ਹਿਸਾਬ ਦਸਾਂ ਹਜ਼ਾਰਾਂ ਵਿਚ ਹੁੰਦੇ ਸਨ, ਅਜੇ ਇਹਨਾਂ ਨੂੰ ਤੁਸੀਂ ਸੈ-ਹਜ਼ਾਰਾਂ ਤੇ ਦਸ-ਲਖਾਂ ਵਿਚ ਵੇਖ ਸਕਦੇ ਹੋ। ਅਸੀਂ ਲਖ-ਪਤੀ ਹੋ ਗਏ ਹਾਂ... ਸੰਨ ੧੯੫੨ ਵਿਚ ਸਾਡੀ ਰਕਮ-ਆਮਦਨ ੩੬,੦੭, ੩੭੦ ਰੂਬਲ ਸੀ।

ਸਾਂਝੇ ਖੇਤ ਦੇ ਮੁਢਲੇ ਵਰ੍ਹਿਆਂ ਵਿਚ, ਮਿਸਾਲ ਲਈ, ਸੰਨ ੧੯੩੮ ਵਿਚ, ਅੱਧੀ ਰਕਮ-ਆਮਦਨ ਵਾਹੀ ਦੇ ਸਹਾਇਕ ਅਦਾਰਿਆਂ ਤੇ ਘੋੜਿਆਂ ਨਾਲ ਫ਼ਸਲਾਂ ਦੀ ਢਵਾਈ ਤੋਂ ਨਿਕਲਦੀ ਸੀ। ਉਹਨੀ ਦਿਨੀਂ ਅਜੇ ਅਸੀਂ ਖੇਤ ਵਾਹੀ ਤੇ ਪਸ਼ੂ-ਪਾਲਣਾ ਉੱਨਤ ਕਰਨੀ ਸ਼ੁਰੂ ਹੀ ਕੀਤੀ ਸੀ।

"ਅਜ ਤਸਵੀਰ ਬਦਲ ਗਈ ਏ । ਪੈਦਾਵਾਰ ਦੀਆਂ ਮੁਖ ਸ਼ਾਖਾਂ, ਖੇਤ-ਵਾਹੀ ਤੇ ਪਸ਼ੂ-ਪਾਲਣਾ ਦੀ ਆਮਦਨੀ ਲਗਾਤਾਰ ਵਧਦੀ ਜਾ ਰਹੀ ਹੈ, ਤੇ ਸੰਨ ੧੯੫੨ ਦੀ ਆਮ ਆਮਦਨ ਵਿਚ ਇਹਨਾਂ ਦਾ ਹਿੱਸਾ ੯੪ ਫ਼ੀ ਸਦੀ ਬਣਦਾ ਸੀ। ਸੰਨ ੧੯੫੨ ਵਿਚ ੨੬,੩੬,੦੦੦ ਰੂਬਲ ਜਾਂ ਕੁਲ ਆਮਦਨ ਦਾ ੭੩ ਫ਼ੀ ਸਦੀ ਹਿੱਸਾ ਖੇਤ-ਵਾਹੀ ਤੇ ਸਬਜ਼ੀਆਂ ਦੀ ਕਾਸ਼ਤ ਤੋਂ ਆਇਆ। ਸਾਂਝੀ ਪਸ਼ੂ-ਪਾਲਣਾ ਨੇ ਸਾਂਝੇ ਖੇਤ ਨੂੰ ੭,੬੩,੦੦੦ ਰੂਬਲ ਜਾਂ ਕੁਲ ਰਕਮ-ਆਮਦਨ ਦਾ ੨੧ ਫ਼ੀ ਸਦੀ ਹਿੱਸਾ ਲਿਆ ਦਿਤਾ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੇ ਕਿਸਾਨ ਆਪਣੀ ਆਮਦਨ ਨੂੰ ਸਿਆਣਪ ਤੇ ਦੂਰ ਅੰਦੇਸ਼ੀ ਨਾਲ ਖਰਚ ਕਰਦੇ ਹਨ। ਮਿਸਾਲ ਲਈ ਅਸੀਂ ਸਾਲ ੧੯੫੨ ਨੂੰ ਲਈਏ। ਉਸ ਸਾਲ ਰਕਮ-ਆਮਦਨ ੩੬,੦੭,੩੭੦ ਰੂਬਲ ਬਣਦੀ ਸੀ। ਸਾਂਝੇ ਖੇਤ ਨੇ ਟੈਕਸ ਤੇ ਬੀਮੇ ਦੀਆਂ ਅਦਾਇਗੀਆਂ ਪਿਛੋਂ ਚਾਲੂ ਪੈਦਾਵਾਰ ਲਈ, ਸਮਾਜਕ ਤੇ ਸਭਿਆਚਾਰਕ ਲੋੜਾਂ ਲਈ ਰਕਮਾਂ ਰਖੀਆਂ, ੫,੪੧,੧੦੫ ਰੂਬਲਾਂ ਦਾ ਅਣ-ਵੰਡਵਾਂ ਫੰਡ ਅਡ ਕੀਤਾ ਤੇ ਬਾਕੀ ਦੇ ੨੧, ੦੫,੭੫੯ ਰੂਬਲ ਸਾਂਝੇ ਕਿਸਾਨਾਂ ਵਿਚ ਉਹਨਾਂ ਦੇ ਹਿਸਾਬ ਵਿਚ ਪਏ ਕੰਮ-ਦਿਹਾੜੀ ਦੇ ਯੂਨਟਾਂ ਅਨੁਸਾਰ ਵੰਡ ਦਿਤੇ ਗਏ।

ਇਹਨਾਂ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਰਕਮ-ਆਮਦਨ ਦਾ ਸਭ ਤੋਂ ਵਡਾ ਹਿੱਸਾ (ਅੱਟਾ ਸੱਟਾ ਦੋ ਤਿਹਾਈ) ਸਾਂਝੇ ਕਿਸਾਨਾਂ ਵਿਚ ਵੰਡ ਦਿਤਾ ਜਾਂਦਾ ਹੈ। ਕਿਸਾਨ ਨੂੰ ਉਹਦਾ ਹਿੱਸਾ ਨਕਦੀ ਦੀ ਸ਼ਕਲ ਵਿਚ ਮਿਲਦਾ ਹੈ। ਜਿੰਨੀ ਵਧ ਸਾਂਝੇ ਖੇਤ ਦੀ ਆਮਦਨ ਹੋਵੇਗੀ, ਇਕ ਕੰਮ-ਦਿਹਾੜੀ ਦੇ ਯੂਨਟ ਪਿਛੇ ਓਨਾ ਹੀ ਵਧ ਹਿੱਸਾ ਮਿਲੇਗਾ।

ਇਸ ਲਈ ਸੁਭਾਵਕ ਹੈ ਕਿ ਸਾਰੇ ਸਾਂਝੇ ਕਿਸਾਨ ਆਮਦਨ ਦੇ ਸੋਮਿਆਂ ਦੇ ਲਗਾਤਾਰ ਵਾਧੇ, ਅਰਥਾਤ ਸਾਂਝੀ ਆਰਥਕਤਾ ਦੀ ਉੱਨਤੀ ਦੇ ਚਾਹਵਾਨ ਹਨ। ਇਹ ਮਨੋਰਥ ਸਾਲਾਨਾ ਆਮਦਨ ਵਿਚੋਂ ਇਕ ਖਾਸ ਹਿੱਸਾ—ਕੁਲ ਰਕਮ-ਆਮਦਨ ਦਾ ੧੫ ਫ਼ੀ ਸਦੀ-ਅਣ-ਵੰਡਵੇਂ ਫੰਡ ਲਈ ਰਖ ਕੇ ਪੂਰਾ ਕੀਤਾ ਜਾਂਦਾ ਹੈ।

ਇਹ ਫੰਡ ਸਾਂਝੇ ਖੇਤ ਦੀ ਪੈਦਾਵਾਰ ਵਧਾਣ, ਖੇਤ ਦੀਆਂ ਇਮਾਰਤਾਂ ਆਦਿ ਉਸਾਰਨ, ਮਸ਼ੀਨਾਂ ਤੇ ਸੰਦਾਂ, ਚੰਗੀ ਨਸਲ ਦੇ ਪਸ਼ੂ ਤੇ ਹੋਰ ਬੁਨਿਆਦੀ ਚੀਜ਼ਾਂ ਵਿਚ ਪੂੰਜੀ ਲਾਣ ਲਈ ਖਰਚ ਕੀਤਾ ਜਾਂਦਾ ਹੈ। ਇਹਦਾ ਭਾਵ ਇਹ ਹੈ ਕਿ ਵਧ ਰਿਹਾ ਅਣ-ਵੰਡਵਾਂ ਫੰਡ ਸਾਂਝੇ ਖੇਤ ਦੀ ਆਮਦਨ ਤੇ ਸਾਂਝੇ ਕਿਸਾਨ ਦੇ ਜੀਵਨ ਮਿਆਰਾਂ ਵਿਚ ਲਗਾਤਾਰ ਉੱਨਤੀ ਦਾ ਸੋਮਾ ਹੈ।

ਸੰਨ ੧੯੩੧ ਵਿਚ ਤਮੀਰੀਯਾਜ਼ੇਵ ਸਾਂਝੇ ਖੇਤ ਕੋਲ ੭੬,੨੭੯

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਬਲ ਅਣ-ਵੰਡਵਾਂ ਫੰਡ ਸੀ, ਇਹਦਾ ਬਹੁਤਾ ਹਿੱਸਾ ਸਾਂਝੇ ਕਿਸਾਨਾਂ ਦੀਆਂ ਮੁਢਲੀਆਂ ਫੀਸਾਂ ਨਾਲ ਬਣਿਆ ਸੀ। ਸਾਂਝੇ ਖੇਤ ਨੇ ਤਰੱਕੀ ਕੀਤੀ ਤੇ ਅਣ-ਵੰਡਵਾਂ ਫੰਡ ਸੰਨ ੧੯੪੦ ਵਿਚ ੧੯,੩੭,੭੯੬ ਤੇ ਸੰਨ ੧੯੫੨ ਵਿਚ ੬੯,੮੨,੪੨੩ ਰੂਬਲ ਹੋ ਗਿਆ।

ਤਮੀਰੀਫਾਜ਼ੇਵ ਸਾਂਝੇ ਖੇਤ ਦਾ ਅਣ-ਵੰਡਵਾਂ ਫੰਡ ਇਹਦੇ ਮੈਂਬਰ ਕਿਸਾਨਾਂ ਦੀ ਸਾਂਝੀ ਦੌਲਤ ਹੈ। ਹੇਠ-ਲਿਖੇ ਅੰਕੜਿਆਂ ਤੋਂ ਇਸ ਦੌਲਤ ਦਾ ਕੁਝ ਅੰਦਾਜ਼ਾ ਲਗ ਸਕਦਾ ਹੈ। ਸਾਂਝੇ ਖੇਤ ਕੋਲ ਚੰਗੀ ਨਸਲ ਵਾਲੇ ਪਸ਼ੂਆਂ ਦਾ ਤਕੜਾ ਵਗ ਹੈ। ਪਸ਼ੂ-ਪਾਲਣਾ ਦੀਆਂ ਕਈ ਇਮਾਰਤਾਂ, ਹਵਾ ਨਾਲ ਚਲਣ ਵਾਲਾ ੧ ਇੰਜਨ, ੨੮ ਅਨ-ਭੜੋਲੇ, ੧੧ ਆਲੂਆਂ ਤੇ ਸਬਜ਼ੀਆਂ ਦੇ ਹਿਫ਼ਾਜ਼ਤ ਖਾਨੇ, ੧ ਆਟੇ ਦੀ ਮਿਲ, ੧ ਬਿਜਲੀ ਘਰ, ੧ ਕਰੀਮ-ਕਢਾਈ ਦਾ ਅਦਾਰਾ, ੧ ਲੁਹਾਰ ਖਾਨਾ, ਸਿਧੇ ਸਾਦੇ ਜ਼ਰਾਇਤੀ ਸੰਦਾਂ ਦਾ ਚੋਖਾ ਸਟਾਕ, ੬ ਟਰੱਕ ਤੇ ੧ ਪਸੈਂਜਰ ਕਾਰ ਹੈ। ਉਹਦੀ ਸਾਰੀ ਜਾਇਦਾਦ ਦੀ ਸੂਚੀ ਕਈ ਸਫੇ ਭਰ ਦੇਵੇਗੀ।

ਪਰ ਸਾਰਾ ਕੁਝ ਇਹ ਹੀ ਨਹੀਂ। ਸਾਂਝੇ ਖੇਤ ਕੋਲ ਦਸ ਲਖ ਰੂਬਲ ਤੋਂ ਵਧੇਰੀ ਵਿਹਲੀ ਰਕਮ ਸਟੇਟ ਬੈਂਕ ਅੰਦਰ ਖੁਲ੍ਹੇ ਹਿਸਾਬ ਵਿਚ ਪਈ ਹੋਈ ਹੈ। ਇਹ ਰਾਖਵੀਂ ਰਕਮ ਸਾਂਝੀ ਖੇਤੀ ਦਾ ਪਾਸਾਰ ਵਧਾਣ ਲਈ ਖਰਚ ਕੀਤੀ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਅਸੀਂ ਕੰਮ ਕਰਦੇ ਗਾਉਂਦੇ ਹਾਂ"

ਸਾਂਝੇ ਖੇਤ ਦੇ ਹਿਸਾਬ ਵੇਖਦਿਆਂ ਮੈਨੂੰ ਅਲੈਕਸਈ ਕੋਨਾਵਾਲੋਵ ਟੱਬਰ ਦਾ ਰੀਕਾਰਡ ਲਭਿਆ। ਇਸ ਟੱਬਰ ਵਿਚ ਸਤ ਜੀ ਹਨ। ਪੰਜ ਜੀ ਸਾਂਝੇ ਖੇਤ ਵਿਚ ਕੰਮ ਕਰ ਰਹੇ ਹਨ (ਉਹਨਾਂ ੧੬ ਵਰ੍ਹਿਆਂ ਦੀ ਉਮਰ ਤੋਂ ਕੰਮ ਸ਼ੁਰੂ ਕੀਤਾ)।੧੯੫੨ ਵਿਚ ਉਹਨਾਂ ਦੇ ਹਿਸਾਬ ਵਿਚ ੧,੧੯੩ ਕੰਮ-ਦਿਹਾੜੀਆਂ ਦੇ ਯੂਨਟ ਸਨ। ਕੋਨਾਵਾਲੋਵ ਟੱਬਰ ਲਈ ਇਹਦਾ ਭਾਵ ਕੀ ਸੀ ? ਉਹਨਾਂ ਦੀ ਰਕਮ-ਆਮਦਨ ੯,੫੪੪ ਰੂਬਲ ਬਣੀ ਤੇ ਉਨ੍ਹਾਂ ਨੂੰ ੨,੭੪੩ †ਕਿਲੋਗਰਾਮ ਦਾਣੇ, ੯,੬੬੩ ਕਿਲੋਗਰਾਮ ਆਲੂ ਤੇ ੨,੬੨੪ ਕਿਲੋਗਰਾਮ ਸਬਜ਼ੀਆਂ ਵੀ ਮਿਲੀਆਂ। ਇਹਦੇ ਇਲਾਵਾ ਸਣ-ਉਗਾਈ ਦੀ ਟੋਲੀ ਦੀ ਮੈਂਬਰ, ਕੋਨਾਵਾਲੋਵ ਦੀ ਧੀ, ਯੇਲੀਜ਼ਾਵੇਤਾ ਨੂੰ ਪਲੈਨ ਅਨੁਸਾਰ ਟੀਚੇ ਤੋਂ ਵਧ ਪੈਦਾਵਾਰ ਕਰਨ ਸਦਕਾ ੬੦੦ ਰੂਬਲ ਬੋਨਸ ਵਜੋਂ ਮਿਲੇ। ਇਹਦਾ ਭਾਵ ਇਹ ਹੈ ਕਿ ਟੱਬਰ ਦੀ ਰਕਮ-ਆਮਦਨ ੧੦,੦੦੦ ਰੂਬਲ ਟਪ ਗਈ।

ਪੰਜ ਨਰੋਏ ਜੀਆਂ ਵਾਲਾ ਇਕ ਹੋਰ ਟੱਬਰ, ਯੇਲੀਜ਼ਾਵੇਤਾ ਗਾਲਾਨੀਚੇਵਾ ਦਾ ਹੈ। ਇਸ ਟੱਬਰ ਦੀ ਆਮਦਨ ਸੰਨ ੧੯੫੨ ਵਿਚ ੧੦,੪੯੦ ਰੂਬਲ, ੩,੦੧੩ ਕਿਲੋਗਰਾਮ ਦਾਣੇ, ੧੦,੬੧੧ ਕਿਲੋਗਰਾਮ ਆਲੂ ਤੇ ੨,੮੯੨ ਕਿਲੋਗਰਾਮ ਸਬਜ਼ੀਆਂ ਸਨ।

ਇਹ ਵੇਖ ਲੈਣਾ ਔਖਾ ਨਹੀਂ ਕਿ ਹਰ ਟੱਬਰ ਕੋਲ ਆਪਣੀਆਂ ਲੋੜਾਂ ਪੂਰੀਆਂ ਕਰਨ ਤੇ ਬਾਕੀ ਹਿੱਸਾ ਮੰਡੀ ਵਿਚ ਵੇਚਣ ਲਈ ਸਾਰੇ ਦਾਣੇ, ਆਲੂ ਤੇ ਸਬਜ਼ੀਆਂ ਹਨ। ਇਹਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਸਾਂਝੇ ਕਿਸਾਨ ਨੂੰ ਜੋ ਕੁਝ ਵੀ ਕੰਮ-ਦਿਹਾੜੀਆਂ ਦੇ

† ੧ ਕਿਲੋਗਰਾਮ=੧ ਸੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਯੂਨਟਾਂ ਲਈ ਮਿਲਦਾ ਹੈ, ਉਸ ਤੇ ਟਕਸ ਨਹੀਂ ਲਗਦਾ। ਸਾਂਝੇ ਖੇਤ ਦੇ ਕਿਸਾਨਾਂ ਨੇ ਸਾਂਝੇ ਖੇਤ ਦੀ ਪੈਦਾਵਾਰ ਵਿਚ ਲਗਣ ਵਾਲੀ ਪੂੰਜੀ ਵਿਚ ਇਕ ਪਾਈ ਵੀ ਨਹੀਂ ਪਾਣੀ ਹੁੰਦੀ। ਸਾਂਝੇ ਕਿਸਾਨਾਂ ਨੂੰ ਦਿਤੇ ਜਾਣ ਵਾਲੀ ਆਮਦਨ ਦਾ ਹਿੱਸਾ ਵੰਡਣ ਤੋਂ ਪਹਿਲਾਂ ਖੇਤ ਟੈਕਸ ਤਾਰ ਦੇਂਦਾ ਹੈ, ਸਰਕਾਰ ਨੂੰ ਫਸਲਾਂ ਵਿਚ ਅਦਾਇਗੀਆਂ ਕਰ ਦੇਂਦਾ ਹੈ, ਬੀਜਾਂ ਤੇ ਚਾਰੇ ਦੇ ਲੋੜੀਂਦੇ ਸਟਾਕ ਵਖ ਕਰ ਲੈਂਦਾ।

"ਸਾਡੇ ਕੋਲ ਸਾਨੂੰ ਚਾਹੀਦਾ ਸਭੋ ਕੁਝ ਏ।" ਕੋਨੋਵਾਲੋਵ ਟੱਬਰ ਦੇ ਜੀਆਂ ਨੇ ਮੈਨੂੰ ਦਸਿਆ।

ਤੇ "ਸਾਨੂੰ ਚਾਹੀਦਾ ਸਭੋ ਕੁਝ" ਦਾ ਭਾਵ ਅਜ ਹੋਰ ਹੈ। ਇਹਦਾ ਭਾਵ ਸਿਰਫ ਰੋਟੀ, ਆਲੂ, ਸਬਜ਼ੀਆਂ, ਖਾਣੇ ਦੀ ਮੇਜ਼ ਲਈ ਮਾਸ ਤੇ ਮਖਨ ਹੀ ਨਹੀਂ, ਸਗੋਂ ਸੁਗਾਤਾਂ ਤੇ ਮਠਿਆਈਆਂ, ਰਵਾਜ ਅਨੁਸਾਰ ਸੀਤੇ ਕਪੜੇ, ਸੁਹਣੇ ਬੂਟ ਤੇ ਚੰਗਾ ਫਰਨੀਚਰ, ਕਿਤਾਬਾਂ, ਰਿਸਾਲੇ ਤੇ ਅਖ਼ਬਾਰਾਂ ਵੀ ਹੈ। ਹਰ ਘਰ ਰੇਡੀਉ ਪਹੁੰਚ ਗਿਆ ਹੈ। ਇਹ ਸਾਰਾ ਕੁਝ ਕੋਈ ਟਾਵੀਂ ਚੀਜ਼ ਨਹੀਂ। ਹਰ ਸਾਂਝਾ ਕਿਸਾਨ, ਜਿਹੜਾ ਦਿਲ ਨਾਲ ਕੰਮ ਕਰਦਾ ਹੈ, ਰਜਿਆ ਪੁਜਿਆ ਹੈ।

ਕੀ ਯੇਲੀਜ਼ਾਵੇਤਾ ਗਾਲਾਨੀਚੇਵਾ, ਚਾਰ ਬਚਿਆਂ ਵਾਲੀ ਇਕ ਵਿਧਵਾ, ਖੇਤ ਦੇ ਸਾਂਝੇ ਹੋਣ ਤੋਂ ਪਹਿਲਾਂ ਇਸ ਤਰ੍ਹਾਂ ਰਹਿਣ ਦੀ ਆਸ ਰਖ ਸਕਦੀ ਸੀ, ਜਿਵੇਂ ਉਹ ਅਜ ਰਹਿ ਰਹੀ ਹੈ? ਨਿਰਸੰਦੇਹ, ਨਹੀਂ! ਉਹਦਾ ਆਪਣਾ, ਉਹਦੇ ਪਿੰਡ-ਵਾਸੀਆਂ ਦਾ ਵਿਸ਼ਵਾਸ ਵੀ ਵੀ ਈਹੋ ਹੈ।

ਸੰਨ ੧੯੪੯ ਦੀਆਂ ਗਰਮੀਆਂ ਵਿਚ ਤਮੀਰੀਯਾਜ਼ੇਵ ਸਾਂਝੇ ਖੇਤ ਵਿਚ ਰੁਮਾਨਵੀ ਕਿਸਾਨਾਂ ਦਾ ਇਕ ਜੱਥਾ ਆਇਆ। ਉਹਨਾਂ ਖੇਤ, ਪਸ਼ੂ-ਪਾਲਣਾ ਦੇ ਵਿਭਾਗ, ਵਰਕਸ਼ਾਪ ਤੇ ਸਾਂਝੇ ਕਿਸਾਨਾਂ ਦੇ ਘਰ ਵੇਖੇ। ਉਹਨਾ ਯੇਲੀਜ਼ਾਵੇਤਾ ਗਾਲਾਨੀਚੇਵਾ ਤੋਂ ਪੁਛਿਆ ਕਿ ਕੀ ਉਹਨੂੰ ਸਾਂਝੇ ਖੇਤ ਦੀਆਂ ਪੈਲੀਆਂ ਵਿਚ ਕੰਮ ਕਰਨਾ ਚੰਗਾ ਲਗਦਾ ਸੀ।

"ਅਸੀਂ ਕੰਮ ਕਰਦੇ ਗੌਂਦੇ ਹਾਂ," ਉਹਨੇ ਜੁਆਬ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਪਰ ਇਹ ਤੁਹਾਡੀ ਆਪਣੀ ਪੈਲੀ ਨਹੀਂ, ਤੇ ਫਸਲ ਤੁਹਾਡੀ ਨਹੀਂ ਹੁੰਦੀ ?"

"ਮਰੀ ਨਹੀਂ ?" ਗਾਲਾਨੀਚੇਵਾ ਹੈਰਾਨ ਹੋ ਗਈ। "ਇਹ ਸਾਰਾ ਕੁਝ ਸਾਡਾ ਏ, ਇਹ ਸਾਡੀ ਸਾਂਝੀ ਜ਼ਾਇਦਾਦ ਏ। ਜਦੋਂ ਮੈਂ ਸਾਂਝੇ ਖੇਤ ਲਈ ਕੰਮ ਕਰਦੀ ਹਾਂ, ਮੈਂ ਆਪਣੇ ਲਈ ਕੰਮ ਕਰਦੀ ਹੈ। ਅਸੀਂ ਸਾਂਝੇ ਖੇਤ ਦਾ ਇਕੋ ਮਿੱਤਰ ਟੱਬਰ ਹਾਂ। ਜਿੰਨਾ ਚੰਗਾ ਕੰਮ ਅਸੀਂ ਕਰਾਂਗੇ, ਓਨਾ ਵਧ ਅਮੀਰ ਸਾਂਝਾ ਖੇਤ ਹੋ ਜਾਏਗਾ ਤੇ ਓਨੇ ਰੱਜੇ ਪੁੱਜੇ ਅਸੀਂ ਆਪ ਹੋ ਜਾਵਾਂਗੇ—ਮੈਂ ਤੇ ਹੋਰ ਸਾਰੇ ਸਾਂਝੇ ਕਿਸਾਨ।"

ਕੰਮ-ਦਿਹਾੜੀ ਦਾ ਯੂਨਟ ਸਾਂਝੇ ਖੇਤ ਦੀ ਪੈਦਾਵਾਰ ਵਿਚ ਇਕ ਅਹਿਮ ਅਨਸਰ ਹੈ ਤੇ ਸਾਂਝੇ ਖੇਤ ਦੀ ਤਰੱਕੀ ਵਿਚ, ਵਧੇਰਾ ਕੰਮ ਕਰਨ ਤੇ ਵਧੇਰਾ ਪੈਦਾ ਕਰਨ ਦੀ ਚਾਹ ਲਈ ਇਕ ਮਹਾਨ ਪ੍ਰੇਰਨਾ ਹੈ, ਜਿਹੜੀ ਦਿਲਚਸਪੀ ਨੂੰ ਹੁਲਾਰਦੀ ਹੈ।

ਕੰਮ ਜਿੰਨਾ ਮਿਹਨਤ-ਖਾਣਾ ਹੋਵੇਗਾ, ਓਨਾ ਜ਼ਿਆਦਾ ਹੁਨਰ ਤੇ ਘਾਲਣਾ ਇਹਦੇ ਲਈ ਚਾਹੀਦੇ ਹੋਣਗੇ, ਓਨੀ ਹੀ ਵਧੇਰੀ ਗਿਣਤੀ ਸਾਂਝੇ ਕਿਸਾਨ ਦੇ ਹਿਸਾਬ ਵਿਚ ਪੈਣ ਵਾਲੇ ਕੰਮ-ਦਿਹਾੜੀ ਦੇ ਯੂਨਟਾਂ ਦੀ ਹੋਵੇਗੀ। ਕੰਮ-ਦਿਹਾੜੀ ਦੇ ਵਧੇਰੇ ਯੂਨਟਾਂ ਦਾ ਭਾਵ ਸਾਂਝੇ ਖੇਤ ਦੀ ਆਮਦਨ ਵਿਚ ਵਧੇਰਾ ਹਿੱਸਾ ਹੈ।

ਸਾਂਝੇ ਕਿਸਾਨ ਚੰਗੇਰੇ ਨਤੀਜਿਆਂ ਲਈ ਮੁਕਾਬਲਾ ਕਰ ਰਹ ਹਨ। ਹਰ ਨਰੋਏ ਸਾਂਝੇ ਕਿਸਾਨ ਦੇ ਹਿਸਾਬ ਪਏ ਕੰਮ-ਦਿਹਾੜੀ ਦਾ ਔਸਤ ਯੂਨਟ ਸੰਨ ੧੯੫੦ ਵਿਚ ੨੨੯, ਸੰਨ ੧੯੫੧ ਵਿਚ ੨੪੨ ਤੇ ਸੰਨ ੧੯੫੨ ਵਿਚ ੨੬੨ ਤੋਂ ਵਧੇਰੇ ਸਨ। ਸਾਂਝੇ ਖੇਤ ਦਾ ਹਰ ਮੈਂਬਰ, ਭਾਵੇਂ ਉਹ ਕਿਤੇ ਵੀ ਕੰਮ ਕਰਦਾ ਹੋਵੇ—ਪੈਲੀਆਂ ਵਿਚ, ਪਸ਼ੂ-ਪਾਲਣਾ ਦੇ ਵਿਭਾਗ ਵਿਚ, ਫਲਦਾਰ ਬਾਗ਼ ਵਿਚ ਜਾਂ ਸਬਜ਼ੀਆਂ ਦੀਆਂ ਕਿਆਰੀਆਂ ਵਿਚ—ਬੱਝੇ ਟੀਚਿਆਂ ਤੋਂ ਅਗੇਰੇ ਲੰਘ ਜਾਣਾ ਤੇ ਕੰਮ-ਦਿਹਾੜੀ ਦੇ ਸਭ ਤੋਂ ਬਹੁਤੇ ਯੂਨਟ ਕਮਾਣਾ ਚਾਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੀ ਕਿਸਾਨ ਮੇਰੀਆ ਮਾਲੀਸ਼ੇਵਾ ਸਾਂਝੇ ˙ਤ ਦੇ ਫਲਦਾਰ ਬਾਗ ਵਿਚ ਕੰਮ ਕਰ ਰਹੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੇ ਖੇਤ ਵਿਚ ਵਿਹਲੜ ਤੇ ਕੰਮ ਚੋਰ ਨਹੀਂ ਹੁੰਦੇ। ਵਾਢੀ ਦੀ ਰੁੱਤੇ, ਜਦੋਂ ਮਿਹਨਤ ਦੀ ਤਾਕਤ ਦੀ ਸਭ ਤੋਂ ਵਧ ਲੋੜ ਹੁੰਦੀ ਹੈ, ਸਾਰੇ ਨਰੋਏ ਕਿਸਾਨ ਪੈਲੀਆਂ ਵਿਚ ਨਿਕਲ ਆਉਂਦੇ ਹਨ, ਇਸ ਮੌਸਮ ਵਿਚ ਕਿੰਨੇ ਹੀ ਬ੍ਰਿਧ ਲੋਕ, ਗਭਰੂ ਤੇ ਮੁਟਿਆਰਾਂ ਆਪਣੀ ਸੇਵਾ ਪ੍ਰਬੰਧਕ ਬੋਰਡ ਨੂੰ ਪੇਸ਼ ਕਰਦੇ ਹਨ। ਸਕੂਲੀ ਬੱਚੇ ਗਰਮੀਆਂ ਦੀਆਂ ਛੁੱਟੀਆਂ ਵਿਚ ਬੇਰੀ ਤੇ ਫਲ ਲਾਹਣ ਜਹੇ ਹੌਲੇ ਕੰਮ ਮਰਜ਼ੀ ਨਾਲ ਕਰ ਦੇਂਦੇ ਹਨ।

ਸਾਂਝੇ ਖੇਤ ਦੀ ਆਮਦਨ ਵਿਚ ਸਾਂਝੇ ਕਿਸਾਨ ਦੇ ਹਿੱਸੇ ਦਾ ਆਧਾਰ ਉਹਦੇ ਕਮਾਏ ਕੰਮ-ਦਿਹਾੜੀ ਦੇ ਯੂਨਟਾਂ ਉਤੇ ਹੁੰਦਾ ਹੈ ਤੇ ਕਿਉਂਕਿ ਫਸਲਾਂ ਦੀ ਉਪਜ ਤੇ ਪਸ਼ੂ-ਪਾਲਣਾ ਦੀ ਪੈਦਾਵਾਰੀ ਯੋਗਤਾ ਲਗਾਤਾਰ ਵਧ ਰਹੀਆਂ ਹਨ ਤੇ ਇਹਦੇ ਨਾਲ ਸਾਂਝੇ ਕਿਸਾਨ ਦੀ ਆਮਦਨ ਵਿਚ ਰਲਵਾਂ ਵਾਧਾ ਹੋ ਰਿਹਾ ਹੈ, ਇਕ ਕੰਮ-ਦਿਹਾੜੀ ਦੇ ਯੂਨਟ ਲਈ ਨੀਯਤ ਕੀਤਾ ਰਕਮ ਤੇ ਫਸਲ ਦਾ ਹਿੱਸਾ ਲਗਾਤਾਰ ਵਧਦਾ ਜਾ ਰਿਹਾ ਹੈ।

ਸੰਨ ੧੯੫੧ ਵਿਚ ਤਮੀਰੀਯਾਜ਼ੇਵ ਸਾਂਝੇ ਖੇਤ ਨੇ ਹਰ ਕੰਮ-ਦਿਹਾੜੀ ਦੇ ਯੂਨਟ ਲਈ ੬ ਰੂਬਲ, ੫·੮ ਕਿਲੋਗਰਾਮ ਆਲੂ ਤੇ ਸਬਜ਼ੀਆਂ, ੧·੭੫ ਕਿਲੋਗਰਾਮ ਦਾਣੇ ਤੇ ਹੋਰ ਚੀਜ਼ਾਂ ਦਿਤੀਆਂ।

ਸੰਨ ੧੯੫੨ ਵਿਚ ਕੰਮ-ਦਿਹਾੜੀ ਦੇ ਯੂਨਟ ਪ੍ਰਤੀ ਦਿਤਾ ਗਿਆ ਹਿੱਸਾ ੮ ਰੂਬਲ, ੧੦·੨੭ ਕਿਲੋਗਰਾਮ ਆਲੂ ਤੇ ਸਬਜ਼ੀਆਂ, ੨·੧੫ ਕਿਲੋਗਰਾਮ ਦਾਣੇ ਤੇ ਹੋਰ ਚੀਜ਼ਾਂ ਸਨ।

ਸਿਰਫ਼ ੨੦ ਵਰ੍ਹੇ ਪਹਿਲਾਂ, ਮੇਦਵੇਦਕੋਵੋ, ਯੇਰੇਮੀਨੋ ਤੇ ਜ਼ੇਲਤੂਖੀਨੋ ਪਿੰਡਾਂ ਦੇ ਕਿਸਾਨ ਦਾਣੇ ਸਾਂਭਦੇ ਸਨ, ਜਿਹੜੇ ਚਾਰ ਮਹੀਨੇ ਨਹੀਂ ਸਨ ਲੰਘਦੇ। ਹਰ ਸਾਲ ਕੋਈ ੧੫ ਲਖ †ਪੂਡ ਦਾਣੇ ਵੋਲਗਾ ਤੇ ਕਿਊਬਾਨ ਦੇ ਦਾਣੇ-ਉਗਾਊ ਹਿਸਿਆਂ ਤੋਂ ਗੋਰੋਦੇਤਸ ਜ਼ਿਲ੍ਹੇ (ਪਹਿਲੋਂ ਇਹਨੂੰ ਬਾਲਾਖਨਾ ਊਈਜਦ ਕਿਹਾ ਜਾਂਦਾ ਸੀ)

† ੧ ਪੂਡ=੧੮ ਸੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਲਿਆਏ ਜਾਂਦੇ ਸਨ । ਅਜ ਇਹਦੀ ਲੋੜ ਨਹੀਂ ਰਹੀ। ਸਥਾਨਕ ਸਾਂਝਾ ਖੇਤ ਗੋਰੋਦਤਸ ਜ਼ਿਲ੍ਹੇ ਨੂੰ ਏਨੇ ਦਾਣੇ ਦੇ ਦੇਂਦਾ ਹੈ, ਜਿਹੜੇ ਸਿਰਫ਼ ਉਹਨਾਂ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਕਾਫ਼ੀ ਨਹੀਂ ਹੁੰਦੇ, ਸਗੋਂ ਇਹ ਚੋਖੀ ਮਿਕਦਾਰ ਮੰਡੀ ਵਿਚ ਵੀ ਵੇਚ ਸਕਦੇ ਹਨ।

ਹੁਣ ਤਕ ਮੈਂ ਸਾਂਝੇ ਕਿਸਾਨ ਦੀਆਂ ਉਹ ਆਮਦਨਾਂ ਦਸੀਆਂ ਹਨ, ਜਿਹੜੀਆਂ ਉਹਨਾਂ ਨੂੰ ਸਾਂਝੇ, ਸਾਂਝੇ ਖੇਤ ਅਦਾਰੇ ਤੋਂ, ਉਹਨਾਂ ਦੀ ਖੁਸ਼ਹਾਲੀ ਦੇ ਮੁਖ ਸੋਮਿਆਂ ਤੋਂ ਹੁੰਦੀਆਂ ਹਨ। ਇਹਦੇ ਇਲਾਵਾ ਸਾਂਝੇ ਖੇਤ ਵਿਚਲੇ ਹਰ ਟੱਬਰ ਕੋਲ ਆਪਣੀ ਜ਼ਾਤੀ ਵਰਤੋਂ ਲਈ ਸਵਾ ਏਕੜ ਜ਼ਮੀਨ ਤਕ ਦਾ ਆਪਣਾ ਪਲਾਟ ਹੈ, ਆਪਣੀ ਜ਼ਾਤੀ ਮਾਲਕੀ ਹੇਠ ਇਕ ਰਿਹਾਇਸ਼ੀ ਘਰ, ਵਾੜ੍ਹੇ ਤੇ ਸ਼ੈਡ, ਇਕ ਗਾਂ, ਭੇਡਾਂ, ਸੂਰ ਤੇ ਮੁਰਗੀਆਂ ਹਨ। ਅਜ ਸਾਂਝੇ ਖੇਤ ਵਿਚ ਤੁਹਾਨੂੰ ਕੋਈ ਵੀ ਅਜਿਹਾ ਟੱਬਰ ਨਹੀਂ ਮਿਲੇਗਾ, ਜਿਦ੍ਹੇ ਕੋਲ ਗਾਂ ਨਹੀਂ । ਕਈ ਸਾਂਝੇ ਕਿਸਾਨ ਸ਼ਹਿਦ ਦੀਆਂ ਮੱਖੀਆਂ ਪਾਲਦੇ ਹਨ ਤੇ ਉਹਨਾਂ ਕੋਲ ਦਸ ਦਸ ਜਾਂ ਇਸ ਤੋਂ ਵਧੇਰੇ ਸ਼ਹਿਦ-ਛੱਤੇ ਹਨ।

ਸਾਂਝੇ ਕਿਸਾਨ ਆਪਣੀ ਨਿੱਜੀ ਵਰਤੋਂ ਵਾਲੇ ਪਲਾਟ ਵਿਚ ਫਲਾਂ ਦੇ ਰੁਖ, ਬੇਰੀਆਂ ਤੇ ਸਬਜ਼ੀਆਂ ਲਾਂਦੇ ਹਨ। ਸਾਂਝੇ ਖੇਤ ਕੋਲ ਫਲਾਂ ਦੀ ਆਪਣੀ ਨਰਸਰੀ ਹੈ। ਸੰਨ ੧੯੫੩ ਦੀ ਪਤਝੜ ਵਿਚ ਸਾਂਝੇ ਖੇਤ ਦੇ ਪ੍ਰਬੰਧ ਨੇ ਸਾਂਝੇ ਕਿਸਾਨਾਂ ਦੇ ਹਜ਼ਾਰਾਂ ਤੋਂ ਵਧੇਰੇ ਟਬਰਾਂ ਨੂੰ ਆਪਣੇ ਘਰ ਵਾਲੇ ਪਲਾਟਾਂ ਵਿਚ ਫਲਦਾਰ ਦਰਖ਼ਤ ਲਾਣ ਲਈ ਬੂਟੇ ਦਿਤੇ।

ਇਹਦਾ ਭਾਵ ਇਹ ਹੈ ਕਿ ਸਾਂਝੇ ਖੇਤ ਦੀ ਸਾਂਝੀ ਵਾਹੀ ਤੋਂ ਹੋਣ ਵਾਲੀ ਚੋਖੀ ਆਮਦਨ ਤੋਂ ਇਲਾਵਾ, ਮੈਂਬਰ ਕਿਸਾਨਾਂ ਕੋਲ ਆਪਣੀ ਜ਼ਾਤੀ ਲੋੜਾਂ ਲਈ ਤੇ ਮੰਡੀ ਵਿਚ ਵੇਚਣ ਲਈ ਚੋਖੀਆਂ ਵਖ ਵਖ ਚੀਜ਼ਾਂ ਵੀ ਹੁੰਦੀਆਂ ਹਨ। ਸਾਂਝੇ ਖੇਤ ਵਿਚ ਕੇਂਦਰੀ ਹਿਸੇ ਤੋਂ ੯ †ਕਿਲੋ ਮੀਟਰ ਦੇ ਫਾਸਲੇ ਤੇ ਗੋਰੋਦਤਸ ਵਿਚ ਵਡੀ ਮੰਡੀ

---

†੧ ਕਿਲੋਮੀਟਰ=੧੦੯੩ ਗਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਸਾਂਝੇ ਕਿਸਾਨ ਆਪਣੀ ਫਸਲ ਗੋਰਕੀ ਵਿਚ ਵੀ ਵੇਚਦੇ ਹਨ, ਜਿਥੇ ਸਾਰਾ ਸਾਲ ਰੇਲ ਗੱਡੀ ਰਾਹੀਂ ਤੇ ਗਰਮੀਆਂ ਵਿਚ ਪਾਣੀ ਰਾਹੀਂ ਵੀ ਜਾਇਆ ਜਾ ਸਕਦਾ ਹੈ। ਸਾਂਝੇ ਕਿਸਾਨ ਦੇ ਕਹਿਣ ਤੇ ਖੇਤ ਦੇ ਪ੍ਰਬੰਧਕ ਸਾਂਝੇ ਖੇਤ ਦੀ ਮੰਡੀ ਵਿਚ ਚੀਜ਼ਾਂ ਲਜਾਣ ਲਈ ਟਰੱਕਾਂ ਤੇ ਗੱਡਿਆਂ ਦਾ ਪ੍ਰਬੰਧ ਕਰ ਦੇਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਸਾਂ ਬੱਚਿਆਂ ਵਾਲਾ ਤੂਮਾਨੋਵ ਟੱਬਰ

ਸਾਂਝੇ ਖੇਤ ਦੇ ਹਿਸਾਬੀਏ ਨਾਲ ਰਲ ਕੇ ਅਸਾਂ ਕਿੰਨੇ ਹੀ ਵਖ ਵਖ ਕਿਸਾਨਾਂ ਦੇ ਰੀਕਾਰਡ ਵੇਖੇ, ਜਿਨ੍ਹਾਂ ਵਿਚ ਉਹਨਾਂ ਦੇ ਕਮਾਏ ਕੰਮ-ਦਿਹਾੜੀਆਂ ਦੇ ਯੂਨਟ ਤੇ ਰਕਮਾਂ ਤੇ ਫਸਲਾਂ ਵਿਚ ਉਹਨਾਂ ਦੀਆਂ ਆਮਦਨਾਂ ਦਸੀਆਂ ਹੋਈਆਂ ਸਨ।

"ਤੁਸੀਂ ਮੈਨੂੰ ਕਿਸੇ ਬਹੁਤੇ ਬੱਚਿਆਂ ਵਾਲੇ ਟੱਬਰ ਦਾ ਹਿਸਾਬ ਵਿਖਾ ਸਕਦੇ ਹੋ ?" ਮੈਂ ਹਿਸਾਬੀਏ ਤੋਂ ਪੁਛਿਆ।

"ਜ਼ਰੂਰ", ਉਹਨੇ ਕਿਹਾ, "ਇਹ ਤੂਮਾਨੋਵਾਂ ਦਾ ਹਿਸਾਬ ਏ। ਇਸ ਟੱਬਰ ਵਿਚ ੧੨ ਜੀ ਨੇ।"

ਤੂਮਾਨੋਵਾਂ ਨੇ ਇਕ ਸਾਲ ਵਿਚ ਕੰਮ-ਦਿਹਾੜੀਆਂ ਦੇ ੯੯੮ ਯੂਨਟ ਕਮਾਏ ਹਨ ਤੇ ਸਾਂਝੇ ਖੇਤ ਤੋਂ ਦੋ *ਟਨ ਦਾਣੇ, ੮ ਟਨ ਤੋਂ ਵਧੇਰੇ ਆਲੂ, ੩ ਟਨ ਸਬਜ਼ੀਆਂ ਤੇ ੧੦,੦੦੦ ਰੂਬਲ ਹਾਸਲ ਕੀਤੇ ਹਨ।

ਮੇਰੀ ਉਤਸਕਤਾ ਵਧੀ ਤੇ ਮੈਂ ਪਹਿਲੇ ਮੌਕੇ ਤੂਮਾਨੋਵਾਂ ਨੂੰ ਮਿਲਣ ਗਿਆ। ਇਕ ਲੰਮੀ, ਉੱਚੀ, ਪੰਜਾਹ ਵਰ੍ਹਿਆਂ ਦੀ ਇਕ ਖੁਸ਼ ਇਸਤ੍ਰੀ, ਯੇਲੀਜ਼ਾਵੇਤਾ ਨਿਕੋਲੋਯੇਵਨਾ ਤੂਮਾਨੋਵਾ ਕਿਸ ਕੰਮ ਦਫ਼ਤਰ ਆਈ। ਜਦੋਂ ਉਹਨੂੰ ਪਤਾ ਲਗਾ ਕਿ ਮੈਂ ਉਹਨਾਂ ਦੇ ਘਰ ਆਉਣਾ ਚਾਹੁੰਦਾ ਹਾਂ, ਉਹਨੇ ਕਿਹਾ :

"ਜੀ ਆਇਆਂ ਨੂੰ, ਅਸੀਂ ਲਾਗੇ ਹੀ ਰਹਿੰਦੇ ਹਾਂ।"

ਜਦੋਂ ਅਸੀਂ ਖੁੱਲੀ ਕੇਂਦਰੀ ਸੜਕ ਤੋਂ ਕਿੰਨੇ ਹੀ ਨਵਿਆਂ

*੧ ਟਨ=੨੮ ਮਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਕਾਨਾਂ ਅਗੋਂ ਲੰਘੇ, ਮਰੀ ਸਾਥਣ ਨੇ ਮੈਨੂੰ ਮਾਨ-ਭਰੇ ਲਹਿਜੇ ਨਾਲ ਕਿਹਾ ਕਿ ਉਹ ਇਕ ਮਾਂ-ਹੀਰੋਇਨ ਸੀ । ਇਹ ਖਤਾਬ ਉਹਨੂੰ ਸੋਵੀਅਤ ਹਕੂਮਤ ਨੇ ੧੦ ਬੱਚੇ ਜੰਮਣ ਤੇ ਪਾਲਣ ਦੀ ਪ੍ਰਸੰਸਾ ਵਜੋਂ ਦਿਤਾ ਸੀ। ਤੂਮਾਨੋਵਾ ਇਕ ਖੁਸ਼ ਮਾਂ ਹੈ।

ਦੋ ਵਡੇ ਘਰ ਨਹੀਂ ਹਨ : ਲਿਊਨਿਦ ਫੌਜ ਵਿਚ ਹੈ, ਜ਼ੀਨੀਆ ਵਿਆਹੀ ਗਈ ਹੈ ਤੇ ਆਪਣੇ ਪਤੀ ਕੋਲ ਰਹਿੰਦੀ ਹੈ । ਬਾਕੀ ਦੇ ਅਠ ਬੱਚੇ ਘਰ ਮਾਪਿਆਂ ਕੋਲ ਰਹਿੰਦੇ ਹਨ।

ਬੱਚਿਆਂ ਦਾ ਪਿਤਾ, ਸੇਮਯੋਨ ਤੂਮਾਨੋਵ ਖੇਤ-ਵਾਹੀ ਵਿਚ ਲਗਾ ਹੋਇਆ ਹੈ, ਤਾਤਿਆਨਾ ਵਛੇਰੇ ਪਾਲਦੀ ਹੈ ਤੇ ਉਹਦਾ ਵੀਰ ਈਵਾਨ ਮਸ਼ੀਨ ਤੇ ਟਰੈਕਟਰ ਸਟੇਸ਼ਨ ਵਿਚ ਟਰੈਕਟਰ ਡਰਾਈਵਰ ਹੈ।

ਮਾਂ ਯੇਲੀਜ਼ਾਵੇਤਾ ਸਾਂਝੇ ਖੇਤ ਵਿਚ ਸਾਰਾ ਦਿਨ ਕੰਮ ਨਹੀਂ ਕਰਦੀ, ਕਿਉਂਕਿ ਉਹਨੂੰ ਘਰ ਦਾ ਕੰਮ ਕਾਜ ਵੀ ਕਰਨਾ ਹੁੰਦਾ ਹੈ ਤੇ ਛੋਟੇ ਬੱਚਿਆਂ ਦੀ ਸੰਭਾਲ ਵੀ ਕਰਨੀ ਹੁੰਦੀ ਹੈ । ਵਿਤਾਲੀ ਤੇ ਯੂਰੀ ਸਕੂਲ ਜਾਂਦੇ ਹਨ । ਸਕੂਲ ਦੀਆਂ ਛੁੱਟੀਆਂ ਵਿਚ ਉਹ ਵੀ ਵਗ ਚਾਰਨ ਵਿਚ ਖੇਤ ਦੀ ਸਹਾਇਤਾ ਕਰਦੇ ਹਨ । ਮਿਸਾਲ ਲਈ, ਪਿਛਲੀ ਗਰਮੀਆਂ ਵਿਚ ਉਹਨਾਂ ਇਸ ਸਦਕਾ ਕੰਮ-ਵਿਹਾੜੀ ਦੇ ੧੦੦ ਯੂਨਟ ਕਮਾਏ। ਸਭ ਤੋਂ ਛੋਟੇ ਚਾਰ ਅਜੇ ਬਾਲ ਹਨ।

"ਇਹ ਏ ਸਾਡਾ ਘਰ," ਯੇਲੀਜ਼ਾਵੇਤਾ ਤੂਮਾਨੋਵਾ ਨੇ ਕਿਹਾ, "ਅੰਦਰ ਲੰਘ ਆਓ।"

ਘਰ ਦੇ ਛੱਜੇ ਤੇ ਫਾਟਕ ਪੇਚਦਾਰ ਲਕੜੀ ਦੇ ਕੰਮ ਨਾਲ ਸਜੇ ਹਏ ਸਨ। ਸਾਹਮਣੇ ਬਾਗ ਵਿਚ ਪਿਛੇ ਜਹੇ ਲਾਏ ਕਿੱਕਰ ਤੇ ਫੁਲਦਾਰ ਬਨਕਸ਼ਈ ਬੂਟੇ ਨਜ਼ਰ ਆ ਰਹੇ ਸਨ। ਫੁਲਾਂ ਦੀ ਇਕ ਕਿਆਰੀ ਕੋਲ ਇਕ ਵਡਾ ਗੋਲ ਮੇਜ਼ ਗੱਡਿਆ ਹੋਇਆ ਸੀ। ਟੱਬਰ ਸ਼ਾਮ ਦੀ ਚਾਹ ਏਥੇ ਪੀਂਦਾ ਹੈ।

ਮੈਂ ਆਪਣੀ ਮੇਜ਼ਬਾਨ ਦੇ ਮਗਰ ਡਿਓੜੀ ਵਿਚ ਗਿਆ।

"ਤੁਹਾਨੂੰ ਮਕਾਨ ਬਣਾਇਆਂ ਚੋਖਾ ਚਿਰ ਹੋ ਗਿਆ ਹੋਵੇਗਾ?" ਮੈਂ ਪੁਛਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਸਾਨੂੰ ਏਥੇ ਰਹਿੰਦਿਆਂ ਦੋ ਸਾਲ ਹੋ ਗਏ ਨੇ । ਇਹ ਮਹਿੰਗਾ ਪਰ ਵਡਾ ਤੇ ਚੰਗਾ ਘਰ ਏ ।" ਉਹਨੇ ਕਿਹਾ ।

ਅਸੀਂ ਘਰ ਅੰਦਰ ਵੜੇ । ਦੋ ਮੁੰਡੇ, ਵਿਤਾਲੀ ਤੇ ਯੂਰੀ ਮੇਜ਼ ਦੁਆਲੇ ਬੈਠੇ ਸਨ । ਕਦੀ ਕਦੀ ਉਹ ਕਿਤਾਬਾਂ ਤੋਂ ਧਿਆਨ ਚੁਕ ਘਰ ਆਏ ਓਪਰੇ ਆਦਮੀ ਵਲ ਵੇਖ ਲੈਂਦੇ । ਸਭ ਤੋਂ ਛੋਟੇ ਬਚੇ ਕਿੰਡਰ-ਗਾਰਟਨ ਵਿਚ ਸਨ । ਪਿਓ ਖੇਤ ਵਿਚ ਸੀ ।

ਮੈਂ ਕਮਰੇ ਤੇ ਮੈਦਾਨ ਵੇਖਣ ਦੀ ਆਗਿਆ ਮੰਗੀ ।

"ਅਜੇ ਅਸੀਂ ਮਨ-ਚਾਹਿਆ ਸਾਰਾ ਕੁਝ ਨਹੀਂ ਲੈ ਸਕੇ । ਇਕ ਸਾਲ ਵਿਚ ਲਿਆ ਵੀ ਤੇ ਨਹੀਂ ਜਾਂਦਾ ।" ਮੇਰੀ ਮੇਜ਼ਬਾਨ ਨੇ ਮੁਆਫ਼ੀ ਮੰਗਦਿਆਂ ਕਿਹਾ ।

ਘਰ ਵਿਚ ਕੁਝ ਰੌਸ਼ਨ ਕਮਰੇ ਸਨ, ਇਕ ਰਸੋਈ, ਇਕ ਅਗਲਾ ਕਮਰਾ ਸੀ । ਕੰਧ ਤੇ ਕੁਝ ਤਸਵੀਰਾਂ ਲਗੀਆਂ ਹੋਈਆਂ ਸਨ, ਇਕ ਨਵੀਂ ਕਪੜਿਆਂ ਦੀ ਅਲਮਾਰੀ, ਇਕ ਰੇਡੀਓ, ਕਿਤਾਬਾਂ ਨਾਲ ਭਰਿਆ ਇਕ ਸ਼ੈਲਫ਼ ਪਿਆ ਸੀ । ਮਾਪੇ ਤੇ ਓਹਨਾਂ ਦੀ ਧੀ ਤਾਤਿਆਨਾ ਖੇਤ ਵਿਚ ਐਗਰੋਟੈਕਨੀਕਲ ਕੋਰਸ ਦੀ ਪੜ੍ਹਾਈ ਕਰਦੇ ਹਨ ਤੇ ਸ਼ੈਲਫ਼ ਉਤੇ ਕਿੰਨੀਆਂ ਸਾਰੀਆਂ ਪਾਠ-ਪੁਸਤਕਾਂ ਪਈਆਂ ਸਨ । ਬਚਿਆਂ ਦੇ ਸੌਣ ਵਾਲੇ ਕਮਰੇ ਬੜੇ ਸਾਫ਼ ਸੁਥਰੇ ਸਨ ।

ਸਾਡੀ ਗੱਲ ਬਾਤ ਟੱਬਰਾਂ ਦੇ ਮਾਮਲਿਆਂ, ਸਾਂਝੇ ਖੇਤ ਤੇ ਸਰਕਾਰ ਵਲੋਂ ਵਡੇ ਟੱਬਰਾਂ ਨੂੰ ਮਿਲਣ ਵਾਲੇ ਲਾਭਾਂ ਦੁਆਲੇ ਘੁੰਮਦੀ ਰਹੀ । ਯੇਲੀਜ਼ੇਵਤਾ ਨਿਕੋਲਾਯੇਵਨਾ ਇਸ ਵਿਸ਼ੇ ਤੇ ਗੱਲਾਂ ਕਰਦੀ ਲੋਰ ਵਿਚ ਆ ਗਈ ।

"ਜੋ ਕੁਝ ਵੀ ਸਾਂਝੇ ਖੇਤ ਨੇ ਸਾਡੇ ਲਈ ਕੀਤਾ ਹੈ, ਅਸੀਂ ਉਹਦੀ ਪ੍ਰਸੰਸਾ ਕਰਦੇ ਹਾਂ । ਇਹ ਘਰ ਹੀ ਵੇਖੋ, ਜਿਹੜਾ ਅਸੀਂ ਉਸਾਰਿਆ ਏ । ਸਾਡੇ ਬਚੇ ਚੰਗੇ ਕਪੜੇ ਪਾਂਦੇ ਨੇ ਤੇ ਫਿਰ ਸਰਕਾਰ ਤੋਂ ਸਾਨੂੰ ਚੋਖੀ ਸਹਾਇਤਾ ਮਿਲਦੀ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਹੁਣ ਤੁਸੀਂ ਆਪ ਹੀ ਨਿਤਾਰੋ। ਸੰਨ ੧੯੫੦ ਵਿਚ ਜਦੋਂ ਮੇਰਾ ਨਾਵਾਂ ਬੱਚਾ ਹੋਇਆ, ਮੈਨੂੰ ਸਰਕਾਰ ਤੋਂ ੧,੭੫੦ ਰੂਬਲ ਯਕਮੁਸ਼ਤ ਮਿਲੇ ਤੇ ਇਕ ਸਾਲ ਪਿਛੋਂ ਜਦੋਂ ਮੇਰਾ ਦਸਵਾਂ ਜੰਮਿਆ, ਮੈਨੂੰ ੧੭੫੦ ਰੂਬਲਾਂ ਦੀ ਇਕ ਹੋਰ ਰਕਮ ਮਿਲੀ। ਜਦੋਂ ਤੋਂ ਮੈਨੂੰ ਮਾਂ-ਹੀਰੋਇਨ ਦਾ ਖਿਤਾਬ ਮਿਲਿਆ ਏ, ਮੈਨੂੰ ਸਰਕਾਰ ਤੋਂ ੨੫੦ ਰੂਬਲ ਮਾਹਵਾਰ ਮਿਲੀ ਜਾ ਰਹੇ ਨੇ।"

ਸੰਖੇਪ ਜਿਹੇ ਠਹਿਰਾ ਪਿਛੋਂ ਉਹ ਬੋਲੀ ਗਈ :

"ਬਚਿਆਂ ਨੂੰ ਵੇਖ ਖੁਸ਼ੀ ਹੁੰਦੀ ਏ : ਸਾਰੇ ਦੇ ਸਾਰੇ ਨਰੋਏ ਤ ਹਸੂੰ ਹਸੂੰ ਕਰਦੇ ਨੇ ਤੇ ਉਹਨਾਂ ਅਗੇ ਸਾਰੇ ਰਾਹ ਖੁਲ੍ਹੇ ਨੇ। ਇਹ ਉਂਜ ਨਹੀਂ ਜਿਵੇਂ ਇਨਕਲਾਬੋਂ ਪਹਿਲਾਂ ਹੋਇਆ ਕਰਦਾ ਸੀ, ਅਸੀਂ ਪਰਾਲੀ ਦੀਆਂ ਛੱਤਾਂ ਵਾਲੀਆਂ ਕੁੱਲੀਆਂ ਵਿਚ ਰਹਿੰਦੇ ਸਾਂ ਤੇ ਵਛੇਰੇ ਤੇ ਮੇਮਣੇ ਵੀ ਘਰ ਵਿਚ ਹੀ ਹੁੰਦੇ ਸਨ।"

ਅਸੀਂ ਵਿਹੜੇ ਵਿਚ ਗਏ ਤੇ ਮੈਦਾਨਾਂ ਵਿਚੋਂ ਲੰਘੇ। ਟਬਰ ਕੋਲ ਆਪਣੀ ਇਕ ਗਾਂ, ਇਕ ਵੱਛਾ, ਪੰਜ ਭੇਡਾਂ, ੧੧ ਹੰਸ ਤੇ ਦੋ ਦਰਜਨ ਮੁਰਗੀਆਂ ਹਨ। ਮੈਦਾਨ ਵਿਚ ਛੋਟਾ ਜਿਹਾ ਫਲਦਾਰ ਬਾਗ਼ ਹੈ ਜਿਦ੍ਹੇ ਵਿਚ ੨੦ ਖੁਰਮਾਨੀਆਂ ਦੇ ਬੂਟੇ, ਦੋ ਦਰਜਨ ਚੈਰੀ ਤੇ ਰਸਭਰੀ ਦੇ ਰੁਖ ਤੇ ਕਿਸ਼ਮਿਸ਼ ਤੇ ਅੰਗੂਰ ਦੇ ਬੂਟੇ ਹਨ। ਤੇ ਫਲਦਾਰ ਬਾਗ਼ ਵਿਚ ਸ਼ਹਿਦ ਦੇ ਸਤ ਛੱਤੇ ਹਨ।

ਤੂਮਨਾਵ ਸਾਂਝੇ ਖੇਤ ਤੋਂ ਰਕਮ ਤੇ ਫਸਲ, ਆਪਣੇ ਘਰ ਦੇ ਪਲਾਟ ਦੀ ਫਸਲ ਦੀ ਵਿਕਰੀ ਤੋਂ ਮਿਲੀ ਰਕਮ, ਤੇ ਟੱਬਰ ਨੂੰ ਮਿਲ ਰਹੀ ਸਰਕਾਰੀ ਸਹਾਇਤਾ ਸਦਕਾ ਚੰਗੇ ਰੱਜੇ ਪੁਜੇ ਹਨ।

ਉਹਨਾਂ ਨੂੰ ਬਚਿਆਂ ਦੇ ਦੁਧ, ਮਖਨ, ਆਂਡਿਆਂ, ਮਾਸ, ਬੈਰੀਆਂ ਤੇ ਸ਼ਹਿਦ ਉਤੇ ਪੈਸੇ ਖਰਚਣ ਦੀ ਲੋੜ ਨਹੀਂ—ਇਹ ਸਾਰਾ ਕੁਝ ਉਹਨਾਂ ਦੇ ਘਰ ਹੀ ਹੁੰਦਾ ਹੈ। ਸੋਵੀਅਤ ਯੂਨੀਅਨ ਵਿਚ ਸਤ ਵਰ੍ਹਿਆਂ ਦੀ ਪੜ੍ਹਾਈ ਮੁਫ਼ਤ ਹੈ ਤੇ ਉਹਨਾਂ ਨੂੰ ਪੜ੍ਹਾਈ ਦੀਆਂ ਫੀਸਾਂ ਵੀ ਨਹੀਂ ਦੇਣੀਆਂ ਹੁੰਦੀਆਂ। ਤਾਤਿਆਨਾ ਤੇ ਈਵਾਨ ਨੇ ਪਿੰਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਹੀ ਸਕੂਲ ਪਾਸ ਕਰ ਲਿਆ। ਪਿੰਡ ਦੇ ਜੁਆਨ ਲੋਕ ਪੜ੍ਹੇ ਗੁੜ੍ਹੇ ਤੇ ਸਭਿਯ ਲੋਕ ਬਣ ਵਧ ਰਹੇ ਹਨ ਤੇ ਬਚਪਣ ਤੋਂ ਹੀ ਸਾਇੰਸ ਤੇ ਐਂਜਿਨੀਅਰੀ ਦੀ ਰੁਚੀ ਬਣਾ ਰਹੇ ਹਨ।

ਇਸ ਲਈ ਮੈਨੂੰ ਸੁਖਾਲੇ ਹੀ ਸਮਝ ਆ ਗਈ ਕਿ ਇਹ ਸਾਧਾਰਨ ਕਿਸਾਨ ਇਸਤਰੀ ਖੁਸ਼ ਸੀ ਤੇ ਉਹਨੂੰ ਆਪਣੇ ਵਡੇ ਟਬਰ ਦਾ ਮਾਨ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੇ ਖੇਤ ਦੇ ਜੀਵਨ ਦੀਆਂ ਅਨੋਖੀਆਂ ਝਾਕੀਆਂ

ਮੇਰੀ ਇਕ ਬ੍ਰਿਧ ਸਾਂਝੇ ਕਿਸਾਨ, ਪਾਓਤਾਰ ਕੁਰੀਤਸਿਨ ਨਾਲ ਚੰਗੀ ਲੰਮੀ ਗੱਲ ਬਾਤ ਹੋਈ। ਉਹ ਹਸ-ਮੁਖ, ਤੇ ਹਾਸ-ਰਸ ਦੀ ਰੁਚੀ ਵਾਲਾ ਮਨੁਖ ਸੀ। ਉਹਨੂੰ ਪੁਰਾਣਾ ਜੀਵਨ ਚੇਤੇ ਸੀ ਤੇ ਇਸ ਲਈ ਪਿੰਡ ਵਿਚ ਵਾਪਰੀਆਂ ਤਬਦੀਲੀਆਂ ਦੀ ਪ੍ਰਸੰਸਾ ਉਹ ਹੋਰ ਵੀ ਜ਼ਿਆਦਾ ਕਰਦਾ ਸੀ।

"ਹਰ ਚੀਜ਼ ਬਦਲ ਗਈ ਏ," ਉਹਨੇ ਕਿਹਾ, "ਧਰਤੀ ਤੇ ਲੋਕ, ਖਾਸ ਤੌਰ ਤੇ ਲੋਕ, ਮਨੁਖੀ ਸੁਭਾ ਬਿਲਕੁਲ ਹੋਰ ਦਾ ਹੋਰ ਹੋ ਗਿਆ ਏ। ਪੁਰਾਣੇ ਦਿਨੀਂ ਹਰ ਇਕ ਨੂੰ ਆਪਣੇ ਕੰਮਾਂ ਦੀ ਪਈ ਹੋਈ ਸੀ। ਜੇ ਗਵਾਂਢੀ ਦੁਖੀ ਹੁੰਦਾ, ਓਦੋਂ ਤਕ ਤੁਹਾਨੂੰ ਕੋਈ ਪਰਵਾਹ ਨਾ ਹੁੰਦੀ, ਜਦੋਂ ਤਕ ਤੁਸੀਂ ਜਿਊਂਦੇ ਰਹਿ ਸਕਦੇ ਤੇ ਆਪਣੇ ਬਚਿਆਂ ਦੇ ਢਿਡ ਭਰ ਸਕਦੇ। ਪਰ ਅਜ ਅਸੀਂ ਸਾਰੇ ਰਲ ਕੇ ਕੰਮ ਕਰਦੇ ਹਾਂ। ਇਕ ਦੂਜੇ ਦੀ ਮਦਦ ਕਰਦੇ ਹਾਂ, ਤੇ ਮੇਰੇ ਗਵਾਂਢੀ ਦੀ ਪੀੜ ਮੇਰੀ ਪੀੜ ਏ.........ਜੀਊਣਾ ਇੰਜ ਚੰਗੇਰਾ ਏ। ਇਹ ਸੁਖਾਲਾ ਤੇ ਖੁਸ਼ੀ-ਭਰਿਆ ਏ........."

ਗੱਲਾਂ ਬਾਤਾਂ ਕਰਦਿਆਂ ਮੈਂ ਕਿਸਾਨਾਂ ਦਾ ਮਾਨ, ਭਵਿਖ ਵਿਚ ਉਹਨਾਂ ਦਾ ਵਿਸ਼ਵਾਸ ਮਹਿਸੂਸ ਕਰ ਸਕਦਾ ਸਾਂ, ਇਕ ਅਜਿਹੇ ਵਿਸ਼ਵਾਸ ਦਾ ਅਹਿਸਾਸ, ਜਿਹੜਾ ਕਿਰਤੀ ਲੋਕਾਂ ਵਿਚ ਓਦੋਂ ਪੈਦਾ ਹੁੰਦਾ ਹੈ, ਜਦੋਂ ਸਾਰਾ ਕੁਝ ਠੀਕ ਚਲ ਰਿਹਾ ਹੋਵੇ। "ਪੇਂਡੂ ਜੀਵਨ ਦਾ ਝਲ", ਹਨੇਰੇ ਤੇ ਅਣ-ਗਹਿਲੀ ਇਤਿਹਾਸ ਦੀ ਦੁਨੀਆਂ ਵਿਚ ਗੁਆਚ ਗਏ ਹਨ। ਨਵਾਂ ਵਾਹੀਕਾਰ, ਸਾਂਝਾ ਕਿਸਾਨ ਭਰਪੂਰ ਜੀਵਨ ਜਿਊਂਦਾ ਹੈ, ਜਨਤਕ ਕੰਮਾਂ ਵਿਚ ਦਿਲਚਸਪੀ ਲੈਂਦਾ ਹੈ। ਉਹਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਉਹ ਹੋ[illegible] ਨੂੰ ਵਿਦਿਆ, ਆਪਣਾ ਸਭਿਆਚਾਰਕ ਨਜ਼ਰੀਆ ਵਿਸ਼ਾਲ ਕਰਨ ਤੇ ਮਾਅਕੂਲ ਤਫ਼ਰੀਹ ਲਈ ਸਾਰੇ ਮੌਕੇ ਜੁੜਦੇ ਹਨ।

ਸਾਂਝੇ ਖੇਤ ਦੇ ਇਲਾਕੇ ਵਿਚ ਦੋ ਪਰਾਇਮਰੀ ਸਕੂਲ ਤੇ ਇਕ ਸਤ-ਸਾਲਾ ਸੈਕੰਡਰੀ ਸਕੂਲ ਹੈ। ਸਕੂਲ ਵਿਚ ੩੩੦ ਵਿਦਿਆਰਥੀ ਹਨ— ਸਕੂਲੀ ਉਮਰ ਵਾਲੇ ਸਾਰੇ ਮੁੰਡੇ ਕੁੜੀਆਂ ਪੜ੍ਹ ਰਹੇ ਹਨ। ੧੪ ਉਸਤਾਦ ਉਹਨਾਂ ਨੂੰ ਪੜ੍ਹਾਈ ਕਰਾਂਦੇ ਹਨ। ਹਰ ਮੁੰਡੇ ਕੁੜੀ ਨੂੰ ਸਕੂਲ ਦੀ ਸਤ-ਸਾਲਾ ਵਿਦਿਆ ਪਿੰਡ ਵਿਚ ਹੀ ਮਿਲਦੀ ਹੈ।

ਪਿੰਡ ਦੇ ਸਕੂਲ ਵਿਚ ਚੋਖੇ ਸਾਮਾਨ ਨਾਲ ਭਰੀਆਂ ਫ਼ਿਜ਼ਿਕਸ ਤੇ ਕੈਮਿਸਟਰੀ ਦੀਆਂ ਲੈਬਾਰਟਰੀਆਂ ਹਨ। ਜ਼ਮੀਨ ਦਾ ਇਕ ਪਲਾਟ ਹੈ, ਜਿਥੇ ਬਚੇ ਪੌਦਿਆਂ ਨਾਲ ਵਖ ਵਖ ਤਜਰਬੇ ਕਰਦੇ ਹਨ ਤੇ ਬਨਾਸਪਤੀ-ਵਗਿਆਨ ਦੇ ਉਸਤਾਦ ਜਾਂ ਖੇਤ ਦੇ ਖੇਤੀ-ਮਾਹਿਰ ਦੀ ਹਦਾਇਤ ਹੇਠ ਐਗਰੋ-ਟੈਕਨੀਕ ਦਾ ਗਿਆਨ ਪ੍ਰਾਪਤ ਕਰਦੇ ਹਨ। ਸਕੂਲ ਵਿਚ ਬਚਿਆਂ ਨੂੰ ਰੂਸੀ ਜ਼ਬਾਨ, ਹਿਸਾਬ, ਸਾਹਿਤ, ਇਤਿਹਾਸ ਤੇ ਜੁਗਰਾਫ਼ੀਏ ਦੀ ਸੰਪੂਰਨ ਬੁਨਿਆਦੀ ਪੜ੍ਹਾਈ ਕਰਾਈ ਜਾਂਦੀ ਹੈ ਤੇ ਉਹਨਾਂ ਨੂੰ ਸੋਵੀਅਤ ਐਗਰੋ ਬਾਇਆਲੋਜੀ ਦੀਆਂ ਸਜਰੀਆਂ ਜਿੱਤਾਂ ਤੇ ਮੁਖੀ ਸਾਂਝੇ ਕਿਸਾਨਾਂ ਦੇ ਤਜਰਬੇ ਦਾ ਗਿਆਨ ਕਰਾਇਆ ਜਾਂਦਾ ਹੈ।

ਕਿੰਨੇ ਹੀ ਕਿਸਾਨ ਮੁੰਡੇ ਸਤ-ਸਾਲਾ ਸਕੂਲ ਦੀ ਪੜ੍ਹਾਈ ਪਾਸ ਕਰਕੇ ਅਗੋਂ ਪੜ੍ਹੀ ਜਾਂਦੇ ਹਨ ਤੇ ਉਸਤਾਦ, ਡਾਕਟਰ, ਐਂਜਿ- ਨੀਅਰ ਜਾਂ ਖੇਤੀ-ਮਾਹਿਰ ਬਣ ਜਾਂਦੇ ਹਨ। ਮੈਂ ਕੁਝ ਮਿਸਾਲਾਂ ਦੇ ਸਕਦਾ ਹਾਂ। ਨੀਨਾ ਤੁਮਾਨੋਵਾ ਤੇ ਅਲੈਗਜ਼ਾਂਦਰਾ ਗੋਲੀਕੋਵਾ ਨੇ ਗੋਰਕੀ ਯੂਨੀਵਰਸਟੀ ਵਿਚ ਹਿਸਾਬ ਵਿਦਿਆ ਦੇ ਵਿਭਾਗ ਵਿਚ ਪੜ੍ਹਾਈ ਪਾਸ ਕੀਤੀ। ਓਲਗਾ ਲੋਕਤੇਵਾ ਨੇ ਇਕ ਪੋਲੀ-ਟੈਕਨੀਕਲ ਇਨਸਟੀਟਿਊਟ ਵਿਚ ਵਿਦਿਆ ਪਰਾਪਤ ਕੀਤੀ। ਆਈ. ਜ਼ੈਲੇਜ਼ਨੋਵ ਨੇ, ਜਿਹੜਾ ਹੁਣ ਕਰਾਸਨੀ ਮਾਯਾਕ ਸਾਂਝੇ ਖੇਤ ਦਾ ਪਰਧਾਨ ਹੈ, ਜ਼ਰਾਇਤੀ ਇਨਸਟੀਟਿਊਟ ਦੀ ਪੜ੍ਹਾਈ ਪਾਸ ਕੀਤੀ ਤੇ ਐਨ. ਸਰਗਏਯੇਵ ਸਰੀਰਕ ਕਲਚਰ ਦੇ ਇਨਸਟੀਟਿਊਟ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਂਝੇ ਖੇਤ ਦੇ ਸਤ-ਸਾਲਾ ਸਕੂਲ ਵਿਚ ਫ਼ਿਜ਼ਕਸ ਦੀ ਕਲਾਸ ਲਗੀ ਹੋਈ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੜ੍ਹਿਆ । ਸੰਨ ੧੯੫੨ ਦੀ ਪਤ ਝੜ ਰੁੱਤੇ ਮੁੰਡੇ ਕੁੜੀਆਂ ਦਾ ਇਕ ਗਰੁਪ ਗੋਰਕੀ ਦੇ ਜ਼ਰਾਇਤੀ ਇਨਸਟੀਟਿਊਟ ਵਿਚ ਦਾਖ਼ਲ ਹੋਇਆ । ਬਹੁਤ ਸਾਰੇ ਕਾਲਜ ਵਿਦਿਆਰਥੀ ਉਸ ਦਿਨ ਦੇ ਸੁਪਨੇ ਲੈ ਰਹੇ ਹਨ, ਜਦੋਂ ਉਹ ਖੇਤੀ-ਮਾਹਿਰ, ਜ਼ੂ-ਟੈਕਨੀਸ਼ਨ ਤੇ ਡੰਗਰ-ਡਾਕਟਰ ਬਣ ਕੇ ਸਾਂਝੇ ਖੇਤ ਨੂੰ ਪਰਤਣਗੇ ।

<u>ਪਿੰਡ ਦਾ ਦਵਾ ਖਾਨਾ</u> — ਪਿੰਡ ਦੀ ਇਕ ਕੇਂਦਰੀ ਸੜਕ ਤੇ ਲੱਕੜ ਦੀ ਬਣੀ ਹੋਈ ਇਕ ਚੰਗੀ ਵਡੀ ਇਮਾਰਤ ਹੈ, ਜਿਦ੍ਹੇ ਬਾਹਰ ਬਾਗ਼ ਹੈ । ਇਹਦੇ ਵਿਚ ਪਿੰਡ ਦਾ ਦਵਾ ਖਾਨਾ ਹੈ । ਦਵਾ ਖਾਨੇ ਵਿਚ ਫ਼ਿਜ਼ੀਓ-ਥਰਾਪਿਓਟਿਕ ਇਲਾਜ ਦੀਆਂ ਸਹੂਲਤਾਂ ਤੇ ਦਵਾਈਆਂ ਦਾ ਸਟੋਰ ਹੈ । ਡਾਕਟਰ ਤਾਮਾਰਾ ਪਰਯਾਨੀਸ਼ਨੀਕੋਵਾ ਦਵਾ ਖਾਨੇ ਵਿਚ ਮਰੀਜ਼ਾਂ ਨੂੰ ਵੇਖਦੀ ਹੈ ਤੇ ਬੀਮਾਰਾਂ ਨੂੰ ਵੇਖਣ ਉਹਨਾਂ ਦੇ ਘਰ ਵੀ ਜਾਂਦੀ ਹੈ । ਦਵਾ ਖਾਨੇ ਵਿਚ ਇਕ ਸਹਾਇਕ ਡਾਕਟਰ ਤੇ ਸਿੱਖੀ ਹੋਈ ਨਰਸ ਹੈ ।

ਸਾਂਝੇ ਕਿਸਾਨ ਯੋਗ ਤੌਰ ਤੇ ਡਾਕਟਰੀ ਕਾਮਿਆਂ ਦਾ ਸਤਿਕਾਰ ਕਰਦੇ ਹਨ । ਉਹ ਪਿੰਡ ਵਿਚ ਵਡੇ ਪੈਮਾਨੇ ਤੇ ਬੀਮਾਰੀਆਂ ਦੀ ਰੋਕ ਦੀਆਂ ਤਦਬੀਰਾਂ ਕਰਦੇ ਹਨ । ਸਫ਼ਾਈ ਬਾਰੇ ਲੈਕਚਰ ਦੇਂਦੇ ਹਨ ਤੇ ਬਚਿਆਂ ਨੂੰ ਡਾਇਪਥੇਰੀਆ, ਖਸਰੇ ਤੇ ਹੋਰਨਾਂ ਰੋਗਾਂ ਦੇ ਟੀਕੇ ਲਾਂਦੇ ਹਨ ।

ਦਵਾ ਖਾਨੇ ਵਿਚ ਮਰੀਜ਼ ਹਰ ਰੋਜ਼ ਸਵੇਰੇ ੮ ਵਜੇ ਤੋਂ ਇਕ ਵਜੇ ਬਾਅਦ ਦੁਪਹਿਰ ਤਕ ਵੇਖੇ ਜਾਂਦੇ ਹਨ । ਉਹਦੇ ਪਿਛੋਂ ਡਾਕਟਰ ਤੇ ਉਹਦਾ ਸਹਾਇਕ ਡਾਕਟਰ ਮਰੀਜ਼ਾਂ ਨੂੰ ਵੇਖਣ ਘਰ ਜਾਂਦੇ ਹਨ । ਜੇ ਮਰੀਜ਼ ਕੇਂਦਰੀ ਹਿੱਸੇ ਤੋਂ ਬਹੁਤ ਦੂਰ ਰਹਿੰਦਾ ਹੋਵੇ, ਖੇਤ ਦੇ ਪ੍ਰਬੰਧਕ ਡਾਕਟਰ ਨੂੰ ਓਥੇ ਲਜਾਣ ਲਈ ਘੋੜੇ ਜਾਂ ਮੋਟਰ ਕਾਰ ਦਾ ਪ੍ਰਬੰਧ ਕਰਦੇ ਹਨ । ਡਾਕਟਰ ਦੀ ਸਿਫਾਰਸ਼ ਤੇ ਸਾਂਝੇ ਕਿਸਾਨ ਨੂੰ ਜ਼ਿਲੇ ਦੇ ਹਸਪਤਾਲ ਵਿਚ ਘਲਿਆ ਜਾ ਸਕਦਾ ਹੈ । ਸਾਰੀ ਡਾਕਟਰੀ ਸੇਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਫ਼ਤ ਹੁੰਦੀ ਹੈ, ਸਾਰੇ ਖ਼ਰਚ ਸਰਕਾਰ ਝਲਦੀ ਹੈ।

ਉੱਨਤ ਸਫ਼ਾਈ ਤੇ ਸਿਹਤ ਦੇ ਅਸੂਲਾਂ ਦੇ ਗਿਆਨ ਨੇ ਪਿੰਡ ਵਿਚੋਂ ਵਬਾਵਾਂ ਕਢ ਦਿਤੀਆਂ ਹਨ ਤੇ ਹੁਣ ਇਹ ਰਹਿਣ ਲਈ ਚੰਗੇਰੀ ਥਾਂ ਹੋ ਗਈ ਏ। ਗਰਭਵਤੀ ਮਾਂਵਾਂ ਦੀ ਉਚੇਚੀ ਸੰਭਾਲ ਕੀਤੀ ਜਾਂਦੀ ਹੈ। ਸਾਂਝੇ ਕਿਸਾਨਾਂ ਨੂੰ ਦਵਾਖਾਨੇ ਵਿਚ ਮਾਹਿਰ ਸਲਾਹ ਦਿਤੀ ਜਾਂਦੀ ਹੈ। ਜਦੋਂ ਕਦੀ ਵੀ ਲੋੜ ਪਵੇ, ਗੋਰੋਦਤਸ ਤੋਂ ਇਸਤਰੀ ਰੋਗਾਂ ਦੀ ਮਾਹਿਰ ਡਾਕਟਰ ਬੁਲਾਈ ਜਾ ਸਕਦੀ ਹੈ।

ਸਾਂਝੇ ਖੇਤ ਵਿਚ ਕਿੰਨੇ ਹੀ ਵਰ੍ਹਿਆਂ ਤੋਂ ਜ਼ੱਚਾ-ਘਰ ਬਣਿਆ ਹੋਇਆ ਹੈ। ਜ਼ੱਚਾ-ਘਰ ਛਾਂ ਦਾਰ ਫਲਾਂ ਦੇ ਬਾਗ਼ ਵਿਚ ਹੈ। ਬਾਰੀ ਵਿਚੋਂ ਸਾਂਝੇ ਖੇਤ ਦੀਆਂ ਪੈਲੀਆਂ ਤੇ ਜੰਗਲਾਂ ਦਾ ਸੁੰਦਰ ਦ੍ਰਿਸ਼ ਦਿਸਦਾ ਹੈ। ਇਹਦੇ ਦੋਵੇਂ ਚਾਨਣ-ਭਰੇ ਵਾਰਡ ਸਾਫ਼ ਸੁਥਰੇ ਹਨ, ਬਾਰੀਆਂ ਦੀਆਂ ਸਿੱਲਾਂ ਤੇ ਮੇਜ਼ ਤੇ ਫੁੱਲ ਰਖੇ ਹੋਏ ਹਨ। ਸਨਦ-ਯਾਫ਼ਤਾ ਦਾਈ ਯੇਲੀਜ਼ਾਵੇਤਾ ਸਰਗਈਯੇਵਾ ਨੇ ਕਿੰਨੇ ਹੀ ਤਕੜੇ ਮੁੰਡਿਆਂ ਕੁੜੀਆਂ ਨੂੰ ਇਸ ਜ਼ੱਚਾ-ਘਰ ਅੰਦਰ ਦੁਨੀਆਂ ਵਿਚ, ਇਸ ਖ਼ੁਸ਼ੀ ਤੇ ਆਨੰਦ ਦੀ ਦੁਨੀਆਂ ਵਿਚ ਆਉਂਦਿਆਂ ਵੇਖਿਆ ਹੈ।

ਕਿੰਡਰਗਾਰਟਨ ਤੇ ਨਰਸਰੀ — ਸਾਂਝਾ ਖੇਤ ਵਡੇ ਟੱਬਰਾਂ ਵਾਲੀਆਂ ਮਾਂਵਾਂ ਦੇ ਬਚਿਆਂ ਦੀ ਪਾਲਣਾ ਵਿਚ ਸਹਾਇਤਾ ਲਈ ਚੋਖਾ ਕੁਝ ਕਰਦਾ ਹੈ। ਖੇਤ ਵਿਚ ਇਕ ਕਿੰਡਰਗਾਰਟਨ ਤੇ ਇਕ ਨਰਸਰੀ ਹੈ। ਸਵੇਰੇ ਮਾਂਵਾਂ ਆਪਣੇ ਬਾਲਾਂ ਨੂੰ ਨਰਸਰੀ ਵਿਚ, ਤੇ ਸਕੂਲੋਂ ਪਹਿਲੀ ਉਮਰ (੩ ਤੋਂ ੭ ਵਰ੍ਹੇ) ਵਾਲੇ ਬਚਿਆਂ ਨੂੰ ਕਿੰਡਰਗਾਰਟਨ ਵਿਚ ਛਡ ਜਾਂਦੀਆਂ ਹਨ ਤੇ ਕੰਮ ਤੋਂ ਮੁੜਦਿਆਂ ਉਹਨਾਂ ਨੂੰ ਲੈ ਜਾਂਦੀਆਂ ਹਨ। "ਬਾਲ ਸ਼ਹਿਰੀਆਂ" ਨੂੰ ਮਾਹਿਰ ਸੰਭਾਲ ਤੇ ਧਿਆਨ ਮਿਲਦਾ ਹੈ। ਨਰਸਾਂ ਨੇ ਆਮ ਤੌਰ ਤੇ ਵਿਸ਼ੇਸ਼ ਡਾਕਟਰੀ ਕੋਰਸਾਂ ਦੀ ਪੜ੍ਹਾਈ ਤੇ ਸਿਖਲਾਈ ਪ੍ਰਾਪਤ ਕੀਤੀ ਹੁੰਦੀ ਹੈ। ੨੫ ਬਚਿਆਂ ਲਈ ਬਣੀ ਇਕ ਮੁਸਤਕਲ ਨਰਸਰੀ ਹੈ, ਜਿਹੜੀ ਸਾਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੇ ਖੇਤ ਦਾ ਜ਼ੱਚਾ ਖਾਨਾ । ਦਾਈ ਲੀਦਿਆਕਵਾ ਬੱਚੇ ਨੂੰ ਦੁਧ ਪਿਆਣ ਵੇਲੇ
ਸਥਾਨਕ ਸਾਂਝੀ ਕਿਸਾਨ ਓਲਗਾ ਦਰਾਗੂਨੋਵਾ ਕੋਲ ਲਿਆਉਂਦੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਲ ਚਲਦੀ ਹੈ। ਗਰਮੀਆਂ ਵਿਚ ਬਹੁਤਿਆਂ ਬਚਿਆਂ ਨੂੰ ਰਖਣ ਲਈ ਵਿਸ਼ੇਸ਼ ਨਰਸਰੀਆਂ ਖੋਲ੍ਹੀਆਂ ਜਾਂਦੀਆਂ ਹਨ, ਜਦੋਂ ਪੈਲੀਆਂ ਵਿਚ ਮਿਹਨਤ ਦੀ ਚੋਖੀ ਮੰਗ ਹੁੰਦੀ ਹੈ।

ਕਿੰਡਰਗਾਰਟਨ ਵਿਚ ਬਚਿਆਂ ਨੂੰ ਉਮਰ-ਗਰੋਹਾਂ ਵਿਚ ਵੰਡਿਆ ਜਾਂਦਾ ਹੈ। ਹਰ ਇਕ ਉਮਰ-ਗਰੋਹ ਦਾ ਆਪਣਾ ਸੌਣ ਦਾ ਕਮਰਾ, ਤਫ਼ਰੀਹ ਦਾ ਕਮਰਾ ਤੇ ਖਾਣੇ ਦਾ ਕਮਰਾ ਹੈ। ਵੀਹ ਪੰਝੀ ਬਚਿਆਂ ਦੇ ਹਰ ਗਰੋਹ ਲਈ ਇਕ ਖਾਸ ਉਸਤਾਨੀ ਤੇ ਨਰਸ ਹੈ। ਕਿੰਡਰਗਾਰਟਨ ਵਿਚ ਕੰਮ ਕਰਨ ਵਾਲੀਆਂ ਸਾਂਝੀਆਂ ਕਿਸਾਨਾਂ ਹੀ ਹੁੰਦੀਆਂ ਹਨ, ਜਿਨ੍ਹਾਂ ਵਿਸ਼ੇਸ਼ ਕੋਰਸਾਂ ਦੀ ਪੜ੍ਹਾਈ ਕੀਤੀ ਹੁੰਦੀ ਹੈ।

ਕਿੰਡਰਗਾਰਟਨ ਵਿਚ ਬਚਿਆਂ ਨੂੰ ਨਾਸ਼ਤਾ ਮਿਲਦਾ ਹੈ, ਜਿਹੜਾ ਆਮ ਤੌਰ ਤੇ ਦਲੀਏ, ਆਂਡਿਆਂ, ਸਜਰੇ ਦੁਧ, ਰੋਟੀ ਤੇ ਪਨੀਰ ਦਾ ਹੁੰਦਾ ਹੈ। ਗਰਮੀਆਂ ਵਿਚ ਸਾਂਝੇ ਖੇਤ ਵਲੋਂ ਮਿਲੇ ਫਲ ਤੇ ਬੈਰੀਆਂ ਵੀ ਦਲਾ ਦਿਤੇ ਜਾਂਦੇ ਹਨ। ਦੁਪਹਿਰ ਵੇਲੇ, ਜਦੋਂ ਖੁੱਲ੍ਹੀ ਹਵਾ ਵਿਚ ਖੇਡਣ ਨਾਲ ਭੁਖ ਤੇਜ਼ ਹੋ ਗਈ ਹੁੰਦੀ ਹੈ, ਬੱਚੇ ਆਪਣਾ ਖਾਣਾ ਖਾਂਦੇ ਹਨ। ਖਾਣੇ ਪਿਛੋਂ ਸੌਣ ਲਈ ਰਖੇ ਦੋ ਘੰਟਿਆਂ ਵਿਚ ਕਿੰਡਰਗਾਰਟਨ ਵਿਚ ਉੱਕਾ ਚੁਪ ਚਾਂ ਹੁੰਦੀ ਹੈ।

ਲੌਂਢੇ ਵੇਲੇ ਬਚਿਆਂ ਨੂੰ ਸੈਰ ਲਈ ਲਜਾਇਆ ਜਾਂਦਾ ਹੈ। ਉਹ ਹਰ ਤਰ੍ਹਾਂ ਦੀਆਂ ਖੇਡਾਂ ਖੇਡਦੇ ਹਨ, ਉਹਨਾਂ ਨੂੰ ਗਾਣੇ, ਕਵਿਤਾ ਤੇ ਨਾਚ ਸਿਖਾਇਆ ਜਾਂਦਾ ਹੈ। ਉਸਤਾਨੀਆਂ ਆਪਣੇ ਬਾਲ ਸ਼ਾਗਿਰਦਾਂ ਵਿਚ ਸਾਥ, ਆਪਸੀ ਸਹਾਇਤਾ ਦਾ ਅਹਿਸਾਸ ਤੇ ਸਾਂਝੇ ਪਣ ਦੀ ਰੁਚੀ ਪੈਦਾ ਕਰਦੀਆਂ ਹਨ।

ਕਿੰਡਰਗਾਰਟਨ ਵਿਚ ਗੁਜ਼ਾਰਿਆ ਦਿਨ ਸੁਆਦਲੇ ਰੁਝੇਵੇਂ ਨਾਲ ਭਰਿਆ ਹੁੰਦਾ ਹੈ। ਸ਼ਹਿਰੋਂ ਖਰੀਦੇ ਜਾਂ ਸਾਂਝੇ ਖੇਤ ਦੀ ਵਰਕਸ਼ਾਪ ਵਿਚ ਬਣਾਏ ਭਿੰਨ ਭਿੰਨ ਖਿਡੌਣਿਆਂ, ਮਕਾਨਾਂ ਤੇ ਬੇੜੀਆਂ, ਮੋਟਰਾਂ, ਆਟੇ ਦੀਆਂ ਮਿੱਲਾਂ ਤੇ ਹਵਾਈ ਜਹਾਜ਼ਾਂ ਦੀ ਭਰਮਾਰ ਹੁੰਦੀ ਹੈ। ਬਚਿਆਂ ਨੂੰ ਤਸਵੀਰਾਂ ਵਾਹੁਣੀਆਂ ਤੇ ਮਿੱਟੀ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਂਝੇ ਖੇਤ ਦਾ ਕਿੰਡਰਗਾਰਟਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਡਲ ਬਣਾਨੇ ਸਿਖਾਏ ਜਾਂਦੇ ਹਨ । ਕਿੰਡਰਗਾਰਟਨ ਵਿਚ ਬਚਿਆਂ ਦੇ ਕੀਤੇ ਗਏ ਕੰਮ ਦੀ ਨੁਮਾਇਸ਼ ਲਾਈ ਜਾਂਦੀ ਹੈ ।

ਕਿੰਡਰਗਾਰਟਨ ਵਿਚ ਸ਼ੌਕੀਆ ਕਲਾ ਦੀਆਂ ਮਹਿਫ਼ਲਾਂ ਬੜੇ ਜੋਸ਼ ਖਰੋਸ਼ ਵਾਲੀਆਂ ਘਟਨਾਵਾਂ ਹੁੰਦੀਆਂ ਹਨ । ਬਚੇ "ਬੂਟਾਂ ਵਾਲੀ ਬਿੱਲੀ", "ਗੋਂਗਲੂ ਜਿਹੜਾ ਦਾਦੇ ਉਗਾਇਆ" ਖੇਡਦੇ ਹਨ । ਉਹਨਾਂ ਦੇ ਮਾਪਿਆਂ ਨੂੰ ਆਉਣ ਲਈ ਸੱਦਾ ਦਿਤਾ ਜਾਂਦਾ ਹੈ । ਬਚਿਆਂ ਨੂੰ ਆਪਣੀ ਕਾਬਲੀਅਤ ਵਿਖਾਣ, ਕਵਿਤਾਵਾਂ ਪੜ੍ਹਨ, ਕੋਈ ਪਰੀ ਕਹਾਣੀ ਸੁਣਾਨ, ਕੋਈ ਗੀਤ ਗੌਣ ਦਾ ਸ਼ੌਕ ਹੁੰਦਾ ਹੈ ।

ਸ਼ਾਮ ਵੇਲੇ ਮਾਪਿਆਂ ਦੇ ਆਉਣ ਤੋਂ ਪਹਿਲਾਂ ਬਚਿਆਂ ਨੂੰ ਖਾਣਾ ਦਿਤਾ ਜਾਂਦਾ ਹੈ ।

ਕਿੰਡਰਗਾਰਟਨ ਵਿਚ ਬਚੇ ਚੋਖਾ ਕਝ ਸਿਖਦੇ ਹਨ । ਵਡੇ ਗਰੁਪਾਂ ਵਾਲੇ ਬੱਚੇ ਸਕੂਲ ਵਿਚ ਦਾਖ਼ਲੇ ਲਈ ਤਿਆਰ ਕੀਤੇ ਜਾਂਦੇ ਹਨ ।

ਕਿੰਡਰਗਾਰਟਨ ਤੇ ਨਰਸਰੀ ਸਾਂਝੇ ਖੇਤ ਦੇ ਖਰਚ ਤੇ ਕਾਇਮ ਕੀਤੇ ਹੋਏ ਹਨ । ਖੇਤ ਇਹਨਾਂ ਨੂੰ ਸਾਂਝੇ ਫ਼ੰਡ ਵਿਚੋਂ ਇਕ ਟਨ ਮਾਸ (ਮੁਖ ਤੌਰ ਤੇ ਚੂਚਿਆਂ ਦਾ) ਸਾਲਾਨਾ ੧੦੦, ਕਿਲੋਗਰਾਮ ਮੱਖਨ ਤੇ ੧੦,੦੦੦ ਲਿਟਰ ਦੁਧ, ਕਈ ਹਜ਼ਾਰਾਂ ਆਂਡੇ ਦੇਂਦਾ ਹੈ । ਸ਼ਹਿਰਾਂ ਤੋਂ ਖਰੀਦੀਆਂ ਚੀਜ਼ਾਂ ਇਹਦੇ ਇਲਾਵਾ ਹੁੰਦੀਆਂ ਹਨ ।

ਸਾਂਝੇ ਖੇਤ ਦਾ ਆਰਾਮ ਘਰ ਸਿਰਫ਼ ਬਚਿਆਂ ਲਈ ਹੀ ਨਹੀਂ, ਸਗੋਂ ਬਾਲਗ ਸਾਂਝੇ ਕਿਸਾਨਾਂ ਲਈ ਵੀ ਪ੍ਰਬੰਧ ਕੀਤਾ ਗਿਆ ਹੈ । ਸਾਂਝੇ ਖੇਤ ਦਾ ਇਕ ਵਿਸ਼ੇਸ਼ ਫ਼ੰਡ ਹੈ, ਜਿਹੜਾ ਰੋਗ ਹਥੋਂ ਨਾਕਾਰੇ ਹੋਇਆਂ, ਬੁਢਿਆਂ, ਆਰਜ਼ੀ ਤੌਰ ਤੇ ਨਾਕਾਰੇ ਹੋਇਆਂ ਲੋਕਾਂ ਤੇ ਵਡੇ ਟਬਰਾਂ ਦੀ ਸਹਾਇਤਾ ਲਈ ਵਰਤਿਆ ਜਾਂਦਾ ਹੈ । ਦੂਜੀ ਸੰਸਾਰ ਜੰਗ ਦੇ ਦੌਰਾਨ ਵਿਚ ਸਾਂਝੇ ਖੇਤ ਨੇ ਯਤੀਮ ਹੋਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਚਿਆਂ ਲਈ ਉਚੇਚਾ ਪ੍ਰਬੰਧ ਕੀਤਾ ਤੇ ਸਾਂਝੇ ਫ਼ੰਡ ਵਿਚ ਇਕ ਫ਼ੀ ਸਦੀ ਰਕਮ ਉਹਨਾਂ ਦੀ ਸੰਭਾਲ ਲਈ ਅਡ ਕੀਤੀ।

ਪਰ ਫ਼ਰਜ਼ ਕਰੋ, ਜੇ ਕੋਈ ਨਰੋਇਆ ਸਾਂਝਾ ਕਿਸਾਨ ਛੁੱਟੀ ਗੁਜ਼ਾਰਨਾ ਚਾਹੁੰਦਾ ਹੋਵੇ ? ਇਸ ਸੁਆਲ ਤੇ ਇਕ ਆਮ ਇਕਤ੍ਰਤਾ ਵਿਚ ਵਿਚਾਰ ਕੀਤਾ ਗਿਆ ਤੇ ਸਾਂਝੇ ਕਿਸਾਨਾਂ ਲਈ ਇਕ ਆਰਾਮ ਘਰ ਉਸਾਰਨ ਦਾ ਫ਼ੈਸਲਾ ਕੀਤਾ ਗਿਆ। ਲੋੜੀਂਦੀਆਂ ਰਕਮਾਂ ਤੇ ਇਮਾਰਤੀ ਸਾਮਾਨ ਮੌਜੂਦ ਸੀ, ਤਰਖਾਨ, ਰਾਜ, ਮਿਸਤਰੀ ਤੇ ਹੋਰ ਕਾਮੇ ਵੀ ਸਨ। ਤੇ ਫ਼ੈਸਲੇ ਪਿਛੋਂ ਠੋਸ ਕੰਮ ਸ਼ੁਰੂ ਹੋ ਗਏ... ...

ਸਾਡੀ ਮੋਟਰ ਸੁਹਣੇ ਰੰਗ ਸੁਰੰਗੇ ਇਲਾਕੇ ਵਿਚੋਂ ਕਿਕਰਾਂ, ਖੇਤਾਂ ਤੇ ਚਰਾਂਦਾ ਕੋਲੋਂ ਲੰਘੀ ਤੇ ਅਸੀਂ ਇਕ ਪਹਾੜੀ ਕੋਲ ਪਹੁੰਚੇ, ਜਿਦ੍ਹੇ ਅਗੇ ਇਕ ਵਡੀ ਸਾਰੀ ਝੀਲ ਸੀ। ਪਹਾੜੀ ਹੇਠ ਸਨੋਬਰ ਦੇ ਜੰਗਲ ਵਿਚ ਅਸਾਂ ਇਕ ਦੋ-ਮੰਜ਼ਲਾ ਘਾਹ ਤੇ ਉਹਦੇ ਨਾਲ ਇਕ ਛੋਟੀ ਇਮਾਰਤ ਵੇਖੀ। ਇਹ ਆਰਾਮ ਘਰ ਤੇ ਉਥੋਂ ਦੇ ਅਮਲੇ ਦੀ ਥਾਂ ਸੀ।

"ਤੁਹਾਨੂੰ ਇਹ ਥਾਂ ਚੰਗੀ ਲਗੀ ਏ ?" ਸਾਂਝੇ ਖੇਤ ਨੇ ਪਰਧਾਨ ਨੇ ਪੁਛਿਆ।

"ਮਾੜੀ ਨਹੀਂ, ਆਰਾਮ, ਸੈਰ, ਬੇਰੀਆਂ ਚੁਣਨ ਤੇ ਤੈਰਾਕੀ ਲਈ ਬੜੀ ਸੁਹਣੀ ਥਾਂ ਏ।"

ਪਰਧਾਨ ਖ਼ੁਸ਼ ਹੋ ਗਿਆ।

"ਅਸੀਂ ਏਥੇ ਫੁਲਾਂ ਦੀਆਂ ਕਿਆਰੀਆਂ ਲਾਣ, ਬਜਰੀਆਂ ਦੇ ਰਾਹ ਬਣਾਨ ਦੀ ਸਕੀਮ ਬਣਾ ਰਹੇ ਹਾਂ ਤੇ ਇਹਦੇ ਅਗੇ ਵਾਲੀ ਬਾਲ ਦੀ ਗਰਾਊਂਡ ਹੋਵੇਗੀ।"

ਅਸੀਂ ਮਕਾਨ ਅੰਦਰੋਂ ਵੇਖਿਆ, ਜਿਥੇ ਉਸਰਈਏ ਤਖ਼ਤਿਆਂ ਦੇ ਫ਼ਰਸ਼ ਬਣਾ ਰਹੇ ਸਨ, ਕੰਧਾਂ ਤੇ ਬਾਰੀਆਂ ਨੂੰ ਰੰਗ ਰਹੇ ਸਨ।

ਪਰਧਾਨ ਲੋਰ ਵਿਚ ਆ ਗਿਆ ਤੇ ਇਹਨੂੰ ਸਾਰਾ ਸਾਲ ਚਲਦੇ ਰਹਿਣ ਵਾਲਾ ਅਰਾਮ ਘਰ ਬਣਾਨ, ਦੂਜੇ ਸਾਂਝੇ ਖੇਤ ਦ

ਪੁਸਤਕਾਲਯ
ਗੁਰੁਕੁਲ ਕਾਂਗੜੀ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂਬਰ ਕਿਸਾਨਾਂ ਨੂੰ [illegible] ਬਾਰੇ ਦਸਿਆ ਗਿਆ। ਉਹ ਸਾਰਾ ਕੁਝ ਸਚੀ ਮੁਚੀ ਦਾ ਲਗਦਾ ਸੀ। ਉਹਨੂੰ ਹੁਣੇ ਹੀ ਬਹੁਤ ਸਾਰੇ ਸੁਝਾਉ ਮਿਲ ਚੁਕੇ ਸਨ। ਉਹਨੇ ਉਹਨਾਂ ਨੂੰ ਵਿਚਾਰਨਾ ਸੀ, ਬੋਰਡ ਨਾਲ ਸਲਾਹ ਕਰਨੀ ਸੀ।

"ਸਾਮਾਨ ਦਾ ਕਿਵੇਂ ਕਰੋਗੇ?" ਮੈਂ ਪੁਛਿਆ "ਮੈਨੂੰ ਉਹ ਕੁਝ ਲਭਣ ਲਈ ਚੰਗਾ ਚੋਖਾ ਫਿਰਨਾ ਪਿਆ, ਜੋ ਅਸੀਂ ਚਾਹੁੰਦੇ ਹਾਂ," ਉਹਨੇ ਪ੍ਰਤਖ ਤਸੱਲੀ ਨਾਲ ਕਿਹਾ। "ਗੋਰਕੀ ਤੋਂ ਫਰਨੀਚਰ, ਗਲੀਚੇ ਤੇ ਤਸਵੀਰਾਂ ਖਰੀਦ ਚੁਕੇ ਹਾਂ। ਸਾਡੇ ਕੋਲ ਰਸੋਈ ਦਾ ਸਾਰਾ ਸਾਮਾਨ ਏ, ਡਿਨਰ ਤੇ ਚਾਹ ਦੇ ਸੈੱਟ, ਇਕ ਰੇਡੀਓ ਤੇ ਪਿਆਨੋ ਵੀ ਮੌਜੂਦ ਏ।"

ਕੁਝ ਪਲਾਂ ਦੀ ਸੋਚ ਪਿਛੋਂ ਉਹ ਅਗ ਬੋਲਿਆ "ਪਰ ਇਹ ਸਾਰਾ ਕੁਝ ਕਾਫ਼ੀ ਨਹੀਂ। ਜੇ ਅਸੀਂ ਉਸਾਰਨ ਦਾ ਜ਼ਿਮਾ ਲੈ ਲਿਐ, ਤਾਂ ਇਹਦੀ ਯੋਗ ਉਸਾਰੀ ਹੋਣੀ ਚਾਹੀਦੀ ਏ। ਸਾਡੇ ਆਰਾਮ ਘਰ ਵਿਚ ਬਿਜਲੀ ਨਾਲ ਇਲਾਜ ਤੇ ਪਾਇਨ-ਗੁਸਲ ਦੀਆਂ ਸਹੂਲਤਾਂ ਹੋਣਗੀਆਂ।"

"ਤੇ ਖ਼ੁਰਾਕ?"

"ਅਸੀਂ ਇਹ ਵੀ ਸੋਚਿਆ ਹੋਇਐ। ਅਸੀਂ ਅਮਲੀ ਤੌਰ ਤੇ ਸਾਰਾ ਕੁਝ ਆਪਣਾ ਹੀ ਰਖਾਂਗੇ। ਸਾਂਝਾ ਖੇਤ ਰੋਟੀ, ਦੁਧ, ਮਾਸ, ਮਖਨ, ਆਂਡੇ, ਸ਼ਹਿਦ, ਸਬਜ਼ੀਆਂ, ਫਲ, ਖੀਰਿਆਂ ਦਾ ਆਚਾਰ ਤੇ ਖੁੰਬਾਂ ਦੇਵੇਗਾ। ਤੇ ਬਾਕੀ ਦੀਆਂ ਚੀਜ਼ਾਂ—ਚਾਹ, ਖੰਡ, ਕਾਫ਼ੀ, ਬਿਸਕੁਟ ਆਦਿ ਪਿੰਡ ਦੇ ਸਟੋਰ ਤੋਂ ਖਰੀਦੀਆਂ ਜਾਣਗੀਆਂ।"

ਸਾਲ ਦੇ ਦੌਰਾਨ ਵਿਚ ਸਾਂਝੇ ਖੇਤ ਦੇ ਬਹੁਤੇ ਮੈਂਬਰ ਕਿਸਾਨਾਂ ਨੂੰ ਆਪਣੇ ਆਰਾਮ ਘਰ ਵਿਚ ਚੰਗੇ ਆਰਾਮ ਦਾ ਮੌਕਾ ਮਿਲੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਦੇ ਸਟੋਰ ਸਾਂਝੇ ਖੇਤ ਦੀ ਤਰੱਕੀ ਤੇ ਸਾਂਝੇ ਕਿਸਾਨ ਦੀ ਵਧੇਰੀ ਖ਼ੁਸ਼ਹਾਲੀ ਨਾਲ ਨਿਤ ਵਰਤੋਂ ਦੀਆਂ ਚੀਜ਼ਾਂ ਦੀ ਮੰਗ ਵਧ ਗਈ। ਇਸ ਦੀ ਇਕ ਰੌਸ਼ਨ ਮਿਸਾਲ ਪਿੰਡ ਦੇ ਸਟੋਰ ਤੋਂ ਮਿਲਦੀ ਹੈ। ਇਨਕਲਾਬ ਤੋਂ ਪਹਿਲਾਂ ਗੋਰੋਦਤਸ ਜ਼ਿਲੇ ਦੇ ਪਿੰਡਾਂ ਵਿਚ ਸਟੋਰ ਨਹੀਂ ਸਨ ਹੁੰਦੇ। ਕਿਤੇ ਕਿਤੇ ਕਿਸੇ ਧਨੀ ਕਿਸਾਨ ਨੇ ਕੋਈ ਛੋਟੀ ਮੋਟੀ ਹੱਟੀ "ਕ੍ਰਿਸਾਨੀ ਚੀਜ਼ਾਂ" ਵੇਚਣ ਲਈ ਬਣਾਈ ਹੁੰਦੀ ਸੀ। ਓਹਨੀਂ ਦਿਨੀਂ ਕਿਸਾਨ ਜੋ ਖਰੀਦਦਾ ਸੀ, ਉਹ ਮੁਖ ਤੌਰ ਤੇ ਤੀਲਾਂ ਦੀ ਡੱਬੀ, ਲੂਣ, ਗੱਡੇ ਦੇ ਪਹੀਆਂ ਲਈ ਗਰੀਸ, ਤੇ ਸ਼ਾਇਦ ਕਿਸੇ ਟਾਂਵੇਂ ਮੌਕੇ ਤੇ ਵਡੇ ਤਿਉਹਾਰ ਵਾਲੇ ਦਿਨ ਬਚਿਆਂ ਲਈ ਅਧਰਕ ਦੀ ਰੋਟੀ। ਕਪੜੇ ਦੀ ਲੋੜ ਘਰ-ਬੁਣੇ ਕਪੜੇ ਤੇ ਭੇਡ ਦੀ ਖਲ ਦੇ ਕੋਟਾਂ ਨਾਲ ਸਰ ਜਾਂਦੀ ਸੀ।

ਪਰ ਅਜ ਜੇ ਪਿੰਡ ਦੇ ਸਟੋਰ ਵਿਚ ਝਾਤ ਮਾਰੀਏ, ਸਾਨੂੰ ਬੂਟ, ਸੈਂਡਲ, ਪੋਸ਼ਾਕਾਂ, ਮੁਨਿਆਰੀ ਤੇ ਹੌਜ਼ਰੀ, ਤੇਲ, ਸੈਂਟ, ਫਰਨੀਚਰ ਤੇ ਕਿਤਾਬਾਂ ਨਜ਼ਰ ਆਉਣਗੀਆਂ। ਇਹ ਡੀਪਾਰਟਮੈਂਟ ਸਟੋਰ ਹੈ, ਜਿਥੋਂ ਚੰਗੇ ਕਪੜੇ, ਸੁਹਣੀਆਂ ਪੋਸ਼ਾਕਾਂ ਤੇ ਸੂਟ, ਪੱਕੇ ਤੇ ਸੁਹਣੇ ਬੂਟ, ਘੜੀਆਂ, ਰੇਡੀਉ ਸੈੱਟ, ਚਾਹ, ਖੰਡ, ਕਾਫ਼ੀ, ਡਿਨਰ ਸੈਟ, ਚੀਨੀ ਦਾ ਸਾਮਾਨ ਆਦਿ ਖਰੀਦੇ ਜਾ ਸਕਦੇ ਹਨ। ਇੰਜ ਵੀ ਹੁੰਦਾ ਹੈ ਕਿ ਗਾਹਕ ਨੂੰ ਸਟੋਰ ਤੋਂ ਮਨ-ਪਸੰਦ ਦੀ ਚੀਜ਼ ਨਹੀਂ ਲਭਦੀ। ਅਜਿਹੀ ਹਾਲਤ ਵਿਚ ਸਟੋਰ ਲੋੜੀਂਦੀਆਂ ਚੀਜ਼ਾਂ ਗੋਰਕੀ ਤੋਂ ਮੰਗਵਾਂਦਾ ਹੈ ਤੇ ਗਾਹਕਾਂ ਨੂੰ ਪਹੁੰਚਾਂਦਾ ਹੈ।

ਸਾਂਝੇ ਕਿਸਾਨ ਸ਼ਹਿਰੀਆਂ ਵਾਂਗ ਕਪੜੇ ਪਾਣੇ ਚਾਹੁੰਦੇ ਹਨ, ਉਹ ਚੰਗੇ ਕਪੜੇ, ਸੁਹਣੇ ਬੂਟ ਤੇ ਫਰਨੀਚਰ ਦੀ ਮੰਗ ਕਰਦੇ ਹਨ। ਅਜ ਦੇ ਪੇਂਡੂ, ਸਾਂਝੇ ਕਿਸਾਨ ਨੂੰ "ਚੇਟਰੇ ਦਿਨਾਂ" ਲਈ ਪਿਛੇ ਪਾਣ ਦੀ ਲੋੜ ਨਹੀਂ। ਉਹਨਾਂ ਨੂੰ ਯਕੀਨ ਹੈ ਕਿ ਆਉਣ ਵਾਲਾ ਕਲ ਅਜ ਨਾਲੋਂ ਚੰਗੇਰਾ ਹੋਵੇਗਾ। ਸਾਂਝੇ ਕਿਸਾਨਾਂ ਦੀ ਚੋਖੀ ਖਰੀਦ-ਸ਼ਕਤੀ ਦਾ ਅੰਦਾਜ਼ਾ ਇਸ ਗਲ ਤੋਂ ਲਗ ਸਕਦਾ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤਮੀਰੀਯਾਜ਼ੇਵ ਸਾਂਝੇ ਖੇਤ ਦੇ ਸਟੋਰ ਦਾ ਇਕ ਦ੍ਰਿਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਿੰਡ ਦੇ ਸਟੋਰ ਦੀ ਸਾਲਾਨਾ ਵਿਕਰੀ ੧੦ ਲਖ ਰੂਬਲਾਂ ਦਾ ਟੀਚਾ ਟਪ ਗਈ ਹੈ। ਇਹਦੇ ਇਲਾਵਾ, ਸਾਂਝੇ ਕਿਸਾਨ ਸ਼ਹਿਰੋਂ ਵੀ ਚੀਜ਼ਾਂ ਖਰੀਦਦੇ ਹਨ ।

ਹੋਟਲ ਤਮੀਰੀਯਾਛੇਵ ਸਾਂਝੇ ਖੇਤ ਦੇ ਮੈਂਬਰ ਕਿਸਾਨਾਂ ਨੇ ਬਾਹਰੋਂ ਆਏ ਪ੍ਰਾਹੁਣਿਆਂ ਨੂੰ ਠਹਿਰਾਨ ਲਈ ਮਹਿਮਾਨ ਨਵਾਜ਼ ਮੇਜ਼ਬਾਨਾਂ ਦੀ ਸ਼ਾਨ ਅਨੁਸਾਰ ਪ੍ਰਬੰਧ ਕੀਤਾ ਹਇਆ ਹੈ। ਸਾਂਝੇ ਖੇਤ ਵਿਚ ਕਿੰਨੇ ਹੀ ਦਰਸ਼ਕ ਤੇ ਪ੍ਰਾਹੁਣੇ, ਇਲਾਕਾਈ ਕੇਂਦਰ ਤੋਂ ਖੇਤੀ-ਮਾਹਿਰ ਤੇ ਲੈਕਚਰਾਰ, ਸਾਇੰਸਦਾਨ, ਅਦਾਕਾਰ......ਆਉਂਦੇ ਰਹਿੰਦੇ ਹਨ। ਸਾਂਝੇ ਖੇਤ ਨੇ ਪਿੰਡ ਦੇ ਕੇਂਦਰ ਵਿਚ ਇਕ ਹੋਟਲ ਉਸਾਰਿਆ ਹੋਇਆ ਹੈ। ਛੇ ਚੰਗੇ-ਸਜਾਏ ਕਮਰੇ ਹਨ, ਜਿਨ੍ਹਾਂ ਵਿਚ ਸ਼ੀਸ਼ੇ ਹਨ, ਫੁਲ ਤੇ ਅੰਦਰ-ਉਗਾਏ ਨਿੰਬੂ ਹਨ, ਜਿਹੜੇ ਆਪਣੀ ਤਾਜ਼ਗੀ-ਦੇਂਦੀ ਮਹਿਕ ਨਾਲ ਪੌਣ ਨੂੰ ਭਰ ਦੇਂਦੇ ਹਨ। ਆਦਮੀ ਹੈਰਾਨ ਹੋ ਜਾਂਦਾ ਹੈ: ਨਿੰਬੂ ਗੋਰਕੀ ਖੰਡ ਵਿਚ ਉਗਾਏ ਗਏ.....ਇਹਦੀ ਵਿਆਖਿਆ ਬੜੀ ਸੋਖੀ ਹੈ: ਸਥਾਨਕ ਸਾਂਝੇ ਕਿਸਾਨਾਂ ਨੇ ਇਹ ਦਖਣੀ ਬੂਟਾ ਆਪਣੇ ਘਰਾਂ ਵਿਚ ਉਗਾਣ ਦਾ ਢੰਗ ਸਿਖ ਲਿਆ ਹੈ।

ਇਕ ਸਾਂਝੀ ਕਿਸਾਨ, ਮੇਰੀਆਂ ਸਨੀਤਸਯਾਨਾ ਹੋਟਲ ਦੀ ਸਫ਼ਲ ਮਨੇਜਰ ਤੇ ਸ਼ਾਨਦਾਰ ਬਾਵਰਚਨ ਹੈ, ਉਹਨੂੰ ਥੋੜੇ ਮੁਲ ਤੇ ਮਜ਼ੇਦਾਰ ਤੇ ਅਮੀਰ ਖਾਣੇ ਦੇਣ ਦਾ ਗੁਰ ਆਉਂਦਾ ਹੈ।

ਸਾਰੇ ਹੋਟਲਾਂ ਵਾਂਗ ਪਿੰਡ ਦੇ ਹੋਟਲ ਵਿਚ ਵੀ ਇਕ ਕਿਤਾਬ ਰਖੀ ਹੋਈ ਹੈ, ਜਿਸ ਵਿਚ ਏਥੇ ਰਹੇ ਮਹਿਮਾਨ ਹੋਟਲ ਬਾਰੇ ਆਪਣੇ ਵਿਚਾਰ ਲਿਖ ਜਾਂਦੇ ਹਨ, ਇਹਦੇ ਵਿਚ ਕਿੰਨੀਆਂ ਹੀ ਲਿਖਤਾਂ ਹਨ, ਜਿਨ੍ਹਾਂ ਵਿਚ ਸ਼ਾਨਦਾਰ ਸੇਵਾ ਤੇ ਸੁਚੱਜੀ ਮਹਿਮਾਨ ਨਵਾਜ਼ੀ ਦੀ ਪ੍ਰਸੰਸਾ ਕੀਤੀ ਹੋਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੇ ਖੇਤ ਦਾ ਡਾਕਖਾਨਾ ਡਾਕਖਾਨਾ ਕਦੀ ਵੀ ਵਿਹਲਾ ਨਹੀਂ ਹੁੰਦਾ। ਸਾਂਝੇ ਕਿਸਾਨ ਬਾਹਰਲੀ ਦੁਨੀਆਂ ਨਾਲ, ਦੇਸ ਦੇ ਸਾਰੇ ਹਿਸਿਆਂ ਦੇ ਲੋਕਾਂ ਤੇ ਅਦਾਰਿਆਂ ਨਾਲ ਛੂਹ ਰਖਦੇ ਹਨ। ਡਾਕਖਾਨੇ ਵਿਚ ਟੈਲੀਫ਼ੋਨ ਐਕਸਚੇਂਜ ਤੇ ਸਵਿਚ ਬੋਰਡ ਹੈ। ਸਾਂਝੇ ਖੇਤ ਦੇ ਦਫ਼ਤਰਾਂ ਵਿਚ, ਪਸ਼ੂ-ਪਾਲਣਾ ਦੇ ਵਿਭਾਗਾਂ ਵਿਚ, ਦਵਾ ਖਾਨੇ ਵਿਚ, ਪਰਧਾਨ ਦੇ ਘਰ ਤੇ ਹੋਰਨਾਂ ਥਾਂਵਾਂ ਤੋ ਟੈਲੀਫ਼ੁਨ ਲਗੇ ਹੋਏ ਹਨ। ਸਾਂਝਾ ਖੇਤ ਟੈਲੀਫ਼ੁਨ ਰਾਹੀਂ ਗੋਰੋਦਤਸ ਦੇ ਜ਼ਿਲੇ ਕੇਂਦਰ ਤੇ ਇਲਾ-ਕਾਈ ਕੇਂਦਰ ਗੋਰਕੀ ਨਾਲ ਮਿਲਿਆ ਹੋਇਆ ਹੈ। ਸਾਂਝੇ ਕਿਸਾਨ ਟੈਲੀਫ਼ੁਨ ਰਾਹੀਂ ਮਾਸਕੋ ਤੇ ਹੋਰਨਾਂ ਸ਼ਹਿਰਾਂ ਨਾਲ ਸਬੰਧ ਰਖਦੇ ਹਨ।

ਸਥਾਨਕ ਡਾਕੀਏ ਦੇ ਡਾਕ ਦੇ ਥੈਲੇ ਵਿਚ ੧੦੦ ਤੋਂ ਵਧੇਰੀਆਂ ਚਿੱਠੀਆਂ ਤੇ ਤਾਰਾਂ ਹੁੰਦੀਆਂ ਹਨ। ਬਹੁਤ ਸਾਰੇ ਸਾਂਝੇ ਕਿਸਾਨਾਂ ਦੇ ਬੱਚੇ ਹੋਰਨਾਂ ਸ਼ਹਿਰਾਂ ਵਿਚ ਟੈਕਨੀਕਲ ਸਕੂਲ ਤੇ ਇਨਸਟੀਟਿਊਟਾਂ ਵਿਚ ਪੜ੍ਹਾਈ ਕਰ ਰਹੇ ਹੁੰਦੇ ਹਨ। ਉਹਨਾਂ ਦੇ ਪੁੱਤਰ ਫ਼ੌਜ ਵਿਚ ਹਨ, ਦੇਸ ਦੇ ਵਖ ਵਖ ਹਿਸਿਆਂ ਵਿਚ ਸਾਕ ਸਬੰਧੀ ਹਨ। ਤਮੀਰੀਯ ਜ਼ੇਵ ਸਾਂਝੇ ਖੇਤ ਦੇ ਮੈਂਬਰ ਕਿਸਾਨ ਤਜਰਬੇ ਦੇ ਵਟਾਂਦਰੇ ਲਈ ਦੂਜੇ ਜ਼ਿਲ੍ਹਿਆਂ ਦੇ ਸਾਂਝੇ ਕਿਸਾਨਾਂ ਨਾਲ ਭਖਵੀਂ ਲਿਖਾ ਪੜ੍ਹੀ ਕਰੀ ਰਖਦੇ ਹਨ।

ਡਾਕਖਾਨੇ ਨੂੰ ਅਖ਼ਬਾਰਾਂ, ਰਿਸਾਲੇ ਤੇ ਕਿਤਾਬਾਂ ਆਉਂਦੀਆਂ ਹਨ, ਉਹ ਉਹਨਾਂ ਦੇ ਗਾਹਕਾਂ ਨੂੰ ਵੰਡ ਦਿਤੀਆਂ ਜਾਂਦੀਆਂ ਹਨ। ਮਿਹਜ਼ ਅਖਬਾਰਾਂ ਤੇ ਰਿਸਾਲਿਆਂ ਦੇ ਨਾਵਾਂ ਤੋਂ ਹੀ ਪੇਂਡੂ ਪਾਠਕ ਦੀ ਵਿਸ਼ਾਲ ਦਿਲਚਸਪੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪਿੰਡ ਵਿਚ ਆਉਣ ਵਾਲੀਆਂ ਕਿਤਾਬਾਂ ਰਾਜਸੀ ਤੇ ਵਿਸ਼ੇਸ਼ ਸਾਹਿਤ ਦੀਆਂ ਰਚਨਾਵਾਂ, ਨਾਵਲ ਤੇ ਕਹਾਣੀਆਂ ਦੀਆਂ ਕਿਤਾਬਾਂ ਵੀ ਹੁੰਦੀਆਂ ਹਨ।

ਮੈਂ ਪਿੰਡੋਂ ਮੰਗਵਾਏ ਜਾਣ ਵਾਲੇ ਕੁਝ ਕੁ ਰਿਸਾਲੇ ਗਿਣਵਾਂਦਾ ਹਾਂ : ਮਾਸਕੋ ਦਾ "ਪਰਾਵਦਾ", "ਇਜ਼ਵਸਤੀਆ", "ਕਾਮਸੋਮੋਲਸਕਾਯਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਥਾਨਕ ਡਾਕੀਆ ਰੀਮਾ ਅਲਬੋਵਾ ਸਾਂਝੇ ਖੇਤ ਦੀ ਲਾਇਬ੍ਰੇਰੀ ਦੀ
ਮਹਾਨ ਸਹਾਇਤਾ ਕਰਦੀ ਹੈ। ਡਾਕ ਦੇ ਨਾਲ਼ ਨਾਲ ਉਹ ਸਾਂਝੇ
ਕਿਸਾਨਾਂ ਦੇ ਘਰੀਂ ਲਾਇਬ੍ਰੇਜੀ ਦੀਆਂ ਕਿਤਾਬਾਂ ਵੀ ਵੰਡੋਦੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation, Chennai and eGangotri

ਪਰਾਵਦਾ", "ਲਿਤੇਰਟਰਨਾਯਾ ਗਜ਼ੇਤਾ", "ਸੋਵੀਤਸਕਾਯਾ ਕਲਚਰਾ", "ਸੈਲਸਕੋਯੇ ਖੋਜ਼ਜਾਇਸਤਵੋ", "ਸੋਵੀਅਤਸਕੀ ਸਪੋਰਟ", ਇਲਾਕਾਈ ਅਖ਼ਬਾਰ, "ਗੋਰਕੋਵਸਕਾਯਾ ਪਰਾਵਦਾ" । ਤੇ ਇਹ ਕੁਝ ਰਿਸਾਲਿਆਂ ਦੇ ਨਾਂ ਹਨ, ਜਿਹੜੇ ਡਾਕਖਾਨੇ ਵਲੋਂ ਵੰਡੇ ਜਾਂਦੇ ਹਨ : ਸਾਹਿਤਕ ਤੇ ਰਾਜਸਕ ਰਿਸਾਲੇ, "ਨੋਵੀ ਮੀਰ","ਓਕਤਯਾਬਰ", ਤੇ "ਜ਼ਨਾਮਯਾ", ਸਚਿੱਤਰ ਹਫ਼ਤਾਵਾਰ "ਓਗਯੋਨੋਕ", ਕੌਮਾਂਤਰੀ ਮਾਮਲਿਆਂ ਦਾ ਹਫਤਾਵਾਰ, "ਨਿਊ ਟਾਇਮਜ਼"; ਇਸਤ੍ਰੀਆਂ ਦਾ ਰਿਸਾਲਾ, "ਕਰੈਸਤਿਆਂਕਾ", ਨੌਜਵਾਨਾ ਦਾ ਰਿਸਾਲਾ, "ਮੋਲਦੋਈ ਖੋਲ-ਖੋਜ਼ਨੀਕ" ਤੇ "ਸਮੇਨਾ", ਸਾਇੰਸ ਦਾ ਹਰਮਨ ਪਿਆਰਾ ਰਿਸਾਲਾ, "ਕੋਲਖੋਜ਼ਨੋਏ ਪਰੋਈਜ਼ਵੋਦਤਸਵੋ", ਸਚਿਤਰ ਰਸਾਲਾ "ਫੀਜ਼ਕੁਲ-ਤਰਾਈ ਸਪੋਰਟ", ਬਚਿਆਂ ਦੇ ਰਿਸਾਲੇ "ਪਾਓਨਰ" ਤੇ "ਮੁਰਜ਼ੀ-ਲਕਾ", ਵਿਸ਼ਸ਼ ਰਿਸਾਲਾ "ਪਚੇਲੋਵੋਦਸਤਵੋ" ਆਦਿ।

ਪਿੰਡ ਦੇ ਡਾਕੀਏ ਦੇ ਅੰਦਾਜ਼ੇ ਮੁਤਾਬਕ ਤਮੀਰੀਯਾਜ਼ੇਵ ਸਾਂਝੇ ਖੇਤ ਦੇ ਮੈਂਬਰ ਕਿਸਾਨ ੪੦੦ ਅਖ਼ਬਾਰਾਂ ਤੇ ੧੦੦ ਰਿਸਾਲੇ ਬਕਾਇਦਾ ਮੰਗਵਾਂਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲੱਬ

ਕਲੱਬ ਦੀ ਇਮਾਰਤ ਚੰਗੀ ਵਡੀ ਹੈ। ਇਹਦਾ ਇਕ ਹਾਲ ਹੈ, ਜਿਦ੍ਹੇ ਵਿਚ ੪੦੦ ਸੌ ਕੁਰਸੀਆਂ ਤੇ ਸੰਗੀਤ-ਮਹਿਫ਼ਲਾਂ ਲਈ ਇਕ ਸਟੇਜ ਹੈ। ਫ਼ਿਲਮਾਂ ਚਲਾਣ ਦਾ ਸਾਰਾ ਸਾਮਾਨ, ਲਾਇਬ੍ਰੇਰੀ ਤੇ ਰੀਡਿੰਗ ਹਾਲ ਹੈ, ਜਿਨ੍ਹਾਂ ਦੇ ਆਪੋ ਆਪਣੇ ਕਮਰੇ ਹਨ।

ਮੈਂਬਰ ਸਾਂਝੇ ਕਿਸਾਨਾਂ ਦੀ ਇਕ ਆਮ ਇਕੱਤਰਤਾ ਵਿਚ ਚੁਣੀ ਗਈ ਕਲੱਬ ਦੀ ਕੌਂਸਲ ਕਲੱਬ ਦੀਆਂ ਸਾਰੀਆਂ ਸਭਿਆਚਾਰਕ, ਸਿਖਿਆਦਾਇਕ ਤੇ ਸ਼ੌਕੀਆ ਕਲਾ-ਮਈ ਸਰਗਰਮੀਆਂ ਲਈ ਜ਼ਿਮੇਵਾਰ ਹੈ। ਇਹਦੇ ਵਿਚ ਆਪਣੀ ਪਹਿਲ ਕਦਮੀ ਲਈ ਮਸ਼ਹੂਰ ੧੯ ਸਾਂਝੇ ਕਿਸਾਨ ਤੇ ਸਥਾਨਕ ਬੁਧੀਵਾਨ ਹਨ। ਕੌਂਸਲ ਕਲੱਬ ਦਾ ਪ੍ਰੋਗਰਾਮ ਇਕ ਮਹੀਨਾ ਅਗਾਊਂ ਤਿਆਰ ਕਰ ਲੈਂਦੀ ਹੈ ਤੇ ਇਹਦੇ ਲਈ ਪ੍ਰਬੰਧ ਕਰ ਛਡਦੀ ਹੈ।

ਪਿੰਡ ਦੇ ਉਸਤਾਦ, ਡਾਕਟਰ, ਜ਼ੂ-ਟੈਕਨੀਸ਼ਨ, ਖੇਤੀ-ਮਾਹਿਰ, ਜੁਆਨ ਸਾਂਝੇ ਕਿਸਾਨ ਤੇ ਵਡੀਆਂ ਜਮਾਤਾਂ ਦੇ ਬਚੇ ਕਲੱਬ ਦੀਆਂ ਸਰਗਰਮੀਆਂ ਵਿਚ ਸਿਰ ਕੱਢ ਹਿੱਸਾ ਲੈਂਦੇ ਹਨ। ਬਹੁਤੇ ਸਾਰੇ ਹਲਕਿਆਂ—ਕੋਰਸੀ, ਨਾਟਕੀ, ਕਸਰਤੀ, ਚੈਸ ਤੇ ਚੈਕਰ ਹਲਕਿਆਂ ਦੇ ਮੈਂਬਰ ਸ਼ਾਮ ਵੇਲੇ ਕਲੱਬ ਵਿਚ ਇਕੱਠੇ ਹੁੰਦੇ ਹਨ। ਲਾਇਬ੍ਰੇਰੀ ਲੋਕਾਂ ਲਈ ਖੁਲ੍ਹੀ ਹੁੰਦੀ ਹੈ। ਫਿਲਮਾਂ ਵਿਖਾਈਆਂ ਜਾਂਦੀਆਂ ਹਨ। ਲੈਕਚਰ ਤੇ ਸਾਹਿਤਕ ਬਹਿਸਾਂ ਕਰਾਈਆਂ ਜਾਂਦੀਆਂ ਹਨ।

ਕਲੱਬ ਦਾ ਮਨੇਜਰ ਗਿਰੀਗੋਰੀ ਬੋਗਦਾਨੋਵ ਮਹਾਨ ਦੇਸ਼ ਭਗਤਕ ਜੰਗ ਦਾ ਪੁਰਾਣਾ ਸਿਪਾਹੀ ਹੈ ਉਸ ਨੂੰ ਆਪਣੇ ਕੰਮ ਦਾ ਸ਼ੌਕ ਤੇ ਚੰਗਾ ਗਿਆਨ ਹੈ। ਉਹ ਇਕ ਜੁਸ਼ੀਲਾ, ਜੁਗਤੀ ਤੇ ਮਿਲਾਪੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਂਝੇ ਕਿਸਾਨ ਕਲੱਬ ਵਿਚ ਸ਼ਤਰੰਜ ਦੀ ਬਾਜ਼ੀ ਖੇਡ ਰਹੇ ਹਨ

ਮਨੁਖ ਹੈ ਤੇ ਨੌਜਵਾਨਾਂ ਵਿਚ ਬਹੁਤ ਚਾਹਿਆ ਜਾਂਦਾ ਹੈ । ਗਿਰੀਗੋਰੀ ਬੋਗਦਾਨੋਵ ਦੀ ਆਗਿਆ ਨਾਲ ਮੈਂ ਕਲੱਬ ਦੇ ਰੀਕਾਰਡ ਫੋਲੇ, ਜਿਹੜੇ ਉਹਦੀਆਂ ਨਿਤ ਦੀਆਂ ਸਰਗਰਮੀਆਂ ਦਾ ਝਲਕਾਰਾ ਹਨ । ਮੈਂ ਸੰਨ ੧੯੫੩ ਦੇ ਫਰਵਰੀ ਤੇ ਜੂਨ, ਦੋ ਮਹੀਨੇ ਲੈਂਦਾ ਹਾਂ ਤੇ ਵੇਖਦਾ ਹਾਂ ਕਿ ਕਲੱਬ ਨੇ ਇਹਨਾਂ ਸਿਆਲੇ ਤੇ ਗਰਮੀਆਂ ਦੇ ਮਹੀਨਿਆਂ ਦੇ ਪਹਿਲੇ ਦਸ ਤੇ ਨੌਂ ਦਿਨਾਂ ਵਿਚ ਕੀ ਕੁਝ ਕੀਤਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਰਵਰੀ : ਪਹਿਲੇ ਦਸ ਦਿਨ

੧. ਸ਼ਤਰੰਜ ਦੀ ਟੂਰਨਾਮੈਂਟ
੨. ਕਰਾਸ-ਕੰਟਰੀ ਸਕੀ-ਦੌੜਾਂ।
੩. ਨਾਟਕ "ਪਤ ਝੜ ਦਾ ਅਕਾਊਪਨ" ਦੀ ਰੀਹਰਸਲ
੪. ਇਲਾਕਾਈ ਮਿਹਨਤਕਸ਼ਾਂ ਦੇ ਡੈਪੋਟੀਆਂ ਦੀ ਸੋਵੀਅਤ ਦੇ ਇਕ ਮੈਂਬਰ ਨਾਲ ਮੁਲਾਕਾਤ
੫. ਫਿਲਮ "ਯਾਨੀਕਾ"
੬. ਕੋਰਸ ਦੀ ਸੰਗੀਤ-ਮਹਿਫ਼ਲ
੭. ਕੌਮਾਂਤਰੀ ਹਾਲਾਤ ਤੇ ਲੈਕਚਰ
੮. ਨਾਚ
੯. ਫਿਲਮ "ਜੀਉਂਦੀ ਲੋਥ" (ਲਿਊ ਟਾਲਸਟਾਏ ਦੇ ਨਾਵਲ ਦੇ ਆਧਾਰ ਤੇ ਬਣੀ ਹੋਈ)
੧੦. ਵਿਅੰਗਕ ਬੁਲੇਟਿਨ "ਕਰੋਕੋਡਿਲ" ਦਾ ਪਰਚਾ

ਜੂਨ : ਪਹਿਲੇ ਨੌਂ ਦਿਨ

੧. ਸਾਂਝੇ ਖੇਤ ਦੀ ਮਾਨ-ਸੂਚੀ ਲਈ ਬੋਰਡ ਦੀ ਸਥਾਪਤੀ
੨. ਚਰਾਂਦ ਵਿਚ ਚਾਰੇ ਵਾਲਿਆਂ ਲਈ ਸ਼ੌਕੀਆ ਕਲਾ ਦਾ ਵਿਖਾਲਾ
੩. ਫਿਲਮ, "ਅਲੀਤੇਤ ਪਹਾੜੀਆਂ ਨੂੰ ਜਾਂਦਾ ਹੈ"
੪. ਲੈਕਚਰ, "ਵਿਆਹ ਤੇ ਟੱਬਰ"
੫. ਸਾਂਝੇ ਖੇਤ ਦੀ ਅਖਬਾਰ "ਤਕੜੀ ਫਸਲ ਲਈ" ਦਾ ਪਰਚਾ
੬. ਜੁਆਨੀ-ਕਾਰਨੀਵਾਲ
੭. ਕਰਾਸਨੀ ਮਾਇਕ ਸਾਂਝੇ ਦੀ ਟੀਮ ਨਾਲ ਫੁਟਬਾਲ ਦਾ ਮੈਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੮. ਐਨ. ਗੋਗੋਲ ਦੇ ਨਾਟਕ "ਵਿਆਹ" ਦੀ ਰੀਹਰਸਲ

੯. ਫਿਲਮ "ਐਨਾ ਕਰੇਨੀਨਾ" (ਲਿਉ ਟਾਲਸਟਾਏ ਦੇ ਨਾਵਲ ਦੇ ਅਧਾਰ ਤੇ ਬਣੀ ਹੋਈ)

ਮੈਂ ਸਾਲ ਦੇ ੨੦ ਆਮ ਦਿਨ ਚੁਣ ਲਏ ਹਨ। ਪਰ ਦਿਤੀ ਗਈ ਸੂਚੀ ਦਸਦੀ ਹੈ ਕਿ ਸਾਂਝੇ ਕਿਸਾਨ ਆਪਣੀ ਵਿਹਲ ਨੂੰ ਕਿਵੇਂ ਵਰਤਦੇ ਹਨ।

ਸ਼ੌਕੀਆ ਕਲਾਮਈ ਸਰਗਰਮੀਆਂ ਸਾਂਝੇ ਕਿਸਾਨਾਂ ਨੂੰ ਬਹੁਤ ਪਸੰਦ ਹਨ। ਕਲੱਬ ਦੀ ਨਾਟਕ ਸਭਾ ਤਮੀਰੀਯਾਜ਼ੇਵ ਖੇਤ ਤੇ ਜ਼ਿਲੇ ਵਿਚ ਬਹੁਤ ਮਸ਼ਹੂਰ ਹੈ। ਇਹਦੇ ੨੪ ਮੈਂਬਰ ਹਨ, ਉਹ ਆਮ ਸਾਂਝੇ ਕਿਸਾਨ, ਜਥਿਆਂ ਦੇ ਆਗੂ ਤੇ ਉਸਤਾਦ ਹਨ। ਸਭਾ ਦਾ ਡਾਇਰੈਕਟਰ ਸਾਂਝਾ ਕਿਸਾਨ ਤੀਮੋਫ ਕਲੀਵੇਵ ਹੈ, ਇਕ ਮਨੁਖ ਜਿਹਨੂੰ ਕਲਾ ਦਾ ਸ਼ੌਕ ਹੈ, ਜਿਹੜਾ ਚੰਗਾ ਚੋਖਾ ਪੜ੍ਹਦਾ ਹੈ ਤੇ ਨਾਟਕ ਕਲਾ ਨੂੰ ਸਮਝਦਾ ਹੈ।

ਪ੍ਰੋਗਰਾਮ ਅਕਸਰ ਹੁੰਦੇ ਰਹਿੰਦੇ ਹਨ। ਪ੍ਰੋਗਰਾਮ ਕਰਨ ਤੋਂ ਪਹਿਲਾਂ ਕਿੰਨੀਆਂ ਹੀ ਰੀਹਰਸਲਾਂ ਕੀਤੀਆਂ ਜਾਂਦੀਆਂ ਹਨ, ਹਰ ਇਕ ਅਦਾਕਾਰ ਨੂੰ ਆਪਣੀ ਜ਼ਿਮੇਵਾਰੀ ਦਾ ਅਹਿਸਾਸ ਹੁੰਦਾ ਹੈ ਤੇ ਉਹ ਨਾਟਕ ਦਾ ਸੁਨੇਹਾ ਪ੍ਰਗਟਾਣ ਤੇ ਦਰਸ਼ਕਾਂ ਤਕ ਪਹੁੰਚਾਣ ਲਈ, ਇਕ ਸੱਚਾ ਤੇ ਯਾਦਗਾਰੀ ਰੋਲ ਰਚਣ ਲਈ ਪੂਰੀ ਵਾਹ ਲਾਂਦਾ ਹੈ। ਨਾਟਕ ਸਭਾ ਕੋਲ ਅਮੀਰ ਤੇ ਔਖਾ ਨਾਟਕ-ਭੰਡਾਰ ਹੈ: ਇਹ ਰੂਸੀ, ਕਲਾਸੀਕਲ ਤੇ ਨਵੀਨ ਨਾਟਕ ਖੇਡਦੀ ਹੈ।

ਸਾਂਝੇ ਖੇਤ ਦੀ ਸਟੇਜ ਤੇ ਖੇਡੇ ਗਏ ਕੁਝ ਨਾਟਕਾਂ ਦੇ ਨਾਂ ਇਹ ਹਨ: ਏ. ਓਸਤਰੋਵਸਕੀ ਰਚਿਤ "ਬੇਕਸੂਰ ਰਾਹੀਂ ਕਸੂਰਵਾਰ" ਤੇ "ਇਹ ਸਦਾ ਫੁਲਾਂ ਦੀ ਸੇਜ ਨਹੀਂ ਹੁੰਦੀ", ਚੇਖੋਵ ਰਚਿਤ, "ਵਾਦੇਵਿਲਸ", "ਵਿਆਹ", "ਰਿਛ", "ਤਜਵੀਜ਼"; ਸੋਵੀਅਤ ਨਾਟਕਕਾਰਾਂ ਦੇ ਨਾਟਕ: ਵੀ. ਫਿਓਦਰੋਵ ਰਚਿਤ "ਸੜਕਾਂ",

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਮੀਰੀਯਾਜ਼ੇਵ ਸਾਂਝੇ ਖੇਤ ਦਾ ਕੋਰਸ ਗੋਰਕੀ ਦੀ ਸਟਟ ਸੰਗੀਤ ਸਭਾ ਵਿਚ
ਸ਼ੌਕੀਆ ਕਲਾ ਦੀ ਮਹਿਫ਼ਲ ਵਿਚ ਗੌਂ ਰਿਹਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਈ. ਕੋਰਨਈਚੁਕ ਰਚਿਤ "ਗੀਉਲਡਰ-ਰੋਜ਼ ਦਾ ਫੁੱਲ", ਐਨ. ਦਿਓਕਾਨੋਵ ਰਚਿਤ "ਦਾਜ ਨਾਲ ਵਿਆਹ" ਤੇ ਬੀ. ਕਰਾਵਚੇਂਕੋ ਰਚਿਤ "ਇਕ ਜੋਸ਼ ਖਰੋਸ਼ ਵਾਲਾ ਦਿਨ।"

ਖੇਤ ਦੇ ਪ੍ਰਬੰਧਕ ਸ਼ੌਕੀਆ ਕਲਾ-ਮਈ ਸਰਗਰਮੀਆਂ ਨੂੰ ਹਲਾ-ਸ਼ੇਰੀ ਦੇਣ ਲਈ ਸਾਰਾ ਕੁਝ ਕਰਦੇ ਹਨ। ਸੈਟਿੰਗਾਂ, ਪੋਸ਼ਾਕਾਂ ਤੇ ਮੇਕ-ਅਪ ਆਦਿ ਲਈ ਰਕਮਾਂ ਖੁਲ੍ਹ-ਦਿਲੀ ਨਾਲ ਦਿਤੀਆਂ ਜਾਂਦੀਆਂ ਹਨ।

ਬਾਲਗ਼ ਤੇ ਬੱਚੇ ਕੋਰਸ ਨੂੰ ਬਹੁਤ ਪਸੰਦ ਕਰਦੇ ਹਨ। ਇਹਦੀਆਂ ਆਪਣੀਆਂ ਰਵਾਇਤਾਂ, ਇਹਦਾ ਮੌਲਕ ਖਾਸਾ ਹੈ, ਇਹ ਸਾਂਝੇ ਖੇਤ ਦੀ ਜਥੇਬੰਦੀ ਦੇ ਵੇਲੇ ਤੋਂ, ਕੋਈ ੨੫ ਵਰ੍ਹਿਆਂ ਦੇ ਅਰਸੇ ਤੋਂ ਚਲਿਆ ਆ ਰਿਹਾ ਹੈ। ਕੰਡਕਟਰ ਕੋਨਸਤੈਂਤਿਨ ਨਿਕੋਲਾਯਾਵਿਚ ਬੋਗੋਲਯੂਬੋਵ, ਇਕ ਪੁਰਾਣਾ ਉਸਤਾਦ, ਕੋਰਸ-ਕਲਾ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਤੇ ਇਸ ਕੰਮ ਲਈ ਉਤਸ਼ਾਹ ਰਖਦਾ ਹੈ। ਉਹ ਇਸੇ ਇਲਾਕੇ ਦਾ ਵਾਸੀ ਹੈ। ਉਹਨੇ ਇਸ ਕੰਮ ਨੂੰ ਆਪਣੀ ਜ਼ਿੰਦਗੀ ਦੇ ੪੫ ਵਰ੍ਹੇ ਸਮਰਪਣ ਕੀਤੇ ਹੋਏ ਹਨ। ਉਹਨੇ ਕਿਸਾਨ ਬਚਿਆਂ ਦੀਆਂ ਕਈ ਨਸਲਾਂ ਪੜ੍ਹਾਈਆਂ ਹਨ। ਉਹਦੇ ਸ਼ਾਗਿਰਦ ਵਖ ਵਖ ਕੰਮਾਂ ਵਿਚ ਲਗੇ ਹੋਏ ਹਨ: ਕੋਈ ਪਸ਼ੂ-ਪਾਲਣਾ ਦੇ ਮਾਹਿਰ ਹਨ, ਕੋਈ ਖੇਤ-ਵਾਹੀ ਦੇ ਕਾਮੇ, ਖੇਤੀ-ਮਾਹਿਰ, ਉਸਤਾਦ, ਡਾਕਟਰ ਤੇ ਫ਼ੌਜੀ ਅਫ਼ਸਰ ਹਨ।

ਕੋਸਤੈਂਤਿਨ ਬੋਗੋਲਯੂਬੋਵ ਨੂੰ ਸੰਗੀਤ ਸੁਣਨ ਦਾ ਚੰਗਾ ਸ਼ੌਕ ਹੈ। ਉਹ ਪੁਰਾਣੇ ਲੋਕ ਗੀਤਾਂ ਤੇ ਅਜੋਕੇ ਗੀਤਾਂ ਦਾ ਸ਼ੁਕੀਨ ਹੈ। ਕੋਰਸ ਦੇ ਸੰਗੀਤ-ਭੰਡਾਰ ਵਿਚ ਕਿੰਨੇ ਹੀ ਸਥਾਨਕ ਗੀਤ ਤੇ ਸਾਂਝੇ ਕਿਸਾਨਾਂ ਦੇ ਬਣਾਏ ਗੌਣ ਵੀ ਸ਼ਾਮਲ ਹਨ।

ਕੋਰਸ ਦੇ ੪੦ ਮੈਂਬਰ ਹਨ, ਉਹਨਾਂ ਵਿਚ ਜੁਆਨ ਵੀ ਹਨ ਤੇ ਧੌਲੇ ਸਿਰਾਂ ਵਾਲੇ ਬੁਢੜੇ ਵੀ। ਸਭ ਤੋਂ ਸਫ਼ਲ ਗਵੱਯਾਂ ਵਿਚੋਂ ਇਕ ਗਵੱਯਾ, ਯੇਵਦੋਕਿਮ ਖੋਖਲੋਵ ਹੈ। ਇਹ ੭੦ ਵਰ੍ਹਿਆ ਦਾ ਭੱਠੇ ਦਾ ਕਾਮਾ ਭਰਵੀਂ ਆਵਾਜ਼ ਦਾ ਮਾਲਕ ਹੈ। ਇਕ ਪਾਓਤਾਰ ਕੁਰੀਤਸਨਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ੬੦ ਵਰ੍ਹਿਆਂ ਦੇ ਇਸ ਖੇਤ-ਜਥੇਦਾਰ ਨੂੰ ਮਿਠੀ ਆਵਾਜ਼ ਜੁੜੀ ਹੋਈ ਹੈ। ਮੈਤਰਯੋਨਾ ਮਾਸ਼ਕੋ, ਬਚਿਆਂ ਦੀ ਨਰਸਰੀ ਦੀ ਇਕ ਨਰਸ, ਚੰਗਾ ਉੱਚਾ ਗੌਂ ਸਕਦੀ ਹੈ। ਵਛੇਰੇ ਪਾਲਣ ਵਾਲੀ ਯਾਕਾਤਰੀਨਾ ਸ਼ੂਮੀਲੋਵਾ ਨੂੰ ਡੂੰਘੀ ਤੇ ਮਧਮ ਆਵਾਜ਼ ਜੁੜੀ ਹੋਈ ਹੈ। ਉਹਦੀ ਆਵਾਜ਼ ਅਤਿ ਸੰਗੀਤਮਈ ਹੈ, ਉਹਦਾ ਗੌਣਾ ਸੁੱਚਾ ਤੇ ਪ੍ਰਗਟਾਊ ਹੈ। ਉਹਨੂੰ ਸਦਾ ਵਾਹ ਵਾਹ ਮਿਲਦੀ ਹੈ ਤੇ ਤਾੜੀਆਂ ਵਜਦੀਆਂ ਹਨ।

ਸੰਗੀਤਕਾਰਾਂ ਨੂੰ ਸਰਗਮ ਵਿਚ ਤੇ ਸੰਗੀਤ ਦੇ ਸਿਧਾਂਤ ਦੀ ਬਾਕਾਇਦਾ ਪੜ੍ਹਾਈ ਕਰਾਈ ਜਾਂਦੀ ਹੈ। ਇਕ ਅਧ ਗੀਤ ਲਈ ਹੀ ਕਿੰਨੀਆਂ ਕਿੰਨੀਆਂ ਰੀਹਰਸਲਾਂ ਕੀਤੀਆਂ ਜਾਂਦੀਆਂ ਹਨ। ਜਦੋਂ ਰੀਹਰਸਲਾਂ ਪੂਰੀਆਂ ਹੋ ਜਾਂਦੀਆਂ ਹਨ, ਸੰਗੀਤ-ਮਹਿਫ਼ਲ ਦੀ ਤਰੀਕ ਦਾ ਐਲਾਨ ਕਰਨ ਵਾਲੇ ਇਸ਼ਤਿਹਾਰ ਲਾ ਦਿਤੇ ਜਾਂਦੇ ਹਨ।

........ਇਕ ਸੰਗੀਤ-ਮਹਿਫ਼ਲ ਲਗੀ ਹੋਈ ਹੈ। ਇਸਤ੍ਰੀਆਂ ਮਿਲਦੇ ਜੁਲਦੇ ਉਚੇਰੇ-ਸੁਆਏ ਕਪੜੇ ਪਾਈ ਸਾਹਮਣੇਂ ਆਉਂਦੀਆਂ ਹਨ। ਮਰਦਾਂ ਨੇ ਕਾਲੇ ਕੋਟ ਜਾਂ ਕਢਾਈ ਵਾਲੀਆਂ ਰੂਸੀ ਕਮੀਜ਼ਾਂ ਪਾਈਆਂ ਹੋਈਆਂ ਹਨ। ਪਿੰਡ ਵਾਸੀ ਹਰ ਗੀਤ ਪਿਛੋਂ ਤਾੜੀਆਂ ਮਾਰਦੇ ਹਨ।

ਹਾਲ ਵਿਚ ਹਿਲ-ਜੁਲ ਹੈ ਕਿਉਂਕਿ ਮਹਿਫ਼ਲ ਦੇ ਪ੍ਰਬੰਧਕ ਨੇ ਐਲਾਨ ਕੀਤਾ ਹੈ ਕਿ ਅਗਲਾ ਪ੍ਰੋਗਰਾਮ ਪ੍ਰਚੱਲਤ ਵਿਸ਼ਿਆਂ ਦੇ ਗੌਣ ਹਨ। ਕੰਮ ਵਲ, ਸਮਾਜਕ ਫ਼ਰਜ਼ਾਂ ਵਲ, ਆਪਣੇਂ ਲੋਕਾਂ ਵਲ ਅਣ-ਗਹਿਲ ਵਤੀਰੇ ਦੇ ਮਖੌਲ-ਉਡਾਊ ਮਜ਼ਾਕੀਆ ਗਾਣੇ ਬਹੁਤ ਪਸੰਦ ਕੀਤੇ ਜਾਂਦੇ ਹਨ।

ਹਾਲ ਵਿਚ ਜ਼ੋਰਾਂ ਦਾ ਹਾਸਾ ਸੁਣੀਂਦਾ ਹੈ। ਸਰੋਤੇ ਚੁਭਵੇਂ ਵਿਅੰਗ ਤੇ ਚੰਗੇ ਮਖੌਲਾਂ ਨੂੰ ਸੁਣ ਬੇ-ਵਸੇ ਹੁੰਦੇ ਜਾ ਰਹੇ ਹਨ।

ਸਾਂਝੇ ਖੇਤ ਤੋਂ ਬਾਹਰ ਵੀ ਕੋਰਸ ਨੂੰ ਹੱਕੀ ਲੋਕ ਪਿਆਰਤਾ ਜੁੜਦੀ ਹੈ। ਇਹ ਅਕਸਰ ਗੋਰੋਦਤਸ ਜ਼ਿਲੇ ਦੇ ਥੀਏਟਰ ਵਿਚ ਮਹਿਫ਼ਲਾਂ ਲਾਂਦਾ ਹੈ ਤੇ ਰੇਡੀਓ ਤੋਂ ਬਰਾਡਕਾਸਟ ਕਰਦਾ ਹੈ। ਕੋਰਸ ਨੇ ਲਾਗਲੇ ਤੇ ਦੁਰਾਡੇ ਸਾਂਝੇ ਖੇਤਾਂ ਵਿਚ ਆਪਣੇ ਹੁਨਰ ਦੇ ਵਿਖਾਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ਦੂਰ ਕੀਤ । ਮਹਿਮਾਨਾਂ ਦੇ ਇਹ ਵਿਖਾਲੇ ਸਾਂਝੇ ਖੇਤ ਦੇ ਸੰਗੀਤਕਾਰਾਂ ਦੇ ਮੁਕਾਬਲੇ ਬਣ ਜਾਂਦੇ ਹਨ, ਕਿਉਂਕਿ ਗਵਾਂਢੀਆਂ ਦੇ ਆਪਣੇ ਕੋਰਸ ਹੁੰਦੇ ਹਨ। ਇਸ ਤਰ੍ਹਾਂ ਸੰਗੀਤਕਾਰਾਂ ਨੂੰ ਆਪਣਾ ਸੰਗੀਤ-ਭੰਡਾਰ ਵਿਸ਼ਾਲ ਤੇ ਵੰਨ-ਸੁਵੰਨਾ ਬਣਾਨ ਦੀ ਪ੍ਰੇਰਨਾ ਮਿਲਦੀ ਹੈ।

ਕਲੱਬ ਵਿਚ ਸ਼ਤਰੰਜ ਤੇ ਚੈਕਰ ਦੇ ਹਲਕੇ ਕਿੰਨੇ ਹੀ ਵਰ੍ਹਿਆਂ ਤੋਂ ਚਲੇ ਆ ਰਹੇ ਹਨ। ਇਹਦੇ ਵਿਚ ੬੦ ਜੁਆਨ ਤੇ ਬੁਢੇ ਕਿਸਾਨ ਖਿਡਾਰੀ ਜੁੜੇ ਹੋਏ ਹਨ। ਇਹ ਬੋਤਵੀਨੀਕ, ਸਮਿਸਲੋਵ, ਬਰੋਨ-ਸਤਾਇਨ, ਕੋਤੋਵ ਤੇ ਹੋਰਨਾਂ ਮਹਾਨ ਉਸਤਾਦਾਂ ਦੀਆਂ ਖੇਡਾਂ ਦਾ ਬੜੀ ਦਿਲਚਸਪੀ ਨਾਲ ਮੁਤਾਲਿਆ ਕਰਦੇ ਹਨ। ਸਾਂਝੇ ਖੇਤ ਵਿਚ ਸ਼ਤਰੰਜ ਦੀਆਂ ਟੂਰਨਾਮੈਂਟਾਂ ਕੀਤੀਆਂ ਜਾਂਦੀਆਂ ਹਨ। ਜੇਤੂਆਂ ਨੂੰ ਕਲੱਬ ਵਲੋਂ ਇਨਾਮ ਦਿਤੇ ਜਾਂਦੇ ਹਨ। ਤਾਜ਼ਾ ਟੂਰਨਾਮੈਂਟ ਦੇ ਜੇਤੂ ਪੇਂਡੂ "ਮਹਾਨ ਉਸਤਾਦ", ਸਕੂਲ ਮਾਸਟਰ ਐਨ. ਅਗਰਯੁਤਕਿਨ ਤੇ ਸਾਂਝਾ ਕਿਸਾਨ ਈ. ਪੈਰੋਸ਼ਕੋਵ ਸਨ। ਸਾਂਝੇ ਖੇਤ ਵਿਚ ਸ਼ਤਰੰਜ ਦੀ ਤਰੱਕੀ ਦਾ ਇਸ ਹਕੀਕਤ ਤੋਂ ਵੀ ਪਤਾ ਲਗਦਾ ਹੈ ਕਿ ਹਲਕੇ ਦੇ ਪੰਜ ਮੈਂਬਰਾਂ ਨੂੰ ਸ਼ਤਰੰਜ ਦੀ ਚੰਗੀ ਖੇਡ ਦੇ ਕਾਰਨ ਤਮਗੇ ਮਿਲੇ ਹਨ।

ਕਲੱਬ ਦੇ ਬੁਣਾਈ, ਸਿਲਾਈ ਤੇ ਕਢਾਈ ਦੇ ਹਲਕੇ ਸਾਂਝੇ ਖੇਤ ਦੀਆਂ ਇਸਤ੍ਰੀਆਂ ਤੇ ਕੁੜੀਆਂ ਵਿਚ ਬਹੁਤ ਹਰਮਨ-ਪਿਆਰੇ ਹਨ। ਸਥਾਨਕ ਮਾਹਿਰ ਇਹਨਾਂ ਹਲਕਿਆਂ ਦੀ ਰਾਹਨੁਮਾਈ ਕਰਦੇ ਹਨ ਤੇ ਕਦੀ ਕਦੀ ਸ਼ਹਿਰ ਤੋਂ ਵੀ ਹਦਾਇਤਕਾਰ ਸੱਦੇ ਜਾਂਦੇ ਹਨ।

<u>ਫ਼ਿਲਮ, ਲੈਕਚਰ</u> ਹਫ਼ਤੇ ਵਿਚ ਦੋ ਜਾਂ ਤਿੰਨ ਵਾਰੀ ਕਲੱਬ ਵਿਚ ਫੀਚਰ ਫਿਲਮਾਂ, ਡਾਕਿਊਮੈਂਟਰੀ ਫਿਲਮਾਂ ਤੇ ਹਰਮਨ-ਪਿਆਰੀਆਂ ਵਗਿਆਨਕ ਫਿਲਮਾਂ ਵਿਖਾਈਆਂ ਜਾਂਦੀਆਂ ਹਨ। ਸ਼ਹਿਰ ਵਿਚ ਲਗੀ ਨਵੀਂ ਫ਼ਿਲਮ ਛੇਤੀ ਹੀ ਪਿੰਡ ਵਿਚ ਲਿਆਈ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖੇਤ ਦੇ ਪ੍ਰਬੰਧਕ ਇਸ ਕੰਮ ਲਈ ਵਿਲ ਮਠ ਤੋਂ ਬਿਨਾਂ ਸਵਾਰੀ ਦਾ ਪ੍ਰਬੰਧ ਕਰਦੇ ਹਨ।

ਸਿਰਫ ਫੀਚਰ ਫ਼ਿਲਮਾਂ ਨੂੰ ਹੀ ਨਹੀਂ, ਸਗੋਂ ਉਹਨਾਂ ਰੰਗੀਨ ਖਬਰ ਰੀਲਾਂ, ' ਖੇਤੀ ਬਾੜੀ ਵਿਚ ਨਵਾਂ ਕੀ ਹੈ ?'' ਨੂੰ ਵੇਖਣ ਲਈ ਚੋਖੇ ਦਰਸ਼ਕ ਆਉਂਦੇ ਹਨ, ਜਿਹੜੀਆਂ ਸੋਵੀਅਤ ਸਾਂਝੇ ਕਿਸਾਨਾਂ ਦੀ ਸੋਵੀਅਤ ਐਗਰੋ-ਬਾਇਆਲੋਜੀ ਦੀਆਂ ਸਜਰੀਆਂ ਜਿੱਤਾਂ, ਖੇਤ-ਵਾਹੀ ਤੇ ਪਸ਼ੂ-ਪਾਲਣਾ ਦੇ ਪਿੜਾਂ ਵਿਚ ਸੋਸ਼ਲਿਸਟ ਖੇਤੀ ਬਾੜੀ ਦੇ ਮੁਖੀ ਨੁਮਾਇੰਦਿਆਂ ਦੇ ਤਜਰਬੇ ਨਾਲ ਪਛਾਨ ਕਰਾਂਦੀਆਂ ਹਨ। ਇਹਨਾਂ ਫ਼ਿਲਮਾਂ ਦੇ ਮੁਕਣ ਪਿਛੋਂ ਬਹੁਤ ਵਾਰੀ ਭਖਵੀਂਆਂ ਬਹਿਸਾਂ ਹੋ ਪੈਂਦੀਆਂ ਹਨ, ਕਿਉਂਕਿ ਹਰ ਕਿਸੇ ਨੂੰ ਇਸ ਸੁਆਲ ਵਿਚ ਦਿਲਚਸਪੀ ਹੈ ਕਿ ਕੀ ਆਪਣੇ ਖੇਤ ਵਿਚ ਇਕ ਜਾਂ ਦੂਜਾ ਉੱਨਤ ਢੰਗ ਵਰਤਿਆ ਜਾ ਸਕਦਾ ਹੈ ਜਾਂ ਨਹੀਂ।

ਸਾਂਝੇ ਖੇਤ ਵਿਚ ਬਾਲ-ਫ਼ਿਲਮਾਂ ਵੀ ਬੜੀਆਂ ਪਸੰਦ ਕੀਤੀਆਂ ਜਾਂਦੀਆਂ ਹਨ ਤੇ ਕਲੱਬ ਵਿਚ ਬਾਲਾਂ ਨੂੰ ਖੁਸ਼ ਕਰਨ ਲਈ ਉਚੇਚੇ ਦੁਪਹਿਰ ਦੇ ਸ਼ੋ ਕੀਤੇ ਜਾਂਦੇ ਹਨ।

ਕਲੱਬ ਵਿਚ ਸਥਾਨਕ ਵਿਦਵਾਨ, ਸਾਂਝੇ ਖੇਤ ਦੇ ਮਨੇਜਰ ਤੇ ਮੁਖੀ ਸੋਵੀਅਤ ਕਿਸਾਨ ਲੈਕਚਰ ਦੇਂਦੇ ਹਨ। ਆਮ ਤੌਰ ਤੇ ਹਫ਼ਤੇ ਵਿਚ ਇਕ ਲੈਕਚਰ ਹੁੰਦਾ ਹੈ। ਸ਼ਹਿਰ ਗੋਰਕੀ ਦੇ ਖੇਤੀ-ਮਾਹਿਰ, ਆਈ. ਪੁਗਾਚੇਵ ਦੇ ਖੇਤੀ ਬਾੜੀ ਵਿਚ ਭਵਿਖੀ ਕੰਮ-ਢੰਗ ਦੇ ਵਿਸ਼ੇ ਤੇ ਦਿਤੇ ਲੈਕਚਰ ਵਿਚ ਚੋਖੀ ਦਿਲਚਸਪੀ ਲਈ ਗਈ। ਸਾਂਝੇ ਖੇਤ ਦੇ ਦਵਾ ਖਾਨੇ ਦੀ ਡਾਕਟਰ ਤਮਾਰਾ ਪਰਯਾਨਿਸ਼ਨੀਕੋਵਾ ਨੇ ਕਲਬ ਵਿਚ ''ਆਂਦਰਾਂ ਦੇ ਰੋਗਾਂ ਦੀ ਰੋਕ ਥਾਮ'' ਤੇ ''ਬਾਲ ਰੋਗ ਤੇ ਉਹਨਾਂ ਤੋਂ ਬਚਾਓ'' ਤੇ ਲੈਕਚਰ ਦਿਤੇ ਸਕੂਲ ਦੀ ਡਾਇਰੈਕਟਰ ਮੇਰੀਆਂ ਪੋਰੋਸ਼ਕੋਵਾ ਨੇ ਮਾਪਿਆਂ ਨੂੰ ਬਚਿਆਂ ਦੀ ਵਿਦਿਆ ਬਾਰੇ ਲੈਕਚਰ ਦਿਤਾ।

ਸਨੀਚਰ ਤੇ ਐਤਵਾਰਾਂ ਨੂੰ ਕਲੱਬ ਦੇ ਕਮਰਿਆਂ ਵਿਚ ਉਚੇਚੀ

CC-0. In Public Domain. Gurukul Kangri Collection, Haridwar

ਰੌਣਕ ਹੁੰਦੀ ਹੈ। ਲਾਬੀਆਂ, ਕਮਰਿਆਂ ਤੇ ਹਾਲ ਵਿਚ ਲੋਕਾਂ ਨੇ ਸੁਹਣੇ ਕਪੜੇ ਪਾਏ ਹੁੰਦੇ ਹਨ, ਕਪੜੇ ਤੇ ਉਹਨਾਂ ਦੀ ਵਿਤਰ ਸ਼ਹਿਰਾਂ ਵਾਲੀ ਹੁੰਦੀ ਹੈ। ਸਾਂਝੇ ਕਿਸਾਨ ਆਪਣੀਆਂ ਪਤਨੀਆਂ ਨਾਲ ਪਿੰਡ ਵਾਸੀਆਂ ਨੂੰ ਮਿਲਣ ਤੇ ਤਾਜ਼ਾ ਖਬਰਾਂ ਤੇ ਬਹਿਸ ਕਰਨ, ਸ਼ੌਕੀਆ ਕਲਾ ਦਾ ਵਿਖਾਲਾ ਜਾਂ ਕੋਈ ਫ਼ਿਲਮ ਵੇਖਣ ਆਉਂਦੇ ਹਨ। ਨੌਜਵਾਨ ਫ਼ਿਲਮ ਮੁਕਣ ਪਿਛੋਂ ਨਾਚ ਲਈ ਠਹਿਰ ਜਾਂਦੇ ਹਨ। ਸੰਗੀਤ ਸਾਂਝੇ ਖੇਤ ਦੇ ਹਥ-ਵਾਜਾ ਵਜਾਣ ਵਾਲੇ ਸਾਂਝੇ ਕਿਸਾਨ ਜਾਂ ਰਡਿਓਲਾ ਤੋਂ ਮਿਲ ਜਾਂਦਾ ਹੈ। ਨੌਜਵਾਨ ਸ਼ਾਮਾਂ ਗੂੜ੍ਹੀਆਂ ਹੋਣ ਤੇ ਕਲੱਬ ਤੋਂ ਆਰਾਮ ਲੈ ਕੇ, ਖੁਸ਼ੀ-ਭਰੇ, ਅਗਲੇ ਦਿਨ ਦੇ ਕੰਮ ਨੂੰ ਸਜਰੇ ਜੋਸ਼ ਨਾਲ ਸ਼ੁਰੂ ਕਰਨ ਲਈ ਤਿਆਰ ਹੋ ਕੇ ਨਿਕਲਦੇ ਹਨ।

<u>ਲਾਇਬ੍ਰੇਰੀ</u> ਇਹ ਕਹਿਣਾ ਅਤਿ-ਕਥਨੀ ਨਹੀਂ ਕਿ ਅਜ ਸੋਵੀਅਤ ਕਿਸਾਨ ਕਿਤਾਬਾਂ ਨੂੰ ਪਿਆਰ ਕਰਦਾ ਹੈ। ਗਿਆਨ ਲਈ ਭੁਖ, ਸਾਇੰਸ ਤੇ ਜੀਵਨ ਬਾਰੇ ਹੋਰ ਜਾਣਨ ਦਾ ਸ਼ੌਕ ਤੇ ਸਾਹਿਤ ਵਿਚ ਦਿਲਚਸਪੀ ਸੱਚੇ ਤੌਰ ਤੇ ਬੇਅੰਤ ਹੈ। ਸਾਂਝੇ ਖੇਤ ਦੇ ਕਿੰਨੇ ਹੀ ਘਰਾਂ ਵਿਚ ਨਿੱਜੀ ਲਾਇਬ੍ਰੇਰੀਆਂ ਹਨ ਤੇ ਤਕਰੀਬਨ ਸਾਰੇ ਦੇ ਸਾਰੇ ਵਾਸੀ ਪਿੰਡ ਦੀ ਲਾਇਬ੍ਰੇਰੀ ਦੇ ਮੈਂਬਰ ਹਨ, ਜਿਦ੍ਹੇ ਵਿਚ ੪,੦੦੦ ਕਿਤਾਬਾਂ ਹਨ।

ਲਾਇਬ੍ਰੇਰੀ ਦੀ ਪ੍ਰਬੰਧਕ, ਤਾਤਿਆਨਾ ਬੋਗਦਾਨੋਵਾ ਇਕ ਸਾਂਝੇ ਕਿਸਾਨ ਦੀ ਧੀ ਹੈ। ਇਹ ਚੰਗੀ ਪੜ੍ਹੀ ਲਿਖੀ ਜੁਆਨ ਇਸਤ੍ਰੀ ਬਾਕਾਇਦਾ ਕਿਤਾਬਾਂ ਦੀ ਪੜ੍ਹਾਈ ਵਿਚ ਡੁੱਬੀ ਰਹਿੰਦੀ ਹੈ। ਉਹਨੇ ਲਾਇਬ੍ਰੇਰੀ ਦੇ ਮੈਂਬਰਾਂ ਦੀਆਂ ਰੁਚੀਆਂ ਦਾ ਸੰਪੂਰਨ ਮੁਤਾਲਿਆ ਕੀਤਾ ਹੋਇਆ ਹੈ ਤੇ ਉਹ ਸਿਰਫ਼ ਕਿਤਾਬਾਂ ਦੇ ਹੀ ਨਹੀਂ ਦੇਂਦੀ, ਉਹ ਸਲਾਹਕਾਰ ਦੇ ਫ਼ਰਜ਼ ਵੀ ਨਿਭਾਂਦੀ ਹੈ ਤੇ ਪਾਠਕ ਦੇ ਸ਼ੌਕ ਨੂੰ ਉਸਾਰਦੀ ਹੈ।

ਲਾਇਬ੍ਰੇਰੀ ਦੇ ੬ ਸੌ ਬਾਕਾਇਦਾ ਮੈਂਬਰਾਂ ਵਿਚ ਅਧ-ਖੜ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਤਮੀਰੀਯਾਜ਼ੇਵ ਸਾਂਝੇ ਦੀ ਲਾਇਬਰੇਰੀ
ਖਬਿਓਂ ਸਜੇ : ਸਾਂਝਾ ਕਿਸਾਨ, ਅਨਾਨੀ ਜ਼ੂਬਕੋਵ, ਲਾਇਬਰੇਰੀ ਦੀ ਮੈਨੇਜਰ ਅਲੇਵਤੀਨਾ
ਸੁਖੋਵਾ ਤੇ ਇਕ ਸੱਠਾਂ ਵਰ੍ਹਿਆਂ ਦੀ ਸਾਂਝੀ ਕਿਸਾਨ ਐਨਾ ਲੋਕਤੇਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਂਝੇ ਕਿਸਾਨ, ਨੌਜਵਾਨ, ਉਸਤਾਦ, ਖੇਤੀ ਮਾਹਿਰ ਤੇ ਸਕੂਲ ਬੱਚੇ ਸ਼ਾਮਲ ਹਨ। ਹਰ ਇਕ ਦੀ ਆਪੋ ਆਪਣੀ ਪਸੰਦ ਦੇ ਲਿਖਾਰੀ ਤੇ ਕਵੀ ਹਨ ਤੇ ਵਿਸ਼ੇਸ਼ ਦਿਲ-ਚਸਪੀਆਂ ਹਨ।

ਮੈਂ ਮੈਂਬਰਾਂ ਦੇ ਇੰਡਕਸ ਵਿਚੋਂ ਕੁਝ ਕਾਰਡ ਬਿਨਾ ਸੋਚੇ ਚੁਕ ਲਏ। ਉਹਨਾਂ ਵਿਚ ਇਕ ਖੇਤ-ਵਾਹੀ ਦੇ ਜੱਥੇ ਦੇ ਲੀਡਰ, ਨਿਕੋਲਾਈ ਗਰੋਸ਼ੇਵਕਿਨ ਦਾ ਸੀ। ਉਹ ਕੀ ਪੜ੍ਹਦਾ ਹੈ ? ਕਾਰਡ ਤੇ ਇਹ ਨਾਂ ਸਨ : "ਐਗਰੋ-ਬਾਇਆਲੋਜੀ", ਲੇਖਕ, ਅਕਾਦਮਿਸ਼ਨ ਲਾਇਸੇਂਕੋ, "ਭੋਂਏ-ਵਗਿਆਨ ਦੀਆਂ ਨੀਹਾਂ", ਲੇਖਕ, ਅਕਾਦਮਿਸ਼ਨ ਵਿਲੀਅਮਜ਼, 'ਖੇਤ ਦੀਆਂ ਫਸਲਾਂ",ਲੇਖਕ, ਅਕਾਦਮਿਸ਼ਨ ਯਾਕੂਸ਼ਕਿਨ। ਕਿੰਨੇ ਹੀ ਕਹਾਣੀਕਾਰਾਂ ਤੇ ਨਾਵਲਕਾਰਾਂ ਦੇ ਨਾਂ ਵੀ ਸਨ : ਸੋਵੀਅਤ ਲਿਖਾਰੀਆਂ ਸ਼ੋਲੋਖੋਵ, ਸੀਮਨੋਵ ਤੇ ਗਲਾਡਕੋਵ ਤੇ ਕਲਾਸੀਕਲ ਲਿਖਾਰੀਆਂ ਲਿਉ ਟਾਲਸਟਾਏ, ਤੁਰਗਨੇਵ, ਬਾਲਜ਼ਕ ਤੇ ਹੂਗੋ ਦੇ।

ਇਕ ਗਾਡੀ ਮਿਖੇਲ ਪਲਯੂਖੋਵ ਦੇ ਰੀਕਾਰਡ ਤੋਂ ਪਤਾ ਲਗਦਾ ਸੀ ਕਿ ਉਹਨੇ ਮੈਕਸਿਮ ਗੋਰਕੀ ਤੇ ਅਲੈਕਸਈ ਟਾਲਸਟਾਏ ਦੇ ਤਕਰੀਬਨ ਸਾਰੇ ਦੇ ਸਾਰੇ ਨਾਵਲ ਤੇ ਚੇਖ਼ੋਵ ਦੀਆਂ ਕਹਾਣੀਆਂ ਤੇ ਨਵੀਨ ਲੇਖਕਾਂ ਦੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਹਨ। ਪਲੀਯੂਖੋਵ ਇਕ ਵਡੇਰੀ ਉਮਰ ਵਾਲਾ ਆਦਮੀ ਹੈ, ਜਿੰਨ੍ਹੇ ਇਨਕਲਾਬ ਤੋਂ ਪਹਿਲੋਂ ਸਿਰਫ਼ ੩ ਜਮਾਤਾਂ ਪੜ੍ਹੀਆਂ ਹੋਈਆਂ ਸਨ, ਪਰ ਹੁਣ ਉਹ ਇਕ ਡੂੰਘੇ ਸ਼ੌਕ ਵਾਲਾ ਪਾਠਕ ਹੈ।

"ਮੈਂ ਸਾਰੀਆਂ ਸਜਰੀਆਂ ਘਟਨਾਵਾਂ ਤੋਂ ਜਾਣੂ ਰਹਿਣਾ ਚਾਹੁੰਦਾ ਹਾਂ," ਉਹਨੇ ਮੈਨੂੰ ਮੁਸਕਰਾਂਦਿਆਂ ਦਸਿਆ।

ਲਾਇਬ੍ਰੇਰੀ ਬਾਕਾਇਦਾ ਸਾਹਿਤਕ ਬਹਿਸਾਂ ਦਾ ਪ੍ਰਬੰਧ ਕਰਦੀ ਹੈ। ਇਹ ਬਹਿਸਾਂ ਬੜੀਆਂ ਸੁਆਦਲੀਆਂ ਹੁੰਦੀਆਂ ਹਨ ਤੇ ਉਹ ਸਾਂਝੇ ਕਿਸਾਨਾਂ ਵਿਚ ਪਸੰਦ ਕੀਤੀਆਂ ਜਾਂਦੀਆਂ ਹਨ। ਗਾਲੀਨਾ ਨਿਕੋਲਾਯੇਵਾ ਰਚਿਤ ਨਾਵਲ "ਵਾਢੀ" ਵਿਚ ਚੋਖੀ ਦਿਲਚਸਪੀ ਲਈ ਗਈ। ਇਤਫ਼ਾਕ ਨਾਲ, ਇਹ ਨਾਵਲ ਗੋਰਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖੰਡ ਵਿਚਲੇ ਇਕ ਸਾਂਝੇ ਖੇਤ ਤ ਉਸਰਿਆ ਹੋਇਆ ਹੈ। ਇਸ ਕਿਤਾਬ ਤੇ ਜੋ ਬਹਿਸ ਹੋਈ, ਉਸ ਵਿਚ ੩ ਸੌ ਸਾਂਝੀਆਂ ਕਿਸਾਨ ਇਸਤ੍ਰੀਆਂ ਤੇ ਮਰਦਾਂ ਨੇ ਹਿੱਸਾ ਲਿਆ।

ਹੇਠ-ਲਿਖੀ ਮਿਸਾਲ ਸਾਂਝੇ ਖੇਤ ਦੀ ਜ਼ਿੰਦਗੀ ਵਿਚ ਲਾਇਬ੍ਰੇਰੀ ਦੇ ਹਿਸੇ ਨੂੰ ਸਪੱਸ਼ਟ ਕਰੇਗੀ। ਸਤਾਲਿਨ ਇਨਾਮ ਜੇਤੂ, ਪਸ਼ੂ-ਪਾਲਣਾ ਦੇ ਪ੍ਰਸਿਧ ਸੋਵੀਅਤ ਕਾਢਕਾਰ ਸਤਾਨਿਸਲਾਵ ਸ਼ੁਤਈਮਾਨ ਦੀ ਲਿਖੀ ਕਿਤਾਬ "ਕਰਾਵਾਯੇਵੋ ਰੀਕਾਰਡ ਵਗ ਕਿਵੇਂ ਬਣਾਇਆ ਗਿਆ" ਉਤੇ ਬਹਿਸ ਕਰਾਈ ਗਈ।

ਇਸ ਕਿਤਾਬ ਵਿਚ ਦਿਲਚਸਪੀ ਦਾ ਕਾਰਨ ਇਹ ਸੀ ਕਿ ਕਾਰਾਵਾਯੇਵੋ ਸਾਂਝੇ ਖੇਤ ਵਿਚ ਪਾਲੀਆਂ ਗਾਂਵਾਂ ਸਥਾਨਕ ਗਾਂਵਾਂ ਨਾਲੋਂ ਤੀਣਾ ਚੌਣਾ ਦੁਧ ਦੇਂਦੀਆਂ ਹਨ। ਗਾਂਵਾਂ ਦੀ ਇਸ ਨਵੀਂ ਨਸਲ ਦੀ ਸਿਖਲਾਈ ਦਾ ਢੰਗ, ਜਿਹੜੀਆਂ ੬,੦੦੦ ਤੋਂ ੧੩,੦੦੦ ਲਿਟਰ ਦੁਧ ਸਾਲਾਨਾ ਦੇਂਦੀਆਂ ਹਨ, ਦਿਲਚਸਪ ਤੇ ਮੌਲਕ ਹੈ।

ਕਿਤਾਬ ਤੇ ਬਹਿਸ ਦਾ ਨਤੀਜਾ ਇਹ ਨਿਕਲਿਆ ਕਿ ਵਛੇਰੇ-ਪਾਲਕ ਐਨਾ ਕੋਮਲੇਵਾ ਤੇ ਗਵਾਲਨ ਅਨਾਸਤਾਸੀਆ ਕਲੇਵੋਟਾ ਨੇ ਖੇਤ ਦੇ ਪ੍ਰਬੰਧਕਾਂ ਅਗੇ ਤਜਵੀਜ਼ ਰਖੀ ਕਿ ਤਮੀਰੀਯਾਜ਼ੇਵ ਸਾਂਝੇ ਖੇਤ ਵਿਚ ਲਵੇਰੀਆਂ ਦੀਆਂ ਨਸਲਾਂ ਉੱਨਤ ਕਰਨ ਦੀ ਸਕੀਮ ਬਣਾਈ ਜਾਏ।

ਲਾਇਬ੍ਰੇਰੀ ਕਿਤਾਬਾਂ ਨੂੰ ਹਰਮਨ-ਪਿਆਰਾ ਬਣਾਨ ਲਈ ਉਹਨਾਂ ਦੀ ਵਿਆਖਿਆ ਦਾ ਪ੍ਰਬੰਧ ਕਰਦੀ ਹੈ। ਹਰ ਆਇਆ ਸਜਨ ਪੁਸਤਕਾਂ ਦੀ ਮੰਡੀ ਵਿਚਲੀਆਂ ਨਵੀਆਂ ਕਿਤਾਬਾਂ ਤੋਂ ਜਾਣੂ ਹ ਸਕਦਾ ਹੈ। ਕਿਤਾਬਾਂ ਦੇ ਸੰਖੇਪ ਟੀਕੇ ਮਿਲ ਸਕਦੇ ਹਨ। ਸੋਵੀਅਤ ਯੂਨੀਅਨ ਵਿਚ ਹਾਇਡਰੋ-ਅਲੈਕਟ੍ਰਿਕ ਸਟੇਸ਼ਨ ਦੀ ਉਸਾਰੀ, ਵਿਕਟਰ ਹ੍ਯੂਗੋ ਦਾ ੧੫੦ ਵਾਂ ਜਨਮ ਦਿਨ ਤੇ ਲਿਓਨਾਰਦੋ ਦਾ ਵਿਨਸੀ ਦਾ ੫੦੦ ਵਾਂ ਵਰ੍ਹੀਣਾ ਮਨਾਣ ਲਈ ਕੀਤੀਆਂ ਗਈਆਂ ਨੁਮਾਇਸ਼ਾਂ ਦੀਆਂ ਤਸਵੀਰਾਂ ਦੀ ਵਿਆਖਿਆ ਨੇ ਚੋਖੀ ਦਿਲਚਸਪੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਦਾ ਕੀਤੀ। ਲਾਇਬ੍ਰੇਰੀ ਵਿਚ ਸਾਂਝੇ ਕਿਸਾਨਾਂ ਨੇ ਇਹਨਾਂ ਮਹਾਨ ਹਸਤੀਆਂ ਦੇ ਜੀਵਨ ਤੇ ਕੰਮ ਉਤੇ ਲੈਕਚਰ ਸੁਣੇ।

ਪਿੰਡ ਵਿਚ ਇਕ ਨਵੀਂ ਹਸਤੀ ਕਿਤਾਬਾਂ ਪਹੁੰਚਾਣ ਵਾਲਾ ਹੈ। ਇਹ ਆਮ ਤੌਰ ਤੇ ਵਡੀਆਂ ਜਮਾਤਾਂ ਦੇ ਸਕੂਲੀ ਬੱਚੇ ਹੁੰਦੇ ਹਨ, ਜਿਹੜੇ ਮੈਂਬਰਾਂ ਨੂੰ ਕਿਤਾਬਾਂ ਪਹੁੰਚਾ ਕੇ ਤਾਜ਼ਾ ਰਚਨਾਵਾਂ ਨੂੰ ਹਰਮਨ-ਪਿਆਰਾ ਬਣਾ ਕੇ ਅਤੁਟ ਸੇਵਾ ਕਰਦੇ ਹਨ। ਜਦੋਂ ਕਦੀ ਕੋਈ ਸਾਂਝਾ ਕਿਸਾਨ ਕੋਈ ਨਵੀਂ ਕਿਤਾਬ ਖਰੀਦਣਾ ਚਾਹੁੰਦਾ ਹੈ, ਕਿਤਾਬਾਂ ਪਹੁੰਚਾਣ ਵਾਲਾ ਸਥਾਨਕ ਕਿਤਾਬ ਘਰ ਤੋਂ ਕਿਤਾਬ ਲੈ ਕੇ ਕਿਸਾਨ ਦੇ ਘਰ ਦੇ ਆਉਂਦਾ ਹੈ। ਸਕੂਲੀ ਬੱਚੇ ਇਹ ਸੇਵਾ ਆਪਣੇ ਆਪ ਕਰਦੇ ਹਨ। ਉਹਨਾਂ ਨੂੰ ਆਪਣੇ ਇਸ ਸਭਿਆਚਾਰਕ ਉਦੇਸ਼ ਦਾ ਡਾਢਾ ਮਾਣ ਹੈ। ਖੇਤ ਦੇ ਕੇਂਦਰੀ ਹਿਸੇ ਤੋਂ ਢਾਈ ਤਿੰਨ ਮੀਲਾਂ ਦੀ ਦੂਰੀ ਵਾਲੇ ਪਿੰਡਾਂ ਲਈ ਸਫ਼ਰੀ ਲਾਇਬ੍ਰੇਰੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਹਰ ਮਹੀਨੇ ਕਿਤਾਬਾਂ ਦਾ ਸਟਾਕ ਬਦਲ ਦਿਤਾ ਜਾਂਦਾ ਹੈ। ਮੈਂਬਰ ਪੁਰਾਣੀਆਂ ਕਿਤਾਬਾਂ ਮੋੜ ਦੇਂਦੇ ਹਨ ਤੇ ਨਵੀਆਂ ਲੈ ਲੈਂਦੇ ਹਨ ਤੇ ਲਾਇਬ੍ਰੇਰੀ ਗੁਆਂਢੀ ਪਿੰਡ ਚਲੀ ਜਾਂਦੀ ਹੈ। ਕਿਤਾਬਾਂ ਦੇਣ ਤੇ ਬਦਲਣ ਤੋਂ ਇਲਾਵਾ ਕਿਤਾਬਾਂ ਪਹੁੰਚਾਣ ਵਾਲੇ ਸਕੂਲੀ ਬੱਚੇ ਸਾਂਝੇ ਕਿਸਾਨਾਂ ਦੇ ਘਰਾਂ ਵਿਚ ਕਿਤਾਬਾਂ ਪੜ੍ਹ ਕੇ ਸੁਣਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਦੇ ਅਥਲੀਟ

ਸਾਂਝੇ ਖੇਤ ਵਿਚ ੧੦੦ ਤੋਂ ਵਧੇਰੇ ਨੌਜਵਾਨ ਮੁੰਡੇ ਕੁੜੀਆਂ ਵਖ ਵਖ ਕਸਰਤੀ ਗਰੋਹਾਂ, ਫੁਟ ਬਾਲ, ਵਾਲੀ ਬਾਲ, ਨਿਸ਼ਾਨਾਂ ਬਾਜ਼ੀ ਤੇ ਸਾਈਕਲ ਸਵਾਰੀ.....ਵਿਚ ਰਲੇ ਹੋਏ ਹਨ। ਇਹ ਸਾਰੀਆਂ ਖੇਡਾਂ ਪਿੰਡ ਦੇ ਨੌਜਵਾਨਾਂ ਵਿਚ ਬਹੁਤ ਚਾਹੀਆਂ ਜਾਂਦੀਆਂ ਹਨ, ਪਰ ਸਭ ਤੋਂ ਹਰਮਨ-ਪਿਆਰੀ ਖੇਡ ਫੁਟਬਾਲ ਹੈ।

ਏਥੋਂ ਦੀ ਫੁਟ ਬਾਲ ਦੀ ਟੀਮ ਸੋਵੀਅਤ ਯੂਨੀਅਨ ਦੀ "ਕੋਲਖੋਜ਼ਨੀਕ ਸਪੋਰਟਸ ਸੋਸਾਇਟੀ" ਦੀ ਮੈਂਬਰ ਹੈ। ਇਹ ਚੰਗੀ ਤਕੜੀ ਟੀਮ ਹੈ। ਕਿੰਨੇ ਹੀ ਦੋਸਤਾਨਾ ਮੈਚਾਂ ਵਿਚ ਤਮੀਰੀਯਾਜ਼ੇਵ ਸਾਂਝੇ ਖੇਤ ਦੇ ਅਥਲੀਟਾਂ ਦੀ ਜਿਤ ਹੋਈ ਹੈ।

ਪਿੰਡ ਦੇ ਗਭਰੂਆਂ ਤੇ ਮੁਟਿਆਰਾਂ ਤੇ ਸਕੂਲੀ ਬਚਿਆਂ ਵਿਚ ਸਕੀਇੰਗ ਬਹੁਤ ਪਸੰਦ ਕੀਤੀ ਜਾਂਦੀ ਹੈ। ਦੁਪਹਿਰ ਪਿਛੋਂ ਜਦੋਂ ਦਿਨ ਦਾ ਕੰਮ ਖਤਮ ਹੋ ਜਾਂਦਾ ਹੈ ਤੇ ਐਤਵਾਰ ਵਾਲੇ ਦਿਨ ਨੌਜਵਾਨ ਮੁੰਡੇ ਕੜੀਆਂ ਨੂੰ ਪਿੰਡੋਂ ਬਾਹਰ ਵਾਰ ਉਚੀਆਂ ਬਰਫ਼-ਕਜੀਆਂ ਪਹਾੜੀਆਂ ਤੇ ਚੜ੍ਹਦਿਆਂ ਤੇ ਉਹਨਾਂ ਦੀਆਂ ਢਲਾਣਾਂ ਤੋਂ ਤਿਲਕਦਿਆਂ ਵੇਖਿਆ ਜਾ ਸਕਦਾ ਹੈ। ਸਕੀਅਰ ਪਿੰਡ ਦੀ ਅਥਲੀਟ ਪੋਲੀਨਾ ਗੋਸਤੀਨਤਸੇਵਾ ਦੇ ਸਿਖਲਾਏ ਹੋਏ ਹਨ। ਉਹਦੇ ਸਿਖਲਾਏ ਸਕੀਅਰ ਇਲਾਕਾਈ, ਰੀਪਬਲਿਕੀ ਤੇ ਏਥੋਂ ਤਕ ਕਿ ਸੋਵੀਅਤ ਯੂਨੀਅਨ ਦੇ ਮੁਕਾਬਲਿਆਂ ਵਿਚ ਹਿੱਸਾ ਲੈ ਚੁਕੇ ਹਨ।

ਪੋਲੀਨਾ ਗੋਸਤੀਨਤਸੇਵਾ ਆਪ ਸੰਨ ੧੯੪੮ ਵਿਚ ਪੇਂਡੂ ਨੌਜਵਾਨਾਂ ਲਈ ਜਥੇਬੰਦ ਕੀਤੇ ਸਕੀਇੰਗ ਦੇ ਮੁਕਾਬਲਿਆਂ ਵਿਚ ਪਹਿਲੇ ਨੰਬਰ ਤੇ ਆਈ ਤੇ ਉਹਨੂੰ "ਖੇਡ ਦੀ ਉਸਤਾਦ" ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਪਾਓਤਰ ਕਰਈਲੋਵ, ਖੇਤ ਦਾ ਚੰਗਾ ਸਕੀਅਰ, ਮੁਕਾਬਲੇ ਲਈ
ਤਿਆਰੀ ਕਰ ਰਿਹਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਿਤਾਬ ਮਿਲਿਆ। ਦੋ ਵਰ੍ਹੇ ਪਿਛੋਂ ਉਹਦੇ ਗਰੋਹ ਦੇ ਦੋ ਮੈਂਬਰਾਂ, ਜਵਾਨ ਸਾਂਝੇ ਕਿਸਾਨਾਂ ਯਾਫੀਮ ਯਾਸ਼ਿਨ ਤੇ ਅਲੈਕਸਈ ਕੂਜ਼ਨੇਤਸੋਵ ਨੇ ਚੰਗੇ ਨਤੀਜੇ ਪ੍ਰਾਪਤ ਕੀਤੇ ਤੇ ਇਹੋ ਖਿਤਾਬ ਜਿਤਿਆ। ਪੋਲੀਨਾ ਦੀ ਛੋਟੀ ਭੈਣ, ਮਾਰੀਆ ਇਕ ਸ਼ਾਨਦਾਰ ਸਕੀਅਰ ਹੈ ਤੇ ਪੋਲੀਨਾ ਦੀ ਇਕ "ਖਤਰਨਾਕ ਰਕੀਬ" ਬਣਦੀ ਜਾ ਰਹੀ ਹੈ। ਸਾਂਝੇ ਕਿਸਾਨ, ਮਾਰੀਆ ਮਾਲਯਸ਼ੇਵਾ, ਸਤੀਪਨ ਲੋਕਤੇਵ, ਤਬੇਲੇ ਵਿਚ ਕੰਮ ਕਰਨ ਵਾਲਾ ਕਾਮਾ, ਦਮਿਤਰੀ ਤੇਤਯੂਯੇਵ ਤੇ ਐਨਾ ਗੋਰੀਚੇਵਾ ਪਿੰਡ ਦੇ ਸਭ ਤੋਂ ਚੰਗੇ ਸਕੀਅਰਾਂ ਵਿਚੋਂ ਹਨ।

ਦੌੜਾਂ ਤੇ ਮੈਦਾਨ ਦੀਆਂ ਕਸਰਤਾਂ ਤੇ ਜਿਮਨਾਸਟਕ ਚੋਖੀਆਂ ਪਸੰਦ ਕੀਤੀਆਂ ਜਾਂਦੀਆਂ ਹਨ। ਪੋਲੀਨਾ ਗੋਸਤੀਨਤਸੇਵਾ ਇਸ ਖੇਤਰ ਵਿਚ ਵੀ ਅਗੇ ਲੰਘ ਗਈ ਹੈ। ਉਹਨੇ ੧੦੦ ਮੀਟਰ ਦੀ ਦੌੜ, ਲੰਮੀ ਛਾਲ, ਜੈਵਾਲੀਨ ਤੇ ਸ਼ਾਟ ਪੁਟ ਵਿਚ ਗੋਰਕੀ ਖੰਡ ਦਾ ਖਿਤਾਬ ਜਿਤਿਆ। ਪਿਛਲੇ ਵਰ੍ਹਿਆਂ ਵਿਚ ਤੈਰਾਕੀ ਤੇ ਕਿਸ਼ਤੀਆਂ ਦੀਆਂ ਦੌੜਾਂ ਵੀ ਸਾਂਝੇ ਖੇਤ ਵਿਚ ਚੋਖੇ ਲੋਕਾਂ ਨੂੰ ਖਿਚ ਰਹੀਆਂ ਹਨ। ਕਈ ਸ਼ਿਕਾਰ ਤੇ ਮੱਛੀਆਂ ਫੜਨ ਦੇ ਸ਼ੁਕੀਨ ਹਨ।

ਸਾਂਝੇ ਖੇਤ ਦੇ ਜਵਾਨ ਲੋਕਾਂ ਨੂੰ ਵਿਦਿਆ, ਆਪਾ-ਉਸਾਰੀ ਤੇ ਤਰੱਕੀ ਦੇ ਸਾਰੇ ਮੌਕੇ ਮਿਲਦੇ ਹਨ। ਉਹ ਖੇਤ-ਵਾਹੀ ਤੇ ਪਸ਼ੂ-ਪਾਲਣਾ ਦੇ ਹਿਸਿਆਂ ਦੇ ਸਭ ਤੋਂ ਸੁਚੱਜੇ ਕਾਮੇ ਹਨ। ਉਹ ਆਪਣੀ ਵਿਹਲ ਚੰਗੀ ਤਫ਼ਰੀਹ ਤੇ ਖਰਚ ਕਰਦੇ ਹਨ ਤੇ ਲਗਾਤਾਰ ਆਪਣਾ ਸਭਿਆਚਾਰਕ ਨਜ਼ਰੀਆ ਵਿਸ਼ਾਲ ਕਰ ਰਹੇ ਹਨ। ਇਹ ਇਕ ਨਰੋਈ ਜੁਆਨ ਨਸਲ, ਜੁਸ਼ੀਲੀ, ਆਸ਼ਾਵਾਦੀ, ਤੇ ਮਾਤਭੂਮੀ ਨਾਲ ਡੂੰਘਾ ਪਿਆਰ ਕਰਨ ਵਾਲੀ ਨਸਲ ਹੈ।

ਮੈਂ ਅਮਲੀ ਤੌਰ ਤੇ ਇਹ ਕਿਤਾਬ ਮੁਕਾ ਹੀ ਬੈਠਾ ਸਾਂ ਕਿ ਮੈਂ ਅਖ਼ਬਾਰ ਵਿਚ ਹੇਠ ਲਿਖੀ ਰਿਪੋਰਟ ਪੜ੍ਹੀ : ੧੪ ਫ਼ਰਵਰੀ,੧੯੫੪-ਤਮੀਰੀਯਾਜ਼ੇਵ ਸਾਂਝੇ ਖੇਤ ਦਾ ਇਕ ਸਾਂਝਾ ਕਿਸਾਨ, ਅਲੈਕਸਈ ਕੂਜ਼ਨੇਤਸੋਵ ਫਾਲੂਨ (ਸਵੀਡਨ) ਵਿਚ ਹੋਏ ਸਕੀਇੰਗ ਦੇ ਮੁਕਾਬਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸਾਂਝੇ ਖੇਤ ਦੀ ਵਾਲੀ ਬਾਲ ਟੀਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਬਾਰ੍ਹਵਾਂ ਆਇਆ, ਉਹਨੇ ੩੦ ਕਿਲੋਮੀਟਰ ਇਕ ਘੰਟੇ, ੫੪ ਮਿੰਟਾਂ ਤੇ ੧੩ ਸਕਿੰਟਾਂ ਵਿਚ ਮੁਕਾਏ ਤੇ ਖ਼ਾਤਮੇ ਦੀ ਲੀਕ ਆਪਣੇ ਹਮਵਤਨ ਵਲਾਦਮੀਰ ਕੁਜ਼ਨ ਨਾਲੋਂ ੩ ਮਿੰਟ ੪੮ ਸਕਿੰਟ ਪਿਛੋਂ ਟੱਪੀ, ਜਿਹੜਾ ਪਹਿਲੇ ਨੰਬਰ ਤੇ ਆਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਵਿਖ ਵਿਚ ਇਕ ਝਾਤ

ਸਾਂਝੇ ਖੇਤ ਦੇ ਜੁਆਨ ਤੇ ਬਿਰਧ ਸਾਰੇ ਲੋਕਾਂ ਦਾ ਵਿਸ਼ਵਾਸ ਹੈ ਕਿ ਹੋਰ ਵੀ ਖ਼ੁਸ਼ਹਾਲ, ਸਭਿਜ ਤੇ ਖ਼ੁਸ਼ ਜ਼ਿੰਦਗੀ ਦੀ ਕੁੰਜੀ ਉਹਨਾਂ ਦੇ ਹੱਥਾਂ ਵਿਚ ਹੈ।

ਖੇਤ ਦਾ ਪਰਧਾਨ, ਸੋਸ਼ਲਿਸਟ ਕਿਰਤ ਦਾ ਵੀਰ, ਈਵਾਨ ਯੇਮੇਲਯਾਨੋਵ ਇਕ ਸਾਵੇਂ ਦਿਮਾਗ਼ ਵਾਲਾ ਤੇ ਬਾ-ਅਮਲ ਆਦਮੀ ਹੈ, ਪਰ ਉਹ ਉਸਾਰੂ ਚਿਣਗ ਤੇ ਦਲੇਰ ਕਾਢ ਲਈ ਉਤਸ਼ਾਹ ਤੋਂ ਖ਼ਾਲੀ ਨਹੀਂ, ਜਿਨ੍ਹਾਂ ਦੀ ਸੋਵੀਅਤ ਯੂਨੀਅਨ ਵਿਚ ਚੋਖੀ ਕਦਰ ਕੀਤੀ ਜਾਂਦੀ ਹੈ। ਇਸ ਲਈ ਮੈਂ ਸੋਚਿਆ ਕਿ ਸਾਂਝੇ ਖੇਤ ਦੀਆਂ ਫ਼ੌਰੀ ਸੰਭਾਵਨਾਵਾਂ ਬਾਰੇ ਉਹਦੀ ਰਾਇ ਜ਼ਰੂਰੀ ਹੈ।

"ਸੰਭਾਵਨਾਵਾਂ ? ਸਾਡੇ ਦੇਸ ਦੀਆਂ ਸੰਭਾਵਨਾਵਾਂ ਸ਼ਾਨਦਾਰ ਨੇ ਤੇ ਏਸੇ ਤਰ੍ਹਾਂ ਸਾਂਝੇ ਖੇਤ ਦੀਆਂ ਵੀ। ਸਾਰਾ ਕੁਝ ਜੋ ਤੁਸੀਂ ਏਥੇ ਵੇਖਿਆ ਏ, ਅਸੀਂ ਇਹਨੂੰ ਪਹਿਲੀਆਂ ਕਾਮਯਾਬੀਆਂ ਸਮਝਦੇ ਹਾਂ। ਅਸਾਂ ਮੁਖ ਕੰਮ, ਇਕ ਤਕੜੇ ਸਾਂਝੇ ਖੇਤ ਦੀ ਉਸਾਰੀ ਸਿਰੇ ਚੜ੍ਹਾ ਲਈ ਏ ਪਰ ਇਹ ਤੇ ਸਿਰਫ਼ ਮੁਢ ਏ। ਅਸੀਂ ਸਾਂਝੇ ਖੇਤ ਨਜ਼ਾਮ ਦੇ ਖਾਸੇ ਵਿਚਲੀਆਂ ਅਮੀਰ ਸੰਭਾਵਨਾਵਾਂ ਨੂੰ ਵਰਤਣ ਲਈ ਚੋਖਾ ਕੁਝ ਕਰਨਾ ਏ।

"ਆਪਣੀਆਂ ਕਾਮਯਾਬੀਆਂ ਤੇ ਸੰਤੋਖ ਕਰਨਾ ?. . . ਸੋਵੀਅਤ ਯੂਨੀਅਨ ਵਿਚ ਇਹ ਸਭ ਤੋਂ ਨਾਕਾਰਾ ਵਿਚਾਰ ਸਮਝਿਆ ਜਾਂਦਾ ਏ। ਲੋਕ ਜੋ ਚਾਹੁੰਦੇ ਹਨ, ਉਹ ਲਗਾਤਾਰ ਤਰੱਕੀ ਏ।

"ਸਾਡੇ ਸਾਂਝੇ ਕਿਸਾਨਾਂ ਨੇ ਖੇਤੀ ਬਾੜੀ ਦੀ ਤਰੱਕੀ ਨੂੰ ਹੋਰ ਅਗ ਲਜਾਣ ਲਈ ਕਮਿਊਨਿਸਟ ਪਾਰਟੀ ਤੇ ਸੋਵੀਅਤ ਹਕੂਮਤ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਵੀਆਂ ਕਾਰਵਾਈਆਂ ਦਾ ਡੂੰਘੇ ਉਤਸ਼ਾਹ ਤੇ ਆਮ ਹਮਾਇਤ ਨਾਲ ਸੁਆਗਤ ਕੀਤਾ। ਇਹ ਕਹਿਣਾ ਹੀ ਕਾਫ਼ੀ ਨਹੀਂ ਕਿ ਇਹ ਨਵੀਆਂ ਜਿੱਤਾਂ ਲਈ ਹੁਲਾਰਾ ਹਨ। ਇਹ ਠੋਸ ਤੇ ਸਭ ਤੋਂ ਫੌਰੀ ਅਮਲ ਦੇ ਰਾਹ ਵਲ ਇਸ਼ਾਰਾ ਹਨ।

"ਜਿਥੋਂ ਤਕ ਆਉਂਦੇ ਦ ਤਿੰਨਾਂ ਵਰ੍ਹਿਆਂ ਲਈ ਸਾਡੀ ਪਲੈਨ ਦਾ ਸੁਆਲ ਏ, ਅਸੀਂ ਫਸਲਾਂ ਦੀ ਔਸਤ ਉਪਜ ਏਨੀ ਵਧਾ ਲੈਣ ਦੀ ਆਸ ਰਖਦੇ ਹਾਂ ਕਿ ਅਸੀਂ ਇਕ ਹੈਕਟੇਅਰ ਪਿਛੇ ੩੦ ਸੈਂਟਨਰ ਦਾਣੇ, ੮ ਤੋਂ ੧੦ ਸੈਂਟਨਰ ਸਣ ਦਾ ਰੇਸ਼ਾ ਤੇ ੪੦੦ ਸੈਂਟਨਰ ਆਲੂ ਉਗਾ ਸਕੀਏ ਤੇ ਇਕ ਗਾਂ ਪਿਛੋਂ ਘਟੋ ਘਟ ੩,੦੦੦ ਲਿਟਰ ਦੁਧ ਚੋ ਸਕੀਏ।"

ਈਵਾਨ ਯੇਮੇਲਾਯਾਨੋਵ ਨੇ ਇਕ ਅੰਦਰਲੇ ਭਰੋਸੇ ਨਾਲ, ਜਿਦ੍ਹੇ ਪਿਛੇ ਮੈਂ ਚੋਖੀ ਸੋਚ ਵਿਚਾਰ ਤੇ ਸਾਂਝੇ ਖੇਤ ਦੇ ਆਰਥਕ ਵਸੀਲਿਆਂ ਦਾ ਧਿਆਨ ਨਾਲ ਲਾਇਆ ਅੰਦਾਜ਼ਾ ਮਹਿਸੂਸ ਕਰ ਸਕਦਾ ਸਾਂ, ਕਿਹਾ : "ਹਾਂ, ਅਜੇ ਸਾਡੇ ਸਾਹਮਣੇ ਚੋਖਾ ਔਖਾ ਤੇ ਦਿਲਚਸਪ ਕੰਮ ਕਰਨ ਨੂੰ ਪਿਆ ਏ, ਤੇ ਅਸੀਂ ਇਹ ਕਰ ਲਵਾਂਗੇ।"

ਉਹਨੇ ਆਪਣੇ ਦਫ਼ਤਰ ਤੇ ਸ਼ੈਲਫ਼ ਵਿਚੋਂ (ਡਬਲਿਊ. ਆਰ. ਵਿਲੀਅਮਜ਼ ਰਚਿਤ) ਇਕ ਕਿਤਾਬ ਚੁਕੀ ਤੇ ਉਸ ਕਾਂਡ ਵਿਚੋਂ ਇਕ ਹਿੱਸਾ ਪੜ੍ਹਿਆ, ਜਿਦ੍ਹੇ ਵਿਚ ਕਰਤਾ ਸਾਬਤ ਕਰਦਾ ਹੈ ਕਿ ਧਰਤੀ ਇਕ ਹੈਕਟੇਅਰ ਪਿਛੇ ੧੦੦ ਸੈਂਟਨਰ ਦਾਣੇ ਉਗਾ ਸਕਦੀ ਹੈ।

"ਅਸੀਂ ਏਸ ਚੋਟੀ ਨੂੰ ਸਰ ਕਰਨਾ ਚਾਹੁੰਦੇ ਹਾਂ!" ਉਹਨੇ ਕਿਹਾ। "ਇਸ ਵੇਲੇ ਅਸੀਂ ੩੦ ਸੈਂਟਨਰ ਫ਼ਸਲ ਪਿਛੇ ਲਗੇ ਹੋਏ ਹਾਂ। ਅਜ ਇਹ ਬਿਲਕੁਲ ਹਕੀਕੀ ਏ। ਅਸੀਂ ਏਡੀਆਂ ਫਸਲਾਂ ਆਪਣੇ ਕੁਝ ਖੇਤਾਂ ਵਿਚ ਉਗਾ ਚੁਕੇ ਹਾਂ।

"ਸੋਵੀਅਤ ਕਣਕ-ਕਾਊਚ ਘਾਹ ਮੇਲਵੀਂ ਕਿਸਮ ਨੰ: ੫੯੯ ਹੁਣੇ ਹੀ ਵਿਸ਼ਾਲ ਰਕਬੇ ਵਿਚ ਹੈਕਟੇਅਰ ਪ੍ਰਤੀ ੫੦-੭੦ ਸੈਂਟਨਰ ਉਪਜ ਦੇ ਰਹੀ ਹੈ। ਸਾਨੂੰ ਇਸ ਕਿਸਮ ਦਾ ੨੫ ਸੈਂਟਨਰ ਬੀਜ ਮਿਲਿਆ ਹੈ ਤੇ ਅਸੀਂ ਅਗਲੇ ਵਰ੍ਹੇ ਇਹਨੂੰ ਬੀਜਾਂਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮੁੱਖ ਚੀਜ਼, ਜਿਵੇਂ ਸਾਨੂੰ ਦਿਸਦਾ ਏ, ਬੂਟਿਆਂ ਦੀ ਖ਼ੁਰਾਕ ਨੂੰ ਉੱਨਤ ਕਰਨਾ ਹੈ। ਅਸੀਂ ਆਉਂਦੇ ਕੁਝ ਵਰ੍ਹਿਆਂ ਵਿਚ ਚੋਖਾ ਦਲਦਲੀ ਕੋਲਾ ਤੇ ਖਾਦ ਵਰਤਾਂਗੇ ਤੇ ਤੇਜ਼ਾਬੀ ਭੋਏਂ ਨੂੰ ਖਾਰ ਬਣਾਵਾਂਗੇ। ਸਾਨੂੰ ਭਰੋਸਾ ਹੈ ਕਿ ਸਾਡੇ ਸਾਇੰਸਦਾਨ ਵੀ ਨਵੇਂ ਸੁਝਾਓ ਦੇਣਗੇ। ਸੋਵੀਅਤ ਨਸਲ-ਪਾਲਕਾਂ ਦੇ ਰੇਡਿਆਈ ਸਰਗਰਮੀ ਵਾਲੇ ਨਿਖੇੜਵੇਂ ਪ੍ਰਮਾਣੂਆਂ ਨਾਲ ਕੀਤੇ ਜਾ ਰਹੇ ਤਜਰਬਿਆਂ ਤੋਂ ਚੰਗੇ ਲਾਭਵੰਦ ਨਤੀਜੇ ਨਿਕਲਣਗੇ ਤੇ ਸਾਨੂੰ ਅਮਲੀ ਕਾਮਿਆਂ ਨੂੰ ਦਿਲਚਸਪ ਸੁਝਾਓ ਮਿਲਣਗੇ। ਅਸੀਂ ਅਜ ਵੀ ਖ਼ੁਰਦ ਜੰਤੂ-ਖਾਦ ਦੇ ਮਸਲੇ ਵਿਚ ਦਿਲਚਸਪੀ ਰਖਦੇ ਹਾਂ।"

ਫੌਰੀ ਭਵਿਖ ਲਈ ਸਕੀਮਾਂ ਬਣਾਨ ਵੇਲੇ – ਤੇ ਇਹ ਸਕੀਮਾਂ ਖੇਤੀ ਦੀਆਂ ਸਾਰੀਆਂ ਸ਼ਾਖਾਂ ਦੀ ਉਨਤੀ ਤੇ ਖਾਸ ਤੌਰ ਤੇ ਪਸ਼ੂ-ਪਾਲਣਾ ਤੇ ਸਬਜ਼ੀ-ਉਗਾਈ ਦੀ ਉੱਨਤੀ ਦਾ ਧਿਆਨ ਰਖਦੀਆਂ ਹਨ – ਸਾਂਝੇ ਕਿਸਾਨ ਸਿਰਫ ਆਪਣੀ ਸ਼ਕਤੀਆਂ ਤੇ ਨਹੀਂ, ਸਗੋਂ ਸਰਕਾਰ ਵਲੋਂ ਮਿਲਣ ਵਾਲੀ ਟੈਕਨੀਕਲ ਸਹਾਇਤਾ ਤੇ ਵੀ ਨਿਰਭਰ ਕਰਦੇ ਹਨ, ਜਿਹੜੀ ਲਗਾਤਾਰ ਵਧਾਈ ਜਾ ਰਹੀ ਹੈ।

ਖੇਤ-ਵਾਹੀ ਦਾ ਮਿਹਨਤ-ਖਾਣਾ ਕੰਮ ਬਹੁਤਾ ਮਸ਼ੀਨਾਂ ਰਾਹੀਂ ਕੀਤਾ ਜਾਂਦਾ ਹੈ। ਗੋਰੋਦਤਸ ਮਸ਼ੀਨ ਤੇ ਟਰੈਕਟਰ ਸਟੇਸ਼ਨ ਵਾਹੀ ਤੇ ਬੀਜਾਈ, ਅਨਾਜ ਦੀ ਵਾਢੀ ਤੇ ਸਣ ਦੀ ਪੁਟਾਈ ਕਰਦਾ ਹੈ। ਸਣ ਪੁਟਾਈ ਨੂੰ ਮਸ਼ੀਨਾਂ ਰਾਹੀਂ ਕਰਨ ਦਾ ਕੰਮ ਬਹੁਤ ਅਗੇ ਲੰਘ ਗਿਆ ਹੈ ਤੇ ਪਿਛਲੇ ਪੰਜ ਵਰ੍ਹਿਆਂ ਵਿਚ ਖੇਤ ਦੀ ਪੈਦਾਵਾਰ ਵਿਚ ਬਿਜਲੀ ਦੀ ਵਰਤੋਂ ੪ ਗੁਣਾਂ ਹੋ ਗਈ ਹੈ।

ਜਿਵੇਂ ਜਿਵੇਂ ਵਕਤ ਲੰਘ ਰਿਹਾ ਹੈ, ਤਿਵੇਂ ਤਿਵੇਂ ਸਾਂਝੇ ਕਿਸਾਨ ਨੂੰ ਸਨਅਤ ਤੇ ਸਰਕਾਰ ਵਲੋਂ ਮਿਲਣ ਵਾਲੀ ਸਹਾਇਤਾ ਵਧਦੀ ਜਾਏਗੀ।

ਆਉਂਦੇ ਦੋ ਤਿੰਨਾਂ ਵਰ੍ਹਿਆਂ ਵਿਚ ਸਾਂਝਾ ਕਿਸਾਨ ਮਸ਼ੀਨ ਤੇ ਟਰੈਕਟਰ ਸਟੇਸ਼ਨ ਦੀ ਸਹਾਇਤਾ ਸਦਕਾ ਖੇਤ-ਵਾਹੀ ਤੇ ਪਸ਼ੂ-ਪਾਲਣਾ ਦੇ ਸਾਰੇ ਮਿਹਨਤ-ਖਾਣੇ ਧੰਦਿਆਂ ਨੂੰ ਮਸ਼ੀਨਾਂ ਰਾਹੀਂ ਕਰ ਲੈਣ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੰਮ ਨੂੰ ਪੂਰਾ ਕਰ ਲਵੇਗਾ । ਸਣ ਦ ਧੰਦੇ ਮਸ਼ੀਨਾਂ ਰਾਹੀਂ ਹੋਇਆ ਕਰਨਗੇ । ਗੋਰੋਦਤਸ ਵਿਚ ਨਵੀਨ ਮਸ਼ੀਨਾਂ ਵਾਲੀ ਇਕ ਕਪੜੇ ਦੀ ਮਿੱਲ ਲਾਈ ਜਾ ਰਹੀ ਹੈ। ਉਹ ਵਕਤ ਦੂਰ ਨਹੀਂ, ਜਦੋਂ ਸਣ-ਰੇਸ਼ੇ ਦੇ ਮੁਢਲੇ ਧੰਦੇ, ਸਾਂਝੇ ਖੇਤ ਦੇ ਸਭ ਤੋਂ ਔਖੇ ਕੰਮ, ਮਿੱਲ ਵਿਚ "ਰਤਰ" ਮਸ਼ੀਨਾਂ ਕਰਿਆ ਕਰਨਗੀਆਂ । ਇਸ ਤਰ੍ਹਾਂ ਸਾਂਝੇ ਕਿਸਾਨਾਂ ਨੂੰ ਤਫ਼ਰੀਹ ਤੇ ਵਿਦਿਆ ਲਈ ਹੋਰ ਵਿਹਲ ਮਿਲੇਗੀ ।

ਸੰਨ ੧੯੫੩ ਦੇ ਦੂਜੇ ਅਧ ਤੋਂ ਸਰਕਾਰ ਸੋਵੀਅਤ ਪਿੰਡ ਵਿਚ ਪਸ਼ੂ-ਪਾਲਣਾ ਦੀਆਂ ਚੀਜ਼ਾਂ, ਆਲੂ ਤੇ ਸਬਜ਼ੀਆਂ ਨਵੀਆਂ, ਵਧੇਰੀਆਂ ਕੀਮਤਾਂ ਤੇ ਖਰੀਦ ਰਹੀ ਹੈ । ਸੋਵੀਅਤ ਹਕੂਮਤ ਨੇ ਸਾਂਝੇ ਕਿਸਾਨਾਂ ਨੂੰ ਖੇਤੀ ਦੀ ਪੈਦਾਵਾਰ ਵਧਾਣ ਵਾਸਤੇ ਪ੍ਰੇਰਨਾ ਦੇਣ ਲਈ ਹੋਰ ਕਾਰਵਾਈਆਂ ਵੀ ਕੀਤੀਆਂ ਹਨ । ਨੀਯਤ ਕੀਮਤਾਂ ਤੇ ਲਾਜ਼ਮੀ ਅਦਾਇਗੀਆਂ ਦੇ ਕੋਟੇ ਘਟਾ ਦਿਤੇ ਗਏ ਹਨ ਤੇ ਸਾਂਝੇ ਕਿਸਾਨ ਦੇ ਪਲਾਟ ਤੇ ਨਿਜੀ ਉਪਜ ਉਤੇ ਲਗ਼ਣ ਵਾਲੇ ਟੈਕਸਾਂ ਦੀ ਸ਼ਰਹ ਹੇਠ ਲਿਆਂਦੀ ਗਈ ਹੈ । ਇਹ ਸਭ ਕਾਸੇ ਦਾ ਭਾਵ ਸਾਂਝੇ ਕਿਸਾਨ ਲਈ ਉਚੇਰਾ ਜੀਵਨ ਮਿਆਰ ਹੈ । ਆਸ ਕੀਤੀ ਜਾਂਦੀ ਹੈ ਕਿ ਹਕੂਮਤ ਦੇ ਇਸ ਕਦਮ ਦੇ ਨਤੀਜੇ ਵਜੋਂ ਸਾਂਝੇ ਖੇਤਾਂ ਤੇ ਉਹਨਾਂ ਦੇ ਮੈਂਬਰ ਕਿਸਾਨਾਂ ਨੂੰ ਸੰਨ ੧੯੫੩ ਵਿਚ ੧੩ ਅਰਬ ਰੂਬਲ ਦੀ ਵਾਧੂ ਆਮਦਨ ਹੋਈ, ਸੰਨ ੧੯੫੪ ਵਿਚ ਇਹ ੨੦ ਅਰਬ ਰੂਬਲ ਹੋਵੇਗੀ ।

ਮੈਂ ਜਾਣਨਾ ਚਾਹੁੰਦਾ ਸਾਂ ਕਿ ਪਸ਼ੂ-ਪਾਲਣਾ ਦੀ ਪੈਦਾਵਾਰ, ਆਲੂਆਂ ਤੇ ਸਬਜ਼ੀਆਂ ਲੈਣ ਤੇ ਖਰੀਦਣ ਲਈ ਸਰਕਾਰ ਦੀਆਂ ਕੀਮਤਾਂ ਵਿਚ ਵਾਧੇ ਨਾਲ ਸਾਂਝੇ ਖੇਤ ਨੂੰ ਅਸਲੀ ਲਾਭ ਕੀ ਹੋਇਆ ਹੈ, ਕੰਮ-ਦਿਹਾੜੀ ਦੇ ਯੂਨਟ ਦਾ ਮੁਲ ਕਿੰਨਾ ਕੁ ਵਧਿਆ ਹੈ ।

"ਸਾਨੂੰ ਇਹ ਸਾਂਝੇ ਖੇਤ ਤੇ ਮੈਂਬਰ ਕਿਸਾਨਾਂ ਦੀ ਆਮਦਨਾਂ ਵਿਚ ਜ਼ਰੂਰ ਮਹਿਸੂਸ ਹੋਇਆ ਸੀ" ਮੇਰੇ ਸੁਆਲਾਂ ਦੇ ਉੱਤਰ ਵਿਚ ਸਾਂਝੇ ਖੇਤ ਦੇ ਪਰਧਾਨ, ਯੇਮੇਲਯਾਨੋਵ ਨੇ ਕਿਹਾ ।

"੧੯੫੩ ਵਿਚ ਸਾਂਝੇ ਖੇਤ ਦੀ ਕੁਲ ਰਕਮ-ਆਮਦਨ ੪੫ ਲਖ ਰੂਬਲਾਂ ਤਾਂ ਥੋੜੀ ਜਹੀ ਘਟ ਸੀ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਇਹ ਠੀਕ ਏ ?

"ਕੰਮ ਦਿਹਾੜੀ ਦਾ ਮੁਲ ੧੯੫੨ ਦੇ ਟਾਕਰੇ ਵਿਚ ੧੫ ਫ਼ੀ ਸਦੀ ਵਧੇਰਾ ਸੀ, ਇਹਦਾ ਭਾਵ ਇਹ ਹੈ ਕਿ ਸਾਂਝੇ ਕਿਸਾਨਾਂ ਦੀਆਂ ਆਮਦਨਾਂ ਵਿਚ ਰਲਵਾਂ ਵਾਧਾ ਹੋਇਆ।"

ਆਉਣ ਵਾਲੀ ਕਲ ਦੇ ਨਕਸ਼ ਹੁਣੇ ਹੀ ਵੇਖੇ ਜਾ ਸਕਦੇ ਹਨ ... ...

ਸਾਂਝਾ ਖੇਤ ਵਡੇ ਪੈਮਾਨੇ ਤੇ ਉਸਾਰੀ ਕਰ ਰਿਹਾ ਹੈ। ਰਾਜ ਸਾਂਝੇ ਖੇਤ ਦੇ ਸਭਿਆਚਾਰ ਘਰ ਦੀਆਂ ਨੀਹਾਂ ਧਰ ਰਹੇ ਹਨ। ਇਹ ਇਕ ਵਡੀ, ਚੰਗੇ ਸਾਜ਼ ਸਾਮਾਨ ਵਾਲੀ ਇਮਾਰਤ ਹੋਵੇਗੀ। ਇਹਦੇ ਵਿਚ ੯੦੦ ਸੀਟਾਂ ਵਾਲਾ ਇਕ ਥੀਏਟਰ, ਇਕ ਲਾਇਬ੍ਰੇਰੀ ਤੇ ਰੀਡਿੰਗ ਹਾਲ, ਤਫ਼ਰੀਹ ਦੀਆਂ ਸਹੂਲਤਾਂ, ਇਕ ਸਿਨਮਾ ਤੇ ਜਿਮ-ਨੇਜ਼ੀਅਮ ਹੋਵੇਗਾ। ਸਾਂਝੇ ਕਿਸਾਨਾਂ ਨੂੰ ਪੜ੍ਹਾਈ, ਤਫ਼ਰੀਹ ਤੇ ਸਭਿਆਚਾਰਕ ਸ਼ੁਗਲ ਲਈ ਸਭ ਤੋਂ ਸੁਖਾਂਵੀਆਂ ਹਾਲਤਾਂ ਮਿਲਣਗੀਆਂ। ਸਾਂਝੇ ਖੇਤ ਦੇ ਫਲਦਾਰ ਬਾਗ ਦਾ ਰਕਬਾ ਵਧਾ ਕੇ ੧੦੦ ਹੈਕਟੇਅਰ ਬਣਾਨ, ਨਾਸ਼ਪਾਤੀਆਂ, ਚੈਰੀਆਂ, ਖੁਰਮਾਨੀਆਂ ਤੇ ਹੋਰ ਫਲਾਂ ਦੀਆਂ ਮੀਚੂਰਨ ਕਿਸਮਾਂ ਲਾਣ ਦੀ ਸਕੀਮ ਬਣਾਈ ਜਾ ਰਹੀ ਹੈ। ਯਾਸਨਾਯਾ ਪੋਲਯਾਨਾ ਬਸਤੀ ਵਿਚ ਇਕ ਵਡਾ ਪਾਰਕ ਬਣਾਇਆ ਜਾਏਗਾ। ਉਸਾਰੀ ਜਾ ਰਹੀ ਇਕ ਸੁਹਣੀ ਇਮਾਰਤ ਵਿਚ "ਨਿਕੇ ਪਿੰਡ ਵਾਸੀਆਂ" ਲਈ ਨਰਸਰੀ ਹੋਵੇਗੀ।

ਸਾਂਝੇ ਖੇਤ ਦੇ ੩੪ ਪਿੰਡਾਂ ਨੂੰ ਹੋਰ ਉੱਨਤ ਕੀਤਾ ਜਾਏਗਾ ਤੇ ਉਹ ਰਹਿਣ ਲਈ ਹੋਰ ਵੀ ਚੰਗੇਰੀਆਂ ਥਾਂਵਾਂ ਬਣ ਜਾਣਗੇ।

ਸਾਂਝੇ ਖੇਤ ਵਿਚ ਬੜੇ ਵਿਆਹ ਤੇ ਸਮਾਗਮ ਹੋਣਗੇ। ਤੇ ਕਿੰਨੇ ਹੀ ਜੁਆਨ ਜੋੜੇ ਸੁਹਣੇ, ਦਿਲ-ਖਿਚਵੇਂ ਘਰਾਂ ਵਿਚ ਆ ਵਸਣ ਦੀਆਂ ਪਾਰਟੀਆਂ ਦੇਣਗੇ।

"ਛਡੋ, ਆਉਂਦੀ ਕਲ ਦੀ ਗਲ ਵਿਚ ਕੀ ਪਿਐ", ਇਵਾਨ ਯੇਮੇਲਯਾਨੋਵ ਨੇ ਮਖੌਲ ਨਾਲ ਕਿਹਾ। "ਇਕ ਦੋ ਸਾਲਾਂ ਪਿਛੋਂ ਏਥੇ ਆਉ, ਤੇ ਤੁਸੀਂ ਇਹ ਸਾਰਾ ਕੁਝ ਆਪਣੀਆਂ ਅਖਾਂ ਨਾਲ ਵੇਖ ਲਵੋਗੇ।"

★

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੇ ਖੇਤ ਦੇ ਸੈਨੀਟੋਰੀਅਮ ਦੀ ਇਕ ਇਮਾਰਤ

CC-0. In Public Domain. Gurukul Kangri Collection, Haridwar